@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 15 March 2024
VISIT: www.qaumipatrika.org
Email: qpatrika@gmail.com

Punjabi National Daily
Qaumi Patrika NO.1

ਨਵੀਂ ਦਿੱਲੀ: ਸ਼ੁੱਕਰਵਾਰ 15 ਮਾਰਚ 2024, 29 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 105, qpatrika@gmail.com ਫੋਨ : 9971359517 www.qaumipatrika.org

## ਸਾਨੂੰ ਅੰਤ ਤੱਕ ਹਨ੍ਹੇਰੇ 'ਚ ਰੱਖਿਆ ਗਿਆ : ਦੁਸ਼ਯੰਤ ਚੌਟਾਲਾ

**ਤੇਜਿੰਦਰ ਕੌਰ ਬੱਬਰ**

ਹਿਸਾਰ 14 ਮਾਰਚ। ਜਨਨਾਇਕ ਜਨਤਾ ਪਾਰਟੀ (ਜੇਜੇਪੀ) ਨੇਤਾ ਅਤੇ ਹਰਿਆਣਾ ਦੇ ਸਾਬਕਾ ਉੱਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਬੁੱਧਵਾਰ ਨੂੰ ਕਿਹਾ ਕਿ ਗਠਜੋੜ ਤੋੜਨ ਨੂੰ ਲੈ ਕੇ ਭਾਜਪਾ ਨੇ ਸਰਕਾਰ 'ਚ ਗਠਜੋੜ ਸਹਿਯੋਗੀ ਜੇਜੇਪੀ ਨੂੰ ਅੰਤ ਤੱਕ ਹਨ੍ਹੇਰੇ 'ਚ ਰੱਖਿਆ। ਚੌਟਾਲਾ ਇੱਥੇ ਨਵਸੰਕਲਪ ਰੈਲੀ 'ਚ ਬੋਲ ਰਹੇ ਸਨ। ਉਨ੍ਹਾਂ ਦੱਸਿਆ ਕਿ ਜੇਜੇਪੀ ਨੇ 2 ਸੀਟਾਂ ਮੰਗੀਆਂ ਸਨ ਪਰ ਭਾਜਪਾ ਸਿਰਫ ਇਕ ਸੀਟ ਅਤੇ ਉਹ ਵੀ ਰੋਹਤਕ ਤੋਂ ਚੋਣ ਲੜਨ ਦਾ ਪ੍ਰਸਤਾਵ ਦੇ ਰਹੀ ਸੀ। ਅੰਤ 'ਚ ਉਨ੍ਹਾਂ ਨੇ ਪਾਰਟੀ



ਦੇ ਰਾਸ਼ਟਰੀ ਪ੍ਰਧਾਨ ਅਜੇ ਚੌਟਾਲਾ ਨਾਲ ਸਲਾਹ ਕਰਨ ਤੋਂ ਬਾਅਦ ਭਾਜਪਾ ਨੂੰ ਕਿਹਾ ਕਿ ਜੇਜੇਪੀ ਰੋਹਤਕ ਤੋਂ ਵੀ ਚੋਣ ਨਹੀਂ ਲੜੇਗੀ, ਬੁਢਾਪਾ ਪੈਨਸ਼ਨ 5 ਹਜਾਰ ਰੁਪਏ ਕਰ ਦੇਣ। ਇਸ 'ਤੇ ਭਾਜਪਾ ਨੇ ਗਠਜੋੜ ਤੋੜ ਦਿੱਤਾ। ਹੁਣ ਗਠਜੋੜ ਟੁੱਟਣ ਤੋਂ ਬਾਅਦ ਲੋਕ ਸਭਾ ਚੋਣਾਂ 'ਚ ਕਿੰਨੀਆਂ ਸੀਟਾਂ 'ਤੇ ਲੜਾਂਗੇ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪਾਰਟੀ 'ਚ ਚਰਚਾ ਤੋਂ ਬਾਅਦ ਫੈਸਲਾ ਲਿਆ ਜਾਵੇਗਾ। ਸ਼੍ਰੀ ਚੌਟਾਲਾ ਨੇ ਕਿਹਾ ਕਿ ਸਾਢੇ ਚਾਰ ਸਾਲ ਭਾਜਪਾ ਨੇ ਜੇਜੇਪੀ ਦੇ ਸਹਾਰੇ ਹੀ ਸਰਕਾਰ ਚਲਾਈ। ਉਨ੍ਹਾਂ ਕਿਹਾ ਕਿ ਗਠਜੋੜ ਟੁੱਟਣ ਨਾਲ ਪਾਰਟੀ ਨੂੰ ਕੋਈ ਫਰਕ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਜੇਜੇਪੀ ਦੀ ਫੌਜ ਨੂੰ ਕੋਈ ਚੋਟਿਲ ਨਹੀਂ ਕਰ ਸਕਦਾ ਹੈ, ਅੱਜ ਤੋਂ ਹੀ ਪਾਰਟੀ ਵਰਕਰ ਚੋਣਾਂ ਦੀਆਂ ਤਿਆਰੀਆਂ 'ਚ ਜੁਟਣਗੇ ਅਤੇ ਪਾਰਟੀ ਦੇ ਵੋਟ ਫੀਸਦੀ ਅਤੇ ਵਿਧਾਇਕਾਂ ਦੀ ਗਿਣਤੀ ਵਧਾਉਣ 'ਤੇ ਕੰਮ ਕਰਨਗੇ ਤਾਂ ਕਿ ਜੇਜੇਪੀ ਦੀ ਆਪਣੇ ਦਮ 'ਤੇ ਸਰਕਾਰ ਬਣੇ। ਰੈਲੀ ਨੂੰ ਜੇਜੇਪੀ ਨੇਤਾ ਅਜੇ ਚੌਟਾਲਾ, ਜਿਨ੍ਹਾਂ ਦਾ ਅੱਜ ਜਨਮਦਿਨ ਵੀ ਸੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਗਠਜੋੜ ਤੋਂ ਬਾਹਰ ਹੋਣ ਤੋਂ ਬਾਅਦ ਪਾਰਟੀ ਵਰਕਰਾਂ ਦਾ ਹੌਂਸਲਾ ਘੱਟ ਨਹੀਂ ਹੋਇਆ ਹੈ ਸਗੋਂ ਹੁਣ ਉਹ ਦੁੱਗਣੀ ਤਾਕਤ ਨਾਲ ਲੜ ਕੇ ਜਿੱਤ ਹਾਸਲ ਕਰਨਗੇ। ਰੈਲੀ ਨੂੰ ਪ੍ਰਦੇਸ਼ ਪ੍ਰਧਾਨ ਨਿਸ਼ਾਨ ਸਿੰਘ ਅਤੇ ਦਿਗਵਿਜੇ ਸਿੰਘ ਚੌਟਾਲਾ ਨੇ ਵੀ ਸੰਬੋਧਨ ਕੀਤਾ।

# ਨਵੇਂ ਚੋਣ ਕਮਿਸ਼ਨਰ, ਪ੍ਰਧਾਨ ਮੰਤਰੀ ਮੋਦੀ ਨਾਲ ਮੀਟਿੰਗ 'ਚ ਇਨ੍ਹਾਂ ਨਾਵਾਂ 'ਤੇ ਲੱਗੀ ਮੋਹਰ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 14 ਮਾਰਚ। ਦੇਸ਼ ਦੇ ਦੋ ਨਵੇਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਨੂੰ ਲੈ ਕੇ ਖਿੱਚੋਤਾਣ ਦਰਮਿਆਨ ਕਾਂਗਰਸ ਦੇ ਸੀਨੀਅਰ ਨੇਤਾ ਅਧੀਰ ਰੰਜਨ ਚੌਧਰੀ ਨੇ ਵੱਡਾ ਦਾਅਵਾ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਪ੍ਰਧਾਨ ਮੰਤਰੀ ਨਿਵਾਸ 'ਚ ਹੋਈ ਇਕ ਮਹੱਤਵਪੂਰਨ ਬੈਠਕ 'ਚ ਦੋ ਨਾਵਾਂ 'ਤੇ ਸਹਿਮਤੀ ਬਣੀ ਹੈ। ਬੈਠਕ ਮਗਰੋਂ ਚੌਧਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਵਿਚ ਜਾਣਕਾਰੀ ਦਿੱਤੀ ਕਿ ਨਵੇਂ ਚੋਣ ਕਮਿਸ਼ਨਰਾਂ ਲਈ ਗਿਆਨੇਸ਼ ਕੁਮਾਰ ਅਤੇ ਸੁਖਬੀਰ ਸਿੰਘ ਸੰਧੂ ਦਾ ਨਾਂ ਤੈਅ ਕੀਤਾ ਗਿਆ ਹੈ। ਅਧੀਰ ਨੇ ਕਿਹਾ ਕਿ ਗਿਆਨੇਸ਼ ਕੁਮਾਰ ਕੇਰਲ ਤੋਂ ਹਨ, ਜਦਕਿ ਸੁਖਬੀਰ ਸੰਧੂ ਦਾ ਸਬੰਧ ਪੰਜਾਬ ਨਾਲ ਹੈ। ਇਨ੍ਹਾਂ ਦੀ ਨਿਯੁਕਤੀ ਦੇ ਆਦੇਸ਼ ਜਲਦ ਹੀ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ। ਚੌਧਰੀ ਨੇ ਚੋਣ ਕਮਿਸ਼ਨਰਾਂ ਦੀ ਚੋਣ ਪ੍ਰਕਿਰਿਆ 'ਤੇ ਸਵਾਲ ਖੜ੍ਹੇ ਕੀਤੇ। ਉਨ੍ਹਾ ਨੇ ਕਿਹਾ ਕਿ ਉਹ ਇਸ ਚੋਣ ਪ੍ਰਕਿਰਿਆ ਦਾ ਸਮਰਥਨ ਨਹੀਂ ਕਰਦੇ। ਉਂਝ ਵੀ ਕਮੇਟੀ ਵਿਚ ਸਰਕਾਰ ਕੋਲ ਬਹੁਮਤ ਹੈ। ਮੈਨੂੰ 212 ਨਾਂ ਦਿੱਤੇ ਸਨ ਪਰ ਨਿਯੁਕਤੀ ਤੋਂ 10 ਮਿੰਟ ਪਹਿਲਾਂ ਉਨ੍ਹਾਂ ਨੇ ਮੈਨੂੰ ਫਿਰ ਤੋਂ ਸਿਰਫ 6 ਨਾਂ ਦਿੱਤੇ। ਸਰਕਾਰ ਨੇ ਅਜਿਹਾ ਕਾਨੂੰਨ ਬਣਾਇਆ ਹੈ ਕਿ ਚੀਫ ਜਸਟਿਸ ਦਖਲ ਅੰਦਾਜੀ ਨਹੀਂ ਕਰ ਸਕਦੇ। ਚੌਧਰੀ ਨੇ ਕਿਹਾ ਕਿ ਮੈਂ ਇਹ ਨਹੀਂ ਕਹਿ ਰਿਹਾ ਹਾਂ ਕਿ ਇਹ ਮਨਮਾਨਾ ਹੈ ਪਰ ਜੋ ਪ੍ਰਕਿਰਿਆ ਅਪਣਾਈ ਜਾ ਰਹੀ ਹੈ, ਉਸ ਵਿਚ



ਕੁਝ ਖਾਮੀਆਂ ਹਨ। ਜਿ਼ਕਰਯੋਗ ਹੈ ਕਿ ਚੋਣ ਕਮਿਸ਼ਨਰ ਅਰੁਣ ਗੋਇਲ ਦੇ ਅਚਾਨਕ ਅਸਤੀਫੇ ਮਗਰੋਂ ਕਮਿਸ਼ਨ ਵਿਚ ਸਿਰਫ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਰਹਿ ਗਏ ਸਨ। ਬਾਕੀ ਦੋ ਕਮਿਸ਼ਨਰਾਂ ਦੇ ਅਹੁਦੇ ਖਾਲੀ ਹੋਣ ਅਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੋਹਾਂ ਅਹੁਦਿਆਂ 'ਤੇ ਜਲਦੀ ਨਿਯੁਕਤੀ ਕਰਨਾ ਜਰੂਰੀ ਹੋ ਗਿਆ ਹੈ। ਦੱਸੀਏ ਕਿ ਗਿਆਨੇਸ ਕੁਮਾਰ ਕੁਝ ਦਿਨ ਪਹਿਲਾਂ ਸਹਿਕਾਰਤਾ ਮੰਤਰਾਲੇ ਦੇ ਸਕੱਤਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ। ਗਿਆਨੇਸ ਨੇ ਮੰਤਰਾਲੇ ਦੇ ਗਠਨ ਤੋਂ ਲੈ ਕੇ ਹੁਣ ਤੱਕ ਇੱਥੇ ਕੰਮ ਕੀਤਾ ਹੈ। ਸਹਿਕਾਰਤਾ ਮੰਤਰਾਲਾ ਗ੍ਰਹਿ ਮੰਤਰੀ ਅਮਿਤ ਸਾਹ ਦੇ ਅਧੀਨ ਆਉਂਦਾ ਹੈ। ਇਸ ਤੋਂ ਪਹਿਲਾਂ ਗਿਆਨੇਸ ਕੁਮਾਰ ਗ੍ਰਹਿ ਮੰਤਰਾਲੇ ਵਿੱਚ ਕਸਮੀਰ ਡਿਵੀਜਨ ਦੇ ਸੰਯੁਕਤ ਸਕੱਤਰ ਸਨ, ਉਨ੍ਹਾਂ ਦੇ ਸਮੇਂ ਦੌਰਾਨ ਹੀ ਧਾਰਾ 370 ਹਟਾ ਦਿੱਤੀ ਗਈ ਸੀ। ਗਿਆਨੇਸ ਨੂੰ ਤਰੱਕੀ ਦੇ ਕੇ ਗ੍ਰਹਿ ਮੰਤਰਾਲੇ ਵਿੱਚ ਵਧੀਕ ਸਕੱਤਰ ਵੀ ਬਣਾਇਆ ਗਿਆ। ਉਹ ਕੇਰਲ ਕੇਡਰ ਦੇ 1988 ਬੈਚ ਦੇ ਅਧਿਕਾਰੀ ਹਨ। ਕੇਂਦਰੀ ਕੈਬਨਿਟ ਕਮੇਟੀ ਵੱਲੋਂ ਜਾਰੀ ਕੀਤੇ ਗਏ ਨਿਯੁਕਤੀ ਪੱਤਰ ਅਨੁਸਾਰ ਉੱਤਰਾਖੰਡ ਕੇਡਰ ਦੇ ਸੇਵਾਮੁਕਤ ਅਧਿਕਾਰੀ ਅਤੇ 1988 ਬੈਚ ਦੇ ਡਾ: ਸੁਖਬੀਰ ਸੰਧੂ ਨੂੰ ਇਕ ਸਾਲ ਦੇ ਠੇਕੇ 'ਤੇ ਨਿਯੁਕਤ ਕੀਤਾ ਗਿਆ ਹੈ। ਜਿ਼ਕਰਯੋਗ ਹੈ ਕਿ ਸੰਧੂ ਪਿਛਲੇ ਸਾਲ 30 ਸਤੰਬਰ ਨੂੰ ਉੱਤਰਾਖੰਡ ਸਰਕਾਰ ਦੇ ਮੁੱਖ ਸਕੱਤਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਨ। ਸੁਖਬੀਰ ਸੰਧੂ ਦਾ ਸਬੰਧ ਪੰਜਾਬ ਨਾਲ ਹੈ।

## ਮਮਤਾ ਬੈਨਰਜੀ ਦੇ ਭਰਾ ਬੋਲੇ-ਤ੍ਰਿਣਮੂਲ ਉਮੀਦਵਾਰ ਖਿਲਾਫ ਲੜਾਂਗਾ ਚੋਣ

ਕੋਲਕਾਤਾ 14 ਮਾਰਚ। ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਭਰਾ ਬਾਬੁਨ ਨੇ ਬੁੱਧਵਾਰ ਨੂੰ ਹਾਵੜਾ ਸੀਟ ਤੋਂ ਤ੍ਰਿਣਮੂਲ ਉਮੀਦਵਾਰ ਖਿਲਾਫ ਚੋਣ ਲੜਨ ਦਾ ਐਲਾਨ ਕੀਤਾ। ਬਾਬੁਨ ਤ੍ਰਿਣਮੂਲ ਕਾਂਗਰਸ ਦੇ



ਉਮੀਦਵਾਰ ਪ੍ਰਸੂਨ ਬੈਨਰਜੀ ਦੀ ਸਿਲੈਕਸ਼ਨ ਤੋਂ ਖੁਸ ਨਹੀਂ ਸਨ। ਉਨ੍ਹਾਂ ਕਿਹਾ ਕਿ ਪ੍ਰਸੂਨ ਹਾਵੜਾ ਲਈ ਸਹੀ ਬਦਲ ਨਹੀਂ ਹੈ। ਕਈ ਕਾਬਲ ਉਮੀਦਵਾਰ ਸਨ, ਜਿਨ੍ਹਾਂ ਨੂੰ ਅਣਗੌਲਿਆ ਕਰ ਦਿੱਤਾ ਗਿਆ। ਪਾਰਟੀ ਨੇ ਠੀਕ ਨਹੀਂ ਕੀਤਾ। ਭਰਾ ਦੇ ਐਲਾਨ ਦੇ ਕਰੀਬ ਇਕ ਘੰਟੇ ਬਾਅਦ ਮਮਤਾ ਬੈਨਰਜੀ ਨੇ ਕਿਹਾ ਕਿ ਮੈਂ ਅਤੇ ਮੇਰਾ ਪਰਿਵਾਰ ਬਾਬੁਨ ਨਾਲ ਆਪਣੇ ਸਾਰੇ ਰਿਸਤੇ ਖਤਮ ਕਰਦਾ ਹੈ।

## ਪ੍ਰਧਾਨ ਮੰਤਰੀ ਮੋਦੀ ਨੂੰ ਲੈ ਕੇ 'ਧਮਕੀ ਭਰੀ' ਟਿੱਪਣੀ ਕਰਨ 'ਤੇ ਤਾਮਿਲਨਾਡੂ ਮੰਤਰੀ ਖਿਲਾਫ ਐੱਫ.ਆਈ.ਆਰ. ਦਰਜ

ਨਵੀਂ ਦਿੱਲੀ 14 ਮਾਰਚ। ਦਿੱਲੀ ਪੁਲਸ ਨੇ ਇਕ ਜਨ ਸਭਾ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿ਼ਲਾਫ ਧਮਕੀ ਭਰੀ ਟਿੱਪਣੀ ਕਰਨ ਦੇ ਦੋਸ਼ 'ਚ ਤਾਮਿਲਨਾਡੂ ਦੇ ਮੰਤਰੀ ਟੀ.ਐੱਮ. ਅੰਬਰਸਨ ਖਿ਼ਲਾਫ ਐੱਫ.ਆਈ.ਆਰ. ਦਰਜ ਕੀਤੀ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਵਕੀਲ ਸੱਤਿਆ ਰੰਜਨ ਸਵੈਨ ਦੀ ਸਿ਼ਕਾਇਤ ਦੇ ਆਧਾਰ 'ਤੇ ਬੁੱਧਵਾਰ ਨੂੰ ਇੱਥੇ ਸੰਸਦ ਮਾਰਗ ਥਾਣੇ 'ਚ ਐੱਫ.ਆਈ.ਆਰ. ਦਰਜ ਕੀਤੀ ਗਈ। ਐੱਫ.ਆਈ.ਆਰ. ਅਨੁਸਾਰ, ਤਾਮਿਲਨਾਡੂ ਸਰਕਾਰ 'ਚ ਪੇਂਡੂ ਉਦਯੋਗ, ਕਾਟੇਜ ਉਦਯੋਗ ਅਤੇ ਲਘੂ ਉਦਯੋਗ ਮੰਤਰੀ ਅਨਬਰਸਨ ਨੇ ਪ੍ਰਧਾਨ ਮੰਤਰੀ ਮੋਦੀ ਦੇ ਟੁਕੜੇ-ਟੁਕੜੇ ਕਰਨ ਦੀ ਖੁੱਲ੍ਹੇਆਮ ਧਮਕੀ ਦਿੱਤੀ ਹੈ। ਉਨ੍ਹਾਂ ਨੇ ਦੱਖਣੀ ਰਾਜ ਵਿਚ ਇਕ ਜਨਸਭਾ 'ਚ ਕਥਿਤ ਟਿੱਪਣੀ ਕੀਤੀ। ਐੱਫਆਈਆਰ 'ਚ ਕਿਹਾ ਗਿਆ ਹੈ,"ਅਨਬਰਸਨ ਦਾ ਧਮਕੀ ਭਰਿਆ ਬਿਆਨ ਨਾ ਸਿਰਫ ਚਿੰਤਾਜਨਕ ਹੈ ਅਤੇ ਸਾਡੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਲਈ ਇਕ ਮਹੱਤਵਪੂਰਨ ਖਤਰਾ ਹੈ, ਸਗੋਂ ਇਹ ਸਰਮਨਾਕ ਹੈ ਅਤੇ ਜਾਣਬੁੱਝ ਕੇ ਸਾਡੇ ਦੇਸ ਦੀ ਸਾਂਤੀ ਅਤੇ ਸਥਿਰਤਾ ਨੂੰ ਪ੍ਰਭਾਵਿਤ ਕਰਨ ਅਤੇ ਹਿੰਸਾ ਨੂੰ ਭੜਕਾਉਣ ਦਾ ਇਰਾਦਾ ਹੈ।

## ਅੱਜ ਦਿੱਲੀ ਦੇ ਰਾਮਲੀਲਾ ਮੈਦਾਨ 'ਚ ਕਿਸਾਨਾਂ ਦੀ 'ਮਹਾਪੰਚਾਇਤ'

ਨਵੀਂ ਦਿੱਲੀ 14 ਮਾਰਚ। ਸੰਯੁਕਤ ਕਿਸਾਨ ਮੋਰਚਾ ਅੱਜ ਯਾਨੀ ਕਿ ਵੀਰਵਾਰ ਨੂੰ ਨਵੀਂ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਕਿਸਾਨ-ਮਜਦੂਰ ਮਹਾਪੰਚਾਇਤ ਦਾ ਆਯੋਜਨ ਕਰ ਰਿਹਾ ਹੈ ਤਾਂ ਜੋ ਘੱਟੋ-ਘੱਟ ਸਮਰਥਨ ਮੁੱਲ () ਕਾਨੂੰਨ ਸਮੇਤ ਕਿਸਾਨਾਂ ਦੀਆਂ ਕਈ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ। ਇਸ ਕਾਰਨ ਅੱਜ ਦਿੱਲੀ ਦੀਆਂ ਕਈ ਸੜਕਾਂ 'ਤੇ ਜਾਮ ਦੀ ਸਥਿਤੀ ਬਣ ਸਕਦੀ ਹੈ। ਪੁਲਸ ਨੇ ਇਸ ਸਬੰਧੀ ਟ੍ਰੈਫਿਕ ਐਡਵਾਈਜਰੀ ਜਾਰੀ ਕੀਤੀ ਹੈ। ਇਹ ਮਹਾਪੰਚਾਇਤ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਚਲੇਗੀ, ਜਿਸ ਵਿਚ ਆਮ ਕਿਸਾਨ ਵੀ ਵੱਧ-ਚੜ੍ਹ ਕੇ ਹਿੱਸਾ ਲੈਣਗੇ। ਦੱਸਿਆ ਜਾ ਰਿਹਾ ਹੈ ਕਿ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਸਮੇਤ 18 ਸੂਬਿਆਂ ਤੋਂ ਕਿਸਾਨ ਦਿੱਲੀ ਪਹੁੰਚ ਰਹੇ ਹਨ। ਦਰਅਸਲ ਮਹਾਪੰਚਾਇਤ ਵਿਚ ਦੇਸ਼ ਭਰ ਤੋਂ ਵੱਡੀ ਗਿਣਤੀ ਵਿਚ ਲੋਕਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਇਸ ਲਈ ਕਿਸਾਨਾਂ ਦਾ ਪਹੁੰਚਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ। ਓਧਰ ਵਾਹਨਾਂ ਦੀ ਸੁਚਾਰੂ ਆਵਾਜਾਈ ਅਤੇ ਪੈਦਲ ਯਾਤਰੀਆਂ ਦੀ ਸੁਰੱਖਿਆ ਯਕੀਨੀ ਕਰਨ ਲਈ ਦਿੱਲੀ ਟ੍ਰੈਫਿਕ ਪੁਲਸ ਨੇ ਇਕ ਐਡਵਾਈਜਰੀ ਜਾਰੀ ਕੀਤੀ ਹੈ। ਦਿੱਲੀ ਪੁਲਿਸ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਕਿਸਾਨ ਮਜਦੂਰ ਮਹਾਪੰਚਾਇਤ ਦੇ ਮੱਦੇਨਜਰ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਗਏ ਹਨ।




DIP/Shabdarth/Display/0144/23-24

ਦਿੱਲੀ ਮਾੱਡਲ ਵਰਚੂਅਲ ਸਕੂਲ

ਸਿੱਖਿਆ ਦੀਆਂ ਨਵੀਆਂ ਉਚਾਈਆਂ ਦੇ ਵੱਲ

ਦਿੱਲੀ ਬੋਰਡ ਆੱਫ ਸਕੂਲ ਏਜੁਕੇਸ਼ਨ (ਡੀਬੀਐਸਈ) ਤੋਂ ਐਫਿਲਿਏਟਡ ਇਕ ਫੁਲ-ਟਾਈਮ, ਵਰਚੁਅਲ ਰੇਗੁਲਰ ਸਕੂਲ

ਮੁਖ ਵਿਸ਼ੇਸ਼ਤਾਵਾਂ :
- ਵਿਦਿਆਰਥੀਆਂ ਨੂੰ ਭਵਿੱਖ ਦੇ ਲਈ ਤਿਆਰ ਕਰਨ ਦੇ ਲਈ ਤਕਨੀਕੀ ਆਧਾਰਿਤ ਸ਼ਾਨਦਾਰ ਸਿੱਖਿਆ
- ਐਕਸਪਰਟ ਟੀਚਰਸ ਵਲੋਂ ਰੋਜ਼ਾਨਾ ਲਾਈਵ ਕਲਾਸੇਜ ਅਤੇ ਟਿਊਟੋਰਿਯਲ
- ਸਿੱਖਣ ਨੂੰ ਮਜ਼ੇਦਾਰ ਅਤੇ ਫਲੇਕਸੀਬਲ ਬਨਾਉਣ ਦੇ ਲਈ ਈ-ਲਾਈਬ੍ਰੇਰੀ
- CUET, JEE, NEET ਜਿਵੇਂ ਦੀ ਪ੍ਰਤਿਯੋਗੀ ਪਰੀਖਿਆਵਾਂ ਦੀ ਤਿਆਰੀ ਦੇ ਲਈ ਸਪੋਰਟ
- ਨਵੇਂ 'ਤੇ ਆਧੁਨਿਕ ਅਕੇਡਮਿਕ ਅਤੇ ਸਕਿਲ ਕੋਰਸਿਜ਼

ਸਿੱਖਿਅਕ ਸਾਲ 2024-25 ਦੇ ਲਈ ਕਲਾਸ 9 'ਚ ਦਾਖਿਲੇ ਸ਼ੁਰੂ
- ਆਪਣੀ ਹੱਬੀ ਅਤੇ ਹੋਰ ਜ਼ਿੰਮੇਦਾਰੀਆਂ ਨਿਭਾਉਣ ਦੇ ਨਾਲ, ਵਰਚੁਅਲ ਮੋਡ 'ਚ ਵਰਲਡ ਕਲਾਸ ਮਾਧਯਮਿਕ ਸਿੱਖਿਆ ਪਾਉਣ ਦੇ ਇੱਛੁਕ ਵਿਦਿਆਰਥੀਆਂ ਦੇ ਲਈ ਉਪਯੁਕਤ
- ਆਵੇਦਕ ਦੀ ਉਮਰ 13 ਤੋਂ 18 ਸਾਲ ਦੇ ਵਿੱਚ ਹੋਣੀ ਚਾਹੀਦੀ 'ਤੇ ਕਿਸੀ ਵੀ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਤੋਂ ਕਲਾਸ 8ਵੀਂ ਪਾਸ ਹੋਣਾ ਚਾਹੀਦਾ



ਅੰਤਿਮ ਮਿਤੀ- 31st ਮਾਰਚ, 2024

ਵਧੇਰੇ ਜਾਣਕਾਰੀ ਅਤੇ ਆਵੇਦਨ ਕਰਨ ਦੇ ਲਈ www.dmvs.ac.in ਵਿਜ਼ਿਟ ਕਰੋ ਜਾਂ 7277773366 'ਤੇ ਮਿਸਡ ਕੱਲ ਦਿਓ।

ਸਿੱਖਿਆ ਨਿਦੇਸ਼ਾਲਾ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ
ਅੰਵੰਤੀ

# ਕਿਸਾਨ ਜਥੇਬੰਦੀਆਂ ਵਲੋਂ ਪੰਜਾਬ ਭਰ 'ਚ ਰੇਲਾਂ ਰੋਕਣ ਦਾ ਫੈਸਲਾ

ਸੰਗਰੂਰ 14 ਮਾਰਚ। 5 ਕਿਸਾਨ ਜਥੇਬੰਦੀਆਂ ਭਾਕਿਯੂ ਏਕਤਾ (ਉਗਰਾਹਾਂ), ਭਾਕਿਯੂ ਏਕਤਾ ਡਕੌਂਦਾ (ਧਨੇਰ), ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਦਰਸਨਪਾਲ), ਭਾਕਿਯੂ ਮਾਲਵਾ (ਹੀਰਕੇ) ਅਤੇ ਭਾਕਿਯੂ ਦੁਆਬਾ (ਸੰਘਾ) ਵਲੋਂ ਤਾਲਮੇਲਵੇਂ ਸੰਘਰਸ ਵਜੋਂ 14 ਮਾਰਚ ਨੂੰ ਪੰਜਾਬ ਭਰ 'ਚ 12 ਤੋਂ 4 ਵਜੇ ਤੱਕ ਰੇਲਾਂ ਰੋਕਣ ਦਾ ਫੈਸਲਾ ਕੀਤਾ ਗਿਆ ਹੈ। ਅੱਜ ਇਥੇ ਜਾਰੀ ਕੀਤੇ ਗਏ ਸਾਂਝੇ ਬਿਆਨ ਰਾਹੀਂ ਕਿਸਾਨ ਆਗੂਆਂ ਜੋਗਿੰਦਰ ਸਿੰਘ ਉਗਰਾਹਾਂ, ਮਨਜੀਤ ਸਿੰਘ ਧਨੇਰ, ਡਾ. ਦਰਸਨਪਾਲ, ਮਲੂਕ ਸਿੰਘ ਹੀਰਕੇ ਅਤੇ ਹਰਬੰਸ ਸਿੰਘ ਸੰਘਾ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਬਠਿੰਡਾ ਜੰਕਸਨ,ਮਾਨਸਾ, ਬਰਨਾਲਾ, ਸੰਗਰੂਰ, ਹੁਸ਼ਿਆਰਪੁਰ,ਵੱਲਾ ਫਾਟਕ (ਅੰਮ੍ਰਿਤਸਰ), ਧਬਲਾਨ (ਪਟਿਆਲਾ), ਅਜੀਤਵਾਲ (ਮੋਗਾ), ਮੰਡੀ ਅਹਿਮਦਗੜ੍ਹ (ਲੁਧਿਆਣਾ) ਅਤੇ ਜਲਾਲਾਬਾਦ (ਫਾਜ਼ਿਲਕਾ) ਆਦਿ 10 ਥਾਂਵਾਂ 'ਤੇ ਤਾਲਮੇਲਵਾਂ ਰੇਲ-ਜਾਮ ਕੀਤਾ ਜਾਵੇਗਾ। ਇਹ ਅੰਦੋਲਨ ਮੋਦੀ ਭਾਜਪਾ ਸਰਕਾਰ ਦੁਆਰਾ ਕਿਸਾਨਾਂ ਦਾ ਜਨਤਕ ਸੰਘਰਸ ਦਾ ਹੱਕ ਸੰਭੂ ਤੇ ਖਨੌਰੀ ਵਿਖੇ ਲਾਠੀਆਂ, ਗੋਲੀਆਂ ਤੇ ਗੈਸ-ਬੰਬਾਂ ਦੇ ਜੋਰ ਕਿਸਾਨਾਂ ਨੂੰ ਜਾਨੋਂ ਮਾਰ ਕੇ ਖੋਹਣ ਵਿਰੁੱਧ ਸਖਤ ਰੋਸ ਵਜੋਂ ਕੀਤਾ ਜਾ ਰਿਹਾ ਹੈ। ਬਿਆਨ ਅਨੁਸਾਰ ਸਾਰੀਆਂ ਫਸਲਾਂ ਦੀ ਐੱਮ. ਐੱਸ. ਪੀ. ਦੀ ਕਾਨੂੰਨੀ ਗਰੰਟੀ, ਕਿਸਾਨਾਂ ਮਜਦੂਰਾਂ ਦੀ ਮੁਕੰਮਲ ਕਰਜਾ ਮੁਕਤੀ ਤੇ ਬੁਢਾਪਾ ਪੈਨਸਨ, ਸਰਵਜਨਿਕ ਜਨਤਕ ਵੰਡ ਪ੍ਰਣਾਲੀ ਸਮੂਹ ਗਰੀਬਾਂ ਵਾਸਤੇ ਲਾਗੂ ਕਰਨ ਅਤੇ ਲਖੀਮਪੁਰ ਖੀਰੀ ਦੇ ਸਹੀਦਾਂ ਦੇ ਵਾਰਸਾਂ ਨੂੰ ਪੂਰਾ



ਇਨਸਾਫ ਦੇਣ ਵਰਗੀਆਂ ਮੋਦੀ ਸਰਕਾਰ ਵਲੋਂ ਮੰਨ ਕੇ ਮੁੱਕਰੀਆਂ ਸਮੂਹ ਕਿਸਾਨੀ ਮੰਗਾਂ ਇਸ ਰੋਸ ਐਕਸਨ ਦੀਆਂ ਮੁੱਖ ਮੰਗਾਂ ਵਿਚ ਸਾਮਲ ਹਨ। ਇਸ ਤੋਂ ਇਲਾਵਾ ਭਾਰਤ ਨੂੰ ਡਬਲਯੂ. ਟੀ. ਓ. ਤੋਂ ਬਾਹਰ ਲਿਆਉਣ, ਸੁਭਕਰਨ ਸਿੰਘ ਦੇ ਕਤਲ ਅਤੇ ਪ੍ਰੀਤਪਾਲ ਸਿੰਘ ਦੀਆਂ ਲੱਤਾਂ/ਜਬਾੜ੍ਹੇ ਤੋੜਨ ਲਈ ਜ਼ਿੰਮੇਵਾਰ ਕੇਂਦਰ ਤੇ ਹਰਿਆਣਾ ਦੇ ਗ੍ਰਹਿ ਮੰਤਰੀਆਂ ਸਮੇਤ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਵਿਰੁੱਧ ਕਤਲ ਕੇਸ ਦਰਜ ਕਰ ਕੇ ਬਰਖਾਸਤ ਕਰਨ, 2020-21 ਦਾ ਜੇਤੂ ਦਿੱਲੀ ਘੋਲ ਅਤੇ ਮੌਜੂਦਾ ਘੋਲ ਦੇ ਸਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ ਦੇਣ ਅਤੇ ਰਾਜਧਾਨੀ ਦਿੱਲੀ ਵਿਚ ਕਿਸਾਨਾਂ ਦਾ ਜਨਤਕ ਸੰਘਰਸ ਕਰਨ ਦਾ ਜਮਹੂਰੀ ਹੱਕ ਬਹਾਲ ਕਰਨ ਵਰਗੀਆਂ ਭਖਦੀਆਂ ਮੰਗਾਂ ਵੀ ਇਨ੍ਹਾਂ ਮੰਗਾਂ ਵਿਚ ਸਾਮਲ ਹਨ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਮੋਦੀ ਭਾਜਪਾ ਹਕੂਮਤ ਵੱਲੋਂ ਮੜ੍ਹੀਆਂ ਜਾ ਰਹੀਆਂ ਡਬਲਯੂ. ਟੀ. ਓ. ਦੀਆਂ ਸਾਮਰਾਜੀ ਨੀਤੀਆਂ ਕਿਸਾਨਾਂ ਸਮੇਤ ਸਮੂਹ ਕਿਰਤੀਆਂ, ਮੁਲਾਜਮਾਂ, ਠੇਕਾ ਕਾਮਿਆਂ ਅਤੇ ਸਨਅਤੀ ਮਜਦੂਰਾਂ ਦੀ ਲੁੱਟ ਸਿਖਰੀਂ ਚਾੜ੍ਹਨ ਵਾਲੀਆਂ ਸਾਬਤ ਹੋ ਰਹੀਆਂ ਹਨ। ਉਨ੍ਹਾਂ ਵਲੋਂ ਕਿਹਾ ਗਿਆ ਹੈ ਕਿ ਇਨ੍ਹਾਂ ਮੰਗਾਂ ਦੀ ਪੂਰਤੀ ਦਾ ਟੀਚਾ ਹਾਸਲ ਕਰਨ ਲਈ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਜੇਤੂ ਦਿੱਲੀ ਘੋਲ ਤੋਂ ਪਹਿਲਾਂ ਦੇ ਅਰਸੇ ਵਾਂਗ ਸਮੂਹ ਸੰਘਰਸਸੀਲ ਕਿਸਾਨ ਜਥੇਬੰਦੀਆਂ ਦੀ ਘੱਟੋ-ਘੱਟ ਪ੍ਰੋਗਰਾਮ 'ਤੇ ਇਕਜੁਟਤਾ ਵਾਲਾ ਅਤੇ ਵਿਸਾਲ ਲਾਮਬੰਦੀਆਂ ਵਾਲਾ ਮਾਹੌਲ ਸਿਰਜਣ ਲਈ ਜਥੇਬੰਦੀਆਂ ਵਲੋਂ ਲਗਾਤਾਰ ਯਤਨ ਜੁਟਾਏ ਜਾ ਰਹੇ ਹਨ। 14 ਮਾਰਚ ਨੂੰ ਰਾਮਲੀਲਾ ਮੈਦਾਨ ਦਿੱਲੀ ਵਿਖੇ ਸੰਯੁਕਤ ਕਿਸਾਨ ਮੋਰਚੇ ਵਿਚ ਸਾਮਲ ਸਮੂਹ ਜਥੇਬੰਦੀਆਂ ਵਲੋਂ ਕੀਤੀ ਜਾਣ ਵਾਲੀ ਮੁਲਕ ਪੱਧਰੀ ਕਿਸਾਨ-ਮਜਦੂਰ ਮਹਾਪੰਚਾਇਤ ਦੀਆਂ ਜੋਰਦਾਰ ਤਿਆਰੀਆਂ ਵੀ ਪਿੰਡ ਪਿੰਡ ਮੀਟਿੰਗਾਂ ਰੈਲੀਆਂ ਝੰਡਾ ਮਾਰਚਾਂ ਅਤੇ ਨੁੱਕੜ ਨਾਟਕਾਂ ਰਾਹੀਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਵਲੋਂ ਪੰਜਾਬ ਭਰ ਦੇ ਕਿਸਾਨਾਂ ਮਜਦੂਰਾਂ ਅਤੇ ਹੋਰ ਕਿਰਤੀਆਂ ਨੂੰ 10 ਅਤੇ 14 ਮਾਰਚ ਦੇ ਇਨ੍ਹਾਂ ਸੰਘਰਸ ਐਕਸਨਾਂ ਵਿਚ ਵਧ-ਚੜ੍ਹ ਕੇ ਸਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।

## ਬੱਸ ਨਾਲ ਟਕਰਾਈ ਆਕਸੀਜਨ ਸਿਲੰਡਰਾਂ ਵਾਲੀ ਗੱਡੀ, ਬੱਸ ਚਾਲਕ ਸਮੇਤ ਸਵਾਰੀ ਨੂੰ ਲੱਗੀਆਂ ਸੱਟਾਂ

ਬਟਾਲਾ 14 ਮਾਰਚ। ਸਥਾਨਕ ਨੈਸ਼ਨਲ ਹਾਈਵੇ ਵਾਲੇ ਬਾਈਪਾਸ ਚੌਕ ਵਿਚ ਰੋਡਵੇਜ਼ ਦੀ ਬੱਸ ਨਾਲ ਆਕਸੀਜਨ ਸਿਲੰਡਰਾਂ ਵਾਲੀ ਗੱਡੀ ਦੇ ਟਕਰਾਉਣ ਨਾਲ ਬੱਸ ਡਰਾਈਵਰ ਤੇ ਸਵਾਰੀ ਨੂੰ ਸੱਟਾਂ ਲੱਗਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਮੌਕੇ ਤੋਂ ਇਕੱਤਰ ਕੀਤੀ ਜਾਣਕਾਰੀ ਦੇ ਮੁਤਾਬਕ ਇਕ ਆਕਸੀਜਨ ਸਿਲੰਡਰ ਨਾਲ ਭਰੀ ਪਿਕਅੱਪ ਗੱਡੀ ਅੰਮ੍ਰਿਤਸਰ ਤੋਂ ਬਟਾਲਾ ਵੱਲ ਆ ਰਹੀ ਸੀ। ਜਦੋਂ ਇਹ ਨੈਸ਼ਨਲ ਹਾਈਵੇ 'ਤੇ ਸਥਿਤ ਵੀ.ਐੱਮ.ਐੱਸ. ਕਾਲਜ ਵਾਲੇ ਬਾਈਪਾਸ ਚੌਕ 'ਚ ਪਹੁੰਚੀ ਤਾਂ ਪਠਾਨਕੋਟ ਤੋਂ ਅੰਮ੍ਰਿਤਸਰ ਜਾ ਰਹੀ ਪੰਜਾਬ ਰੋਡਵੇਜ਼ ਦੀ ਬੱਸ ਨਾਲ ਜਾ ਟਕਰਾਈ, ਜਿਸ ਦੇ ਸਿੱਟੇ ਵਜੋਂ ਜਿਥੇ ਪਿਕਅਪ ਗੱਡੀ ਨੁਕਸਾਨੀ ਗਈ, ਉਥੇ ਨਾਲ ਹੀ ਬੱਸ ਦਾ ਕਾਫੀ ਨੁਕਸਾਨ ਹੋਇਆ ਤੇ ਇਸੇ ਹਾਦਸੇ ਵਿਚ



ਬੱਸ ਡਰਾਈਵਰ ਰਾਕੇਸ਼ ਕੁਮਾਰ ਪੁੱਤਰ ਪੂਰਨ ਚੰਦ ਵਾਸੀ ਫਾਜ਼ਿਲਕਾ ਸਮੇਤ ਇਕ ਮਹਿਲਾ ਸਵਾਰੀ ਪੂਜਾ ਪੁੱਤਰੀ ਰਮੇਸ਼ ਕੁਮਾਰ ਵਾਸੀ ਪਠਾਨਕੋਟ ਸੱਟਾਂ ਲੱਗਣ ਨਾਲ ਜ਼ਖਮੀ ਹੋ ਗਈ। ਓਧਰ ਇਸ ਹਾਦਸੇ ਦੀ ਸੂਚਨਾ ਮਿਲਦਿਆਂ ਹੀ 108 ਐਂਬੂਲੈਂਸ ਦੇ ਈ.ਐੱਮ.ਟੀ. ਗੁਰਪ੍ਰੀਤ ਸਿੰਘ ਤੇ ਪਾਇਲਟ ਹਰੀਸ਼ ਚੰਦਰ ਸ਼ਰਮਾ ਨੇ ਮੌਕੇ 'ਤੇ ਪਹੁੰਚ ਕੇ ਜਿਥੇ ਉਕਤ ਜ਼ਖਮੀ ਔਰਤ ਨੂੰ ਫਸਟ ਏਡ ਦੇਣ ਉਪਰੰਤ ਸਿਵਲ ਹਸਪਤਾਲ ਬਟਾਲਾ ਵਿਖੇ ਇਲਾਜ ਲਈ ਪਹੁੰਚਾਇਆ, ਉਥੇ ਨਾਲ ਹੀ ਬੱਸ ਚਾਲਕ ਨੂੰ ਮਾਮੂਲੀ ਸੱਟਾਂ ਹੀ ਲੱਗੀਆਂ। ਇਥੇ ਇਹ ਦੱਸਣਾ ਬਣਦਾ ਹੈ ਕਿ ਪਿਕਅਪ 'ਤੇ ਗੱਡੀ ਦਾ ਪਿਛਲਾ ਹਿੱਸਾ ਉਪਰੋਂ ਵੱਖਰਾ ਹੋ ਕੇ ਕੁਝ ਹੀ ਦੂਰੀ 'ਤੇ ਜਾ ਡਿੱਗਾ ਪਰ ਹੋਏ ਇਸ ਭਿਆਨਕ ਹਾਦਸੇ ਵਿਚ ਜਾਨੀ ਨੁਕਸਾਨ ਹੋਣੋਂ ਟਲ ਗਿਆ।

## ਨਟਵਰ ਲਾਲ ਸਿਵਲ ਹਸਪਤਾਲ 'ਚੋਂ ਕਾਬੂ , ਲੋਕਾਂ ਨੂੰ ਨੌਕਰੀ ਦਾ ਝਾਂਸਾ ਦੇ ਕੇ ਮਾਰਦਾ ਸੀ ਠੱਗੀ

ਜਲੰਧਰ 14 ਮਾਰਚ। ਸਿਵਲ ਹਸਪਤਾਲ ਕੰਪਲੈਕਸ ਵਿਚ ਸੇਵਾ ਦੇ ਨਾਂ 'ਤੇ ਲੋਕਾਂ ਨੂੰ ਲੁੱਟਣ ਵਾਲੇ ਨਟਵਰ ਲਾਲ ਨੂੰ ਥਾਣਾ ਨੰ. 4 ਦੀ ਪੁਲਸ ਨੇ ਗ੍ਰਿਫਤਾਰ ਕਰਕੇ ਜੇਲ੍ਹ ਯਾਤਰਾ ਕਰਵਾਈ ਹੈ। ਜਾਣਕਾਰੀ ਅਨੁਸਾਰ ਰਾਮਾ ਮੰਡੀ ਨਿਵਾਸੀ ਸੰਦੀਪ ਦੀ ਪਤਨੀ ਹਸਪਤਾਲ ਵਿਚ ਦਾਖਲ ਸੀ ਅਤੇ ਇਸ ਤੋਂ ਬਾਅਦ ਉਹ ਡਾਕਟਰਾਂ ਨੂੰ ਗੁਮਰਾਹ ਕਰਨ ਲੱਗਾ ਕਿ ਉਹ ਹਸਪਤਾਲ ਵਿਚ ਸੇਵਾ ਕਰਨਾ ਚਾਹੁੰਦਾ ਹੈ। ਇਸ ਤੋਂ ਬਾਅਦ ਸ਼ਾਤਰ ਸੰਦੀਪ ਨੇ ਕੁਝ ਸਟਾਫ ਨੂੰ ਆਪਣੇ ਤੌਰ 'ਤੇ ਭਰਤੀ ਕੀਤਾ ਅਤੇ ਸਾਰਿਆਂ ਦੇ 1 ਹਜਾਰ ਰੁਪਏ ਤੱਕ ਲਏ। ਲਗਭਗ 3 ਮਹੀਨੇ ਤੱਕ ਸੰਦੀਪ ਹਸਪਤਾਲ ਵਿਚ ਸਟਾਫ ਤੋਂ ਕੰਮ ਲੈਂਦਾ ਰਿਹਾ ਅਤੇ ਕਿਸੇ ਨੂੰ ਤਨਖਾਹ ਨਹੀਂ ਦਿੱਤੀ। ਥਾਣਾ ਨੰ. 4 ਦੇ ਐੱਸ. ਐੱਚ.




ਓ. ਹਰਦੇਵ ਸਿੰਘ ਦਾ ਕਹਿਣਾ ਹੈ ਕਿ ਸੋਨੀਆ ਨਿਵਾਸੀ ਜੈਮਲ ਨਗਰ ਨੇ ਪੁਲਸ ਨੂੰ ਸ਼ਿਕਾਇਤ ਵਿਚ ਦੱਸਿਆ ਕਿ ਉਹ ਅਸ਼ਾ ਵਰਕਰ ਹੈ ਅਤੇ ਸਿਵਲ ਹਸਪਤਾਲ ਵਿਚ ਆਪਣੀ ਡਿਊਟੀ ਦੌਰਾਨ ਮਰੀਜ ਲੈ ਕੇ ਆਉਂਦੀ ਹੈ। ਸੰਦੀਪ ਉਸ ਨੂੰ ਮਿਲਿਆ ਅਤੇ ਉਸ ਨੂੰ ਝਾਂਸਾ ਦਿੱਤਾ ਕਿ ਉਹ ਉਸ ਨੂੰ ਸਰਕਾਰੀ ਤੌਰ 'ਤੇ ਨੌਕਰੀ 'ਤੇ ਲਗਵਾ ਸਕਦਾ ਹੈ। ਬਦਲੇ ਵਿਚ ਸੰਦੀਪ ਨੇ ਉਸ ਕੋਲੋਂ ਸਿਵਲ ਹਸਪਤਾਲ ਵਿਚ 50 ਹਜਾਰ ਰੁਪਏ ਲਏ ਪਰ ਉਸ ਨੂੰ ਸਰਕਾਰੀ ਨੌਕਰੀ ਨਹੀਂ ਲਗਵਾਈ। ਪੈਸੇ ਮੰਗਣ 'ਤੇ ਸੰਦੀਪ ਅਕਸਰ ਆਨਾਕਾਨੀ ਕਰਨ ਲੱਗਾ। ਐੱਸ. ਐੱਚ. ਓ. ਹਰਦੇਵ ਸਿੰਘ ਨੇ ਦੱਸਿਆ ਕਿ ਸੰਦੀਪ ਦੇ ਖ਼ਿਲਾਫ ਧਾਰਾ 107/151 ਦੇ ਤਹਿਤ ਕਲੰਦਰਾ ਦਰਜ ਕਰਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਪੁਲਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ ਕਿ ਸੰਦੀਪ ਹਸਪਤਾਲ ਵਿਚ ਤਾਇਨਾਤ ਕਿਹੜੇ ਲੋਕਾਂ ਨਾਲ ਲਿੰਕ ਹੈ।

## ਰਿਕਾਰਡ ਉੱਚਾਈ 'ਤੇ ਪਹੁੰਚਿਆ ਸੋਨੇ ਦਾ ਭਾਅ, ਚਾਂਦੀ ਦੀਆਂ ਕੀਮਤਾਂ ਵੀ ਪਹੁੰਚੀਆਂ ਆਸਮਾਨ 'ਤੇ

ਨਵੀਂ ਦਿੱਲੀ 14 ਮਾਰਚ। ਸੋਨੇ ਦੀਆਂ ਕੀਮਤਾਂ 'ਚ ਆਉਣ ਵਾਲੇ ਸਮੇਂ 'ਚ ਹੋਰ ਤੇਜੀ ਦੇਖਣ ਨੂੰ ਮਿਲ ਸਕਦੀ ਹੈ। ਇਕ ਸਮੇਂ ਸੋਨੇ ਦਾ ਭਾਅ 63,000 ਰੁਪਏ ਪ੍ਰਤੀ 10 ਗ੍ਰਾਮ ਦੇ ਨੇੜੇ ਚੱਲ ਰਿਹਾ ਸੀ। ਹੁਣ ਸੋਨਾ 67 ਹਜਾਰ ਰੁਪਏ ਪ੍ਰਤੀ 10 ਗ੍ਰਾਮ ਤੋਂ ਵੱਧ ਮਹਿੰਗਾ ਹੋ ਚੁੱਕਾ ਹੈ। ਇਸ ਹਫਤੇ ਸੋਨੇ ਦੇ ਵਾਅਦਾ ਭਾਅ 'ਚ ਲਗਾਤਾਰ ਤੇਜੀ ਦੇਖੀ ਜਾ ਰਹੀ ਹੈ। ਬੀਤੇ 3 ਦਿਨਾਂ ਤੋਂ ਇਸ ਦੇ ਬਾਅ ਨਵੇਂ ਰਿਕਾਰਡ ਬਣਾ ਰਹੇ ਹਨ। ਅੱਜ ਵੀ ਸੋਨੇ ਦੇ ਵਾਅਦਾ ਭਾਅ ਨੇ 65587 ਰੁਪਏ ਦਾ ਸਰਵਉੱਚ ਪੱਧਰ ਛੋਹ ਲਿਆ ਹੈ। ਚਾਂਦੀ ਦੇ ਵਾਅਦਾ ਭਾਅ ਤੇਜੀ ਨਾਲ ਖੁੱਲ੍ਹਣ ਤੋਂ ਬਾਅਦ ਸੁਸਤ ਪੈ ਗਏ ਸਨ ਪਰ ਸ਼ਾਮ ਨੂੰ ਇਸ ਦੇ ਭਾਅ 'ਚ ਵੀ ਤੇਜੀ ਦੇਖੀ ਜਾਣ ਲੱਗੀ। ਹਾਜਰ ਬਾਜਾਰ 'ਚ ਵੀ ਵੀਰਵਾਰ ਨੂੰ ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਤੇਜੀ ਦਰਜ ਕੀਤੀ ਗਈ। ਦਿੱਲੀ ਦੇ ਸਰਾਫਾ ਬਾਜਾਰ 'ਚ ਸੋਨੇ ਦਾ ਹਾਜਰ ਭਾਅ 67,700 ਰੁਪਏ ਪ੍ਰਤੀ 10 ਗ੍ਰਾਮ ਦੇ ਨਵੇਂ ਰਿਕਾਰਡ ਪੱਧਰ 'ਤੇ ਪਹੁੰਚ ਗਿਆ। ਉੱਧਰ ਚਾਂਦੀ ਦਾ ਹਾਜਰ ਭਾਅ ਤੇਜੀ ਨਾਲ 75200 ਰੁਪਏ ਪ੍ਰਤੀ ਕਿਲੋ ਦੇ ਭਾਅ 'ਤੇ ਪਹੁੰਚ ਗਿਆ। ਕੌਮਾਂਤਰੀ ਬਾਜਾਰ 'ਚ ਸੋਨੇ ਦੇ ਵਾਅਦਾ ਭਾਅ 'ਚ ਤੇਜੀ, ਜਦਕਿ ਚਾਂਦੀ ਦੇ ਭਾਅ 'ਚ ਸੁਸਤੀ ਦੇਖਣ ਨੂੰ ਮਿਲੀ। ਅੱਜ ਮਹਾਸ਼ਿਵਰਾਤਰੀ ਦੇ ਸਬੰਧ 'ਚ ਸਰਾਫਾ ਬਾਜਾਰ ਬੰਦ ਸੀ। ਸੋਨੇ ਦਾ ਵਾਅਦਾ ਭਾਅ ਵੀਰਵਾਰ ਨੂੰ ਤੇਜੀ ਨਾਲ ਖੁੱਲ੍ਹੇ। ਮਲਟੀ ਕਮੋਡਿਟੀ ਐਕਸਚੇਂਜ (ਐੱਮ. ਸੀ. ਐਕਸ) 'ਤੇ ਸੋਨੇ ਦਾ ਬੈਂਚਮਾਰਕ ਅਪ੍ਰੈਲ ਕੰਟ੍ਰੈਕਟ 27 ਰੁਪਏ ਦੀ ਤੇਜੀ ਨਾਲ 65,205 ਰੁਪਏ ਦੇ ਭਾਅ 'ਤੇ ਖੁੱਲ੍ਹਿਆ। ਇਹ ਕੰਟ੍ਰੈਕਟ 266 ਰੁਪਏ ਦੀ ਤੇਜੀ ਨਾਲ 65466 ਰੁਪਏ ਦੇ ਭਾਅ 'ਤੇ ਕਾਰੋਬਾਰ ਕਰ ਰਿਹਾ ਸੀ। ਇਸ ਸਮੇਂ ਇਸ ਨੇ 65587 ਰੁਪਏ ਦੇ ਭਾਅ 'ਤੇ ਦਿਨ ਦਾ ਉੱਚ ਪੱਧਰ ਅਤੇ 65205



ਰੁਪਏ ਦੇ ਭਾਅ 'ਤੇ ਦਿਨ ਦਾ ਹੇਠਲਾ ਪੱਧਰ ਛੋਹ ਲਿਆ। ਸੋਨੇ ਦੇ ਵਾਅਦਾ ਭਾਅ ਨੇ 65587 ਰੁਪਏ ਪ੍ਰਤੀ 10 ਗ੍ਰਾਮ ਦੇ ਭਾਅ 'ਤੇ ਸਰਵਉੱਚ ਪੱਧਰ ਛੋਹ ਲਿਆ। ਚਾਂਦੀ ਦੇ ਵਾਅਦਾ ਭਾਅ ਦੀ ਸ਼ੁਰੂਆਤ ਵੀ ਤੇਜ ਰਹੀ। ਐੱਮ. ਸੀ. ਐਕਸ 'ਤੇ ਚਾਂਦੀ ਦਾ ਬੈਂਚਮਾਰਕ ਮਈ ਕੰਟ੍ਰੈਕਟ ਅੱਜ 306 ਰੁਪਏ ਦੀ ਤੇਜੀ ਨਾਲ 74444 ਰੁਪਏ ਦੇ ਭਾਅ 'ਤੇ ਖੁੱਲ੍ਹਿਆ। ਇਹ ਕੰਟ੍ਰੈਕਟ 235 ਰੁਪਏ ਦੀ ਤੇਜੀ ਨਾਲ 74373 ਰੁਪਏ ਦੇ ਭਾਅ 'ਤੇ ਕਾਰੋਬਾਰ ਕਰ ਰਿਹਾ ਸੀ। ਇਸ ਸਮੇਂ ਇਸ ਨੇ 74444 ਰੁਪਏ ਦਾ ਭਾਅ 'ਤੇ ਦਿਨ ਦਾ ਉੱਚ ਅਤੇ 73815 ਰੁਪਏ ਪ੍ਰਤੀ ਕਿਲੋ ਦੇ ਭਾਅ 'ਤੇ ਦਿਨ ਦਾ ਹੇਠਲਾ ਪੱਧਰ ਛੋਹ ਲਿਆ। ਪਿਛਲੇ ਸਾਲ ਦਸੰਬਰ ਮਹੀਨੇ 'ਚ ਚਾਂਦੀ ਦੇ ਵਾਅਦ ਭਾਅ 75849 ਰੁਪਏ ਕਿਲੋ 'ਤੇ ਪਹੁੰਚ ਗਏ ਸਨ। ਕੌਮਾਂਤਰੀ ਬਾਜਾਰ 'ਚ ਸੋਨੇ-ਚਾਂਦੀ ਦੇ ਵਾਅਦਾ ਭਾਅ ਦੀ ਸ਼ੁਰੂਆਤ ਸੁਸਤੀ ਦੇ ਨਾਲ ਹੋਈ ਪਰ ਬਾਅਦ 'ਚ ਇਸ ਦੇ ਭਾਅ ਸੁਧਰ ਕੇ ਉੱਚ ਪੱਧਰ 'ਤੇ ਪਹੁੰਚ ਗਏ। ਕਾਮੈਕਸ 'ਤੇ ਸੋਨਾ 2156.70 ਡਾਲਰ ਪ੍ਰਤੀ ਔਂਸ ਦੇ ਭਾਅ 'ਤੇ ਖੁੱਲ੍ਹਿਆ। ਪਿਛਲਾ ਕਲੋਜ਼ਿੰਗ ਪ੍ਰਾਈਸ 2158.20 ਡਾਲਰ ਸੀ। ਹਾਲਾਂਕਿ ਇਹ 9.60 ਡਾਲਰ ਦੀ ਗਿਰਾਵਟ ਦੇ ਨਾਲ 2167.80 ਡਾਲਰ ਪ੍ਰਤੀ ਔਂਸ ਦੇ ਭਾਅ 'ਤੇ ਕਾਰੋਬਾਰ ਕਰ ਰਿਹਾ ਸੀ। ਇਸ ਨੇ ਅੱਜ 2172.20 ਡਾਲਰ ਦੇ ਭਾਅ 'ਤੇ ਉੱਚ ਪੱਧਰ ਛੋਹ ਲਿਆ। ਕਾਮੈਕਸ 'ਤੇ ਚਾਂਦੀ ਦੇ ਵਾਅਦਾ ਭਾਅ 24.40 ਡਾਲਰ ਦੇ ਭਾਅ 'ਤੇ ਖੁੱਲ੍ਹੇ, ਪਿਛਲਾ ਕਲੋਜ਼ਿੰਗ ਪ੍ਰਾਈਸ 24.49 ਡਾਲਰ ਸੀ। ਇਹ 0.1 ਡਾਲਰ ਦੀ ਗਿਰਾਵਟ ਨਾਲ 24.47 ਡਾਲਰ ਪ੍ਰਤੀ ਔਂਸ ਦੇ ਭਾਅ 'ਤੇ ਕਾਰੋਬਾਰ ਕਰ ਰਿਹਾ ਸੀ।

## ਪੰਜਾਬ ਦੇ 2 ਲੱਖ ਵੋਟਰ ਘਰ ਬੈਠੇ ਪਾਉਣਗੇ ਵੋਟਾਂ, 85 ਸਾਲ ਤੋਂ ਜ਼ਿਆਦਾ ਉਮਰ ਦੇ ਬਜੁਰਗਾਂ ਨੂੰ ਮਿਲੇਗੀ ਸਹੂਲਤ

ਚੰਡੀਗੜ੍ਹ 14 ਮਾਰਚ। ਪੰਜਾਬ ਦੇ 2 ਲੱਖ ਤੋਂ ਜ਼ਿਆਦਾ ਵੋਟਰ ਲੋਕ ਸਭਾ ਚੋਣਾਂ ਦੌਰਾਨ ਘਰ ਬੈਠੇ ਹੀ ਵੋਟ ਪਾ ਸਕਣਗੇ। ਦਰਅਸਲ ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਦੌਰਾਨ ਵੋਟਾਂ ਪਾਉਣ ਲਈ ਉਮਰ ਹੱਦ ਵਧਾ ਦਿੱਤੀ ਹੈ। ਇਸ ਦੇ ਮੱਦੇਨਜਰ ਸੂਬੇ ਦੇ 85 ਸਾਲ ਤੋਂ ਵੱਧ ਉਮਰ ਦੇ 2 ਲੱਖ ਬਜੁਰਗ ਵੋਟਰ ਘਰੋਂ ਹੀ ਆਪਣੀ ਵੋਟ ਪਾ ਸਕਣਗੇ। ਦੱਸ ਦੇਈਏ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ 80 ਸਾਲ ਦੀ ਉਮਰ ਤੋਂ ਉੱਪਰ ਦੇ ਵੋਟਰਾਂ ਲਈ ਵੀ ਇਹ ਸਹੂਲਤ ਮੁਹੱਈਆ ਸੀ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੌਰਾਨ 85 ਸਾਲ ਦੀ ਉਮਰ ਤੋਂ ਵੱਧ ਦੇ ਵੋਟਰ ਘਰ ਬੈਠੇ ਹੀ ਆਪਣੀ ਵੋਟ ਪਾ ਸਕਣਗੇ। ਅਜਿਹੇ ਵੋਟਰਾਂ ਦੀ ਗਿਣਤੀ ਕਰੀਬ 2 ਲੱਖ ਹੈ। ਸਾਲ 2022 'ਚ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ 80 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਲਈ ਵੀ ਇਹ ਸਹੂਲਤ ਮੁਹੱਈਆ ਸੀ ਅਤੇ ਅਜਿਹੇ ਵੋਟਰਾਂ ਦੀ ਗਿਣਤੀ 4 ਲੱਖ ਦੇ ਕਰੀਬ ਸੀ। ਇਸ ਉਮਰ ਵਰਗ ਦੇ ਜ਼ਿਆਦਾਤਰ ਵੋਟਰਾਂ ਨੇ ਵੋਟਿਗ ਕੇਂਦਰਾਂ 'ਤੇ ਹੀ ਆਪਣੀ ਵੋਟ ਪਾਉਣ ਲਈ ਦਿਲਚਸਪੀ ਦਿਖਾਈ, ਇਸ ਲਈ ਚੋਣ ਕਮਿਸ਼ਨ ਵਲੋਂ ਇਸ ਉਮਰ ਹੱਦ ਨੂੰ ਹੁਣ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ। ਫਿਲਹਾਲ ਬਲਾਕ ਪੱਧਰ 'ਤੇ ਅਧਿਕਾਰੀਆਂ ਵਲੋਂ ਅਜਿਹੇ ਵੋਟਰਾਂ ਦਾ ਡਾਟਾ ਇਕੱਠਾ ਕੀਤਾ ਜਾ ਰਿਹਾ ਹੈ ਅਤੇ ਘਰ-ਘਰ ਜਾ ਕੇ ਸਰਵੇ ਕੀਤਾ ਜਾਂਦਾ ਹੈ ਕਿ ਅਜਿਹੇ ਕਿੰਨੇ ਵੋਟਰ ਹਨ, ਜੋ ਘਰੋਂ ਹੀ ਆਪਣੀ ਵੋਟ ਪਾਉਣੀ ਚਾਹੁੰਦੇ ਹਨ। ਇਸ ਸਭ ਤੋਂ ਬਾਅਦ ਬੈਲਟ ਪੇਪਰ ਛਪਵਾਉਣ ਦੀ ਪ੍ਰਕਿਰਿਆ ਪੂਰੀ ਕੀਤੀ ਜਾਂਦੀ ਹੈ ਅਤੇ ਵੋਟਾਂ ਵਾਲੇ ਦਿਨ ਘਰ ਜਾ ਕੇ ਹੀ ਬੈਲਟ ਪੇਪਰ ਰਾਹੀਂ ਅਜਿਹੇ ਸਾਰੇ ਵੋਟਰਾਂ ਦੀ ਵੋਟ ਪਵਾਈ ਜਾਂਦੀ ਹੈ, ਜੋ ਵੋਟਿੰਗ ਕੇਂਦਰ ਜਾਣ ਦੇ ਅਸਮਰੱਥ ਹੁੰਦੇ ਹਨ।

## ਵਰਕ ਪਰਮਿਟ ਦਾ ਝਾਂਸਾ ਦੇ ਕੇ ਮਾਰੀ 22 ਲੱਖ ਦੀ ਠੱਗੀ

ਰੂਪਨਗਰ 14 ਮਾਰਚ। ਇੰਗਲੈਂਡ ਵਿਚ ਵਰਕ ਪਰਮਿਟ ਦਿਵਾਉਣ ਦਾ ਝਾਂਸਾ ਦੇ ਕੇ ਕਰੀਬ 22 ਲੱਖ ਦੀ ਠੱਗੀ ਮਾਰਨ ਦੇ ਦੋਸ਼ 'ਚ ਥਾਣਾ ਸਿਟੀ ਪੁਲਸ ਰੂਪਨਗਰ ਨੇ ਇਕ ਵਿਅਕਤੀ ਖ਼ਿਲਾਫ ਮੁਕੱਦਮਾ ਦਰਜ ਕੀਤਾ ਹੈ। ਪੁਲਸ ਨੂੰ ਕੀਤੀ ਸ਼ਿਕਾਇਤ 'ਚ ਪ੍ਰਭਜੋਤ ਕੌਰ ਪਤਨੀ ਸਵ. ਨਰਿੰਦਰ ਸਿੰਘ ਵਾਸੀ ਗੁਰੂ ਨਗਰ ਰੂਪਨਗਰ ਨੇ ਦੱਸਿਆ ਕਿ ਕਨਿਸ ਕਪੂਰ ਪੁੱਤਰ ਸੁਸ਼ੀਲ ਕਪੂਰ ਵਾਸੀ ਦੀਪ ਵਿਹਾਰ ਸੈਕਟਰ 24, ਨਵੀਂ ਦਿੱਲੀ ਨੇ ਉਸ ਦੀ ਭੈਣ ਨਾਲ ਉਨ੍ਹਾਂ ਦੇ ਬੇਟਿਆਂ ਨੂੰ ਇੰਗਲੈਂਡ ਵਿਚ ਵਰਕ ਪਰਮਿਟ ਦਿਵਾਉਣ ਦਾ ਝਾਂਸਾ ਦੇ ਕੇ ਕਰੀਬ 22 ਲੱਖ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਉਕਤ ਮੁਲਜਮ ਖ਼ਿਲਾਫ ਮਾਮਲਾ ਦਰਜ ਕਰਕੇ ਅਗਲੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਸਰਕਾਰੀ ਹਸਪਤਾਲ 'ਚ ਬਣੀ ਪੁਲਸ ਚੌਂਕੀ ਨੂੰ ਇਲਾਕਾ ਵਾਸੀਆਂ ਨੇ ਗੋਦਾਮਾਂ 'ਚ ਸ਼ਿਫਟ ਕਰਨ ਦੀ ਕੀਤੀ ਮੰਗ

ਹਰਚੋਵਾਲ/ਗੁਰਦਾਸਪੁਰ 14 ਮਾਰਚ। 32 ਸਾਲਾਂ ਤੋਂ ਸਰਕਾਰੀ ਹਸਪਤਾਲ ਹਰਚੋਵਾਲ 'ਚ ਬਣੀ ਆਰਜੀ ਪੁਲਸ ਚੌਂਕੀ ਨੂੰ ਇਲਾਕਾ ਵਾਸੀਆਂ ਨੇ ਬਾਹਰ ਸਰਕਾਰੀ ਗੁਦਾਮਾਂ 'ਚ ਸ਼ਿਫਟ ਕਰਨ ਦੀ ਮੰਗ ਕੀਤੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਸ੍ਰੋਮਣੀ ਅਕਾਲੀ ਦਲ ਦੇ ਆਗੂ ਭਾਈ ਗਗਨਦੀਪ ਸਿੰਘ ਰਿਆੜ ਨੇ ਪ੍ਰਗਟ ਕਰਦਿਆਂ ਕਿਹਾ ਕਿ ਇਹ ਪੁਲਸ ਚੌਂਕੀ ਹਰਚੋਵਾਲ ਦੇ ਸਰਕਾਰੀ ਹਸਪਤਾਲ ਦੇ ਡਾਕਟਰਾਂ ਦੇ ਕੁਆਰਟਰਾਂ 'ਚ ਬਣੀ ਹੋਈ। ਪੁਲਸ ਚੌਂਕੀ ਗਰਭਵਤੀ ਔਰਤਾਂ ਦੇ ਟੀਕਾਕਰਨ ਸੈਂਟਰ ਦੇ ਬਿਲਕੁਲ ਨਾਲ ਵਾਲੀ ਬਿਲਡਿੰਗ ਹੋਣਹਾਰ ਔਰਤਾਂ ਨੂੰ ਭਾਰੀ ਮੁਸਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਔਰਤਾਂ ਦੀ ਨਵੀਂ ਬਣੀ ਬਿਲਡਿੰਗ ਪੁਲਸ ਚੌਂਕੀ ਦੇ ਨਾਲ ਹੋਣ ਕਾਰਨ ਦੂਜੀ ਮੁਸੀਬਤ ਇਹ ਹੈ ਕਿ ਔਰਤਾਂ ਦੇ ਸੈਂਟਰ 'ਤੇ ਪੁਲਸ ਚੌਂਕੀ ਦੇ ਵਿਚਕਾਰ ਕੋਈ ਕੰਧ ਨਾ ਹੋਣ ਕਾਰਨ ਗਰਭਵਤੀ ਔਰਤਾਂ ਆਪਣੇ ਟੈਸਟ ਕਰਵਾਉਣ ਲਈ ਜਦੋਂ ਹਸਪਤਾਲ 'ਚ ਜਾਂਦੀਆਂ ਹਨ ਤਾਂ ਉਸ ਸਮੇਂ ਦਿੱਕਤ ਪੇਸ ਆਉਂਦੀ ਹੈ। ਕਈ ਵਾਰ ਜਦੋਂ ਪੁਲਸ ਚੌਂਕੀ 'ਚ ਫੈਸਲਾ ਕਰਵਾਉਣ ਸਮੇਂ ਦੋਵਾਂ ਪਾਰਟੀਆਂ ਮੌਜੂਦ ਹੁੰਦੀਆਂ ਹਨ ਤਾਂ ਇਕ-ਦੂਜੇ ਦੇ ਰੌਲਾ-ਰੱਪਾ ਪਾਉਣ ਸਮੇਂ ਮਹਿਲਾ ਮਰੀਜਾਂ ਨੂੰ ਮੁਸਕਲ ਆ ਜਾਂਦੀ ਹੈ। ਹਸਪਤਾਲ ਦੀ ਬਿਲਡਿੰਗ 'ਤੇ ਪੁਲਸ ਚੌਂਕੀ ਦੀ ਬਿਲਡਿੰਗ 'ਚ





ਕੋਈ ਕੰਧ ਨਾ ਹੋਣ ਕਾਰਨ ਇਧਰੋਂ-ਉਂਧਰ ਆਉਣਾ ਜਾਣਾ ਲੱਗਾ ਰਹਿੰਦਾ ਹੈ। ਰਿਆੜ ਨੇ ਦੱਸਿਆ ਕਿ ਜਿਸ ਸਮੇਂ ਪੰਜਾਬ 'ਚ ਮਾਹੌਲ ਖਰਾਬ ਚਲ ਰਿਹਾ ਸੀ। 1991-92 ਸਮੇਂ ਉਸ ਸਮੇਂ ਪੰਜਾਬ ਪੁਲਸ ਵੱਲੋਂ ਸਰਕਾਰੀ ਹਸਪਤਾਲ ਦੇ ਡਾਕਟਰਾਂ ਦੇ ਕੁਆਰਟਰਾਂ 'ਚ ਆਰਜੀ ਤੌਰ 'ਤੇ ਪੁਲਸ ਚੌਂਕੀ ਸਥਾਪਤ ਕੀਤੀ ਗਈ ਪਰ ਸਮਾਂ ਬੀਤਣ ਦੇ ਬਾਵਜੂਦ ਅਜੇ ਤੱਕ ਸਰਕਾਰ ਵੱਲੋਂ ਸਰਕਾਰੀ ਹਸਪਤਾਲ ਦੇ ਡਾਕਟਰਾਂ ਦੇ ਕੁਆਰਟਰਾਂ 'ਚੋਂ ਪੁਲਸ ਚੌਂਕੀ ਨੂੰ ਕਿਸੇ ਹੋਰ ਜਗ੍ਹਾ 'ਤੇ ਤਬਦੀਲ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਥੋਂ ਥੋੜ੍ਹੀ ਦੂਰ ਨਹਿਰ ਦੇ ਨਜਦੀਕ ਸਰਕਾਰੀ ਗੁਦਾਮ ਬਣੇ ਹੋਏ ਹਨ। ਪੰਜਾਬ ਸਰਕਾਰ ਵੱਲੋਂ ਪੁਲਸ ਚੌਂਕੀ ਨੂੰ ਇਨ੍ਹਾਂ ਗੁਦਾਮਾਂ 'ਚ ਸਿਫਟ ਕਰਨ ਦੀ ਇਲਾਕਾ ਵਾਸੀਆਂ ਵੱਲੋਂ ਮੰਗ ਕੀਤੀ ਜਾਂਦੀ ਹੈ। ਇਲਾਕਾ ਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਪੁਲਸ ਦੇ ਡੀ. ਜੀ. ਪੀ. ਸਾਹਿਬ, ਸਿਹਤ ਮੰਤਰੀ ਸਾਹਿਬ ਪਾਸੋਂ ਜੋਰਦਾਰ ਮੰਗ ਕੀਤੀ ਗਈ ਹੈ ਕਿ ਕਸਬਾ ਹਰਚੋਵਾਲ ਦੇ ਸਰਕਾਰੀ ਹਸਪਤਾਲ ਦੇ ਡਾਕਟਰ ਕੁਆਰਟਰਾਂ 'ਚ ਬਣੀ ਆਰਜੀ ਪੁਲਸ ਚੌਂਕੀ ਨੂੰ ਬਾਹਰ ਸਰਕਾਰੀ ਗੁਦਾਮਾਂ 'ਚ ਸ਼ਿਫਟ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਆਉਣ ਵਾਲੀ ਮੁਸ਼ਕਲ ਤੋਂ ਛੁਟਕਾਰਾ ਮਿਲ ਸਕੇ।

### ਏਅਰਟੈੱਲ ਦੇ ਕਰੋੜਾਂ ਗਾਹਕਾਂ ਨੂੰ ਝਟਕਾ, ਰੀਚਾਰਜ ਪਲਾਨ ਹੋਇਆ ਮਹਿੰਗਾ

ਗੈਜੇਟ ਡੈਸਕ 14 ਮਾਰਚ। ਏਅਰਟੈੱਲ ਦੇ ਗਾਹਕ ਨੂੰ ਲੈ ਕੇ ਇਕ ਵੱਡੀ ਖਬਰ ਸਾਹਮਣੇ ਆ ਰਹੀ ਹੈ, ਜਿਸ ਨੂੰ ਸੁਣ ਕੇ ਝਟਨਾ ਲੱਗ ਸਕਦਾ ਹੈ। ਦਰਅਸਰ ਏਅਰਟੈੱਲ ਕੰਪਨੀ ਨੇ ਆਪਣੇ ਦੋ ਮਸਹੂਰ ਰੀਚਾਰਜ ਪਲਾਨ ਦੀ ਕੀਮਤ ਵਿਚ ਵਾਧਾ ਕਰ ਦਿੱਤਾ ਹੈ। ਪੁਰਾਣੇ ਪਲਾਨ ਨੂੰ ਏਅਰਟੈੱਲ ਦੀ ਅਧਿਕਾਰਤ ਵੈੱਬਸਾਈਟ 'ਤੇ ਨਵੀਆਂ ਕੀਮਤਾਂ ਦੇ ਨਾਲ ਲਿਸਟ ਕੀਤਾ ਗਿਆ ਹੈ। ਦੱਸ ਦੇਈਏ ਕਿ ਏਅਰਟੈੱਲ ਨੇ 118 ਰੁਪਏ ਵਾਲੇ ਆਪਣੇ ਰੀਚਾਰਜ ਪਲਾਨ ਦੀ ਕੀਮਤ ਵਧਾ ਕੇ 129 ਰੁਪਏ ਕਰ ਦਿੱਤੀ ਹੈ। ਇਕ ਪਲਾਨ ਵਿਚ 11 ਰੁਪਏ ਦਾ ਵਾਧਾ ਕੀਤਾ ਹੈ। ਇਸ ਰੀਚਾਰਜ ਪਲਾਨ ਵਿਚ ਗਾਹਕਾਂ ਨੂੰ ਪਹਿਲਾਂ ਵਾਂਗ 12 ਡੇਟਾ ਦਾ ਆਫਰ ਦਿੱਤਾ ਜਾ ਰਿਹਾ ਹੈ। ਇਸ ਦੀ ਵੈਲੀਡਿਟੀ ਤੁਹਾਡੇ ਪਹਿਲਾਂ ਤੋਂ ਸਰਗਰਮ ਰੀਚਾਰਜ ਪਲਾਨ ਵਾਂਗ ਹੀ ਰਹੇਗੀ। ਏਅਰਟੈੱਲ ਕੰਪਨੀ ਨੇ ਦੂਜਾ ਯਾਨੀ 289 ਰੁਪਏ ਵਾਲੇ ਮੋਬਾਈਲ ਰੀਚਾਰਜ ਪਲਾਨ ਦੀ ਕੀਮਤ ਵਿਚ ਵੀ ਵਾਧਾ ਕਰ ਦਿੱਤਾ ਹੈ। ਇਸ ਪਲਾਨ ਵਿਚ 40 ਰੁਪਏ ਦਾ ਵਾਧਾ ਕੀਤਾ ਹੈ, ਜਿਸ ਨਾਲ ਹੁਣ ਇਸ ਦੀ ਕੀਮਤ 329 ਰੁਪਏ ਹੋ ਗਈ ਹੈ। ਇਸ ਰੀਚਾਰਜ ਪਲਾਨ 'ਤੇ ਗਾਹਕਾਂ ਨੂੰ ਪਹਿਲਾਂ ਵਾਂਗ 4 ਡਾਟਾ ਦਾ ਆਫਰ ਦਿੱਤਾ ਜਾ ਰਿਹਾ ਹੈ।

## ਖਿਡੌਣਾ ਪਿਸਤੌਲ ਦੀ ਨੋਕ 'ਤੇ ਮੋਬਾਇਲ ਖੋਹਣ ਵਾਲੇ ਲੁਟੇਰੇ ਕਾਬੂ

ਮੋਗਾ 14 ਮਾਰਚ। ਮੋਗਾ ਪੁਲਸ ਵੱਲੋਂ ਮਾੜੇ ਅਨਸਰਾਂ ਅਤੇ ਲੁੱਟਾਂ-ਖੋਹਾਂ ਕਰਨ ਵਾਲਿਆਂ ਨੂੰ ਕਾਬੂ ਕਰਨ ਲਈ ਚਲਾਈ ਮੁਹਿੰਮ ਤਹਿਤ ਪੁਲਸ ਚੌਂਕੀ ਬਲਖੰਡੀ ਨੇ ਇਕ ਲੜਕੀ ਤੋਂ ਖਿਡੌਣਾ ਪਿਸਤੌਲ ਦੀ ਨੋਕ 'ਤੇ ਉਸਦਾ ਮੋਬਾਇਲ ਫੋਨ ਖੋਹ ਕੇ ਲਿਜਾਣ ਵਾਲੇ ਮੋਟਰਸਾਈਕਲ ਸਵਾਰ ਦੋ ਲੁਟੇਰਿਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧ ਵਿਚ ਦੋਹਾਂ ਕਥਿਤ ਮੁਲਜ਼ਮਾਂ ਅਜੇ ਸਿੰਘ ਉਰਫ ਬੱਬਾ ਅਤੇ ਦਿਲਪ੍ਰੀਤ ਸਿੰਘ ਦੋਵੇਂ ਨਿਵਾਸੀ ਪਿੰਡ ਮਸੀਤਾਂ ਖਿਲਾਫ਼ ਥਾਣਾ ਕੋਟ ਈਸੇ ਖਾਂ ਵਿਚ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਚੌਂਕੀ ਬਲਖੰਡੀ ਦੇ ਇੰਚਾਰਜ ਸਹਾਇਕ ਥਾਣੇਦਾਰ ਬੂਟਾ ਸਿੰਘ ਨੇ ਦੱਸਿਆ ਕਿ ਰਮਨਦੀਪ ਕੌਰ ਨਿਵਾਸੀ ਪਿੰਡ ਉਮਰੀਆਣਾ ਨੇ ਕਿਹਾ ਕਿ ਜਦੋਂ ਉਹ 18 ਜਨਵਰੀ ਨੂੰ ਜ਼ਿਲ੍ਹਾ ਕਚਹਿਰੀ ਮੋਗਾ ਤੋਂ ਬੱਸ ਰਾਹੀਂ ਆਪਣੇ ਪਿੰਡ ਆ ਰਹੀ ਸੀ ਤਾਂ ਸ਼ਾਮ ਸਮੇਂ ਜਦੋਂ ਉਹ ਮੋਗਾ ਜ਼ੀਰਾ ਰੋਡ 'ਤੇ ਪੈਂਦੇ ਬੱਸ ਅੱਡਾ ਪਿੰਡ ਉਮਰੀਆਣਾ ਤੋਂ ਉਤਰ ਕੇ ਪੈਦਲ ਘਰ ਨੂੰ ਜਾ ਰਹੀ ਸੀ ਤਾਂ ਦੋ ਮੋਟਰ ਸਾਈਕਲ ਸਵਾਰ




ਨੌਜਵਾਨ ਲੁਟੇਰੇ ਆਏ ਜਿਨ੍ਹਾਂ ਨੇ ਪਿਸਤੌਲ ਦੀ ਨੋਕ 'ਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੰਦਿਆਂ ਕਿਹਾ ਕਿ ਜੋ ਕੁਝ ਵੀ ਤੇਰੇ ਕੋਲ ਹੈ ਦੇ ਦੇ, ਜਿਸ 'ਤੇ ਮੈਂ ਉਨ੍ਹਾਂ ਨਾਲ ਹੱਥੋਪਾਈ ਵੀ ਹੋਈ ਪਰ ਲੁਟੇਰੇ ਉਸ ਦਾ ਮੋਬਾਇਲ ਖੋਹ ਕੇ ਫਰਾਰ ਹੋ ਗਏ। ਚੌਂਕੀ ਇੰਚਾਰਜ ਨੇ ਦੱਸਿਆ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਜਦੋਂ ਇਲਾਕੇ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਨੂੰ ਖੰਗਾਲਿਆ ਗਿਆ ਤਾਂ ਉਕਤ ਲੁਟੇਰੇ ਨੌਜਵਾਨ ਸੀ. ਸੀ. ਟੀ. ਵੀ. ਕੈਮਰਿਆਂ ਵਿਚ ਕੈਦ ਹੋ ਚੁੱਕੇ ਸਨ, ਜਿਸ ਦੇ ਆਧਾਰ 'ਤੇ ਦੋਹਾਂ ਨੂੰ ਦਬੋਚ ਲਿਆ ਗਿਆ ਅਤੇ ਉਨ੍ਹਾਂ ਕੋਲੋਂ ਵਾਰਦਾਤ ਸਮੇਂ ਵਰਤਿਆ ਗਿਆ ਮੋਟਰ ਸਾਈਕਲ, ਖਿਡੌਣਾ ਪਿਸਤੋਲ ਅਤੇ ਖੋਹਿਆ ਹੋਇਆ ਮੋਬਾਇਲ ਫੋਨ ਵੀ ਬਰਾਮਦ ਕਰ ਲਿਆ ਗਿਆ ਹੈ।

## ਮੋਹਾਲੀ ਮਾਲ ਦੇ ਬਾਹਰ ਗੈਂਗਸਟਰ ਰਾਜੇਸ਼ ਡੋਗਰਾ ਨੂੰ ਕਤਲ ਕਰਨ ਲਈ ਖਰਚਿਆ 1 ਕਰੋੜ, ਹੋਏ ਸਨਸਨੀਖੇਜ ਖੁਲਾਸੇ

ਮੋਹਾਲੀ 14 ਮਾਰਚ। ਮੋਹਾਲੀ ਪੁਲਸ ਨੇ ਜੰਮੂ ਦੇ ਗੈਂਗਸਟਰ ਰਾਜੇਸ ਡੋਗਰਾ ਉਰਫ ਮੋਹਨ ਦਾ ਕਤਲ ਕਰਨ ਵਾਲੇ ਬੱਕਰਾ ਗੈਂਗ ਦੇ ਮੁਖੀ ਸਮੇਤ 5 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਉਨ੍ਹਾਂ ਕੋਲੋਂ 6 ਪਿਸਤੌਲ, 71 ਕਾਰਤੂਸ ਅਤੇ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤੇ ਗਏ 4 ਵਾਹਨ ਬਰਾਮਦ ਕੀਤੇ ਹਨ। ਪੁਲਸ ਨੇ ਉਨ੍ਹਾਂ ਨੂੰ ਯੂ.ਪੀ. ਦੇ ਪੀਲੀਭੀਤ ਤੋਂ ਗ੍ਰਿਫਤਾਰ ਕੀਤਾ ਹੈ। ਐੱਸ.ਐੱਸ.ਪੀ. ਡਾ. ਸੰਦੀਪ ਕੁਮਾਰ ਗਰਗ ਨੇ ਦੱਸਿਆ ਕਿ 3 ਮਾਰਚ ਨੂੰ ਜੰਮੂ ਦੇ ਗੈਂਗਸਟਰ ਰਾਜੇਸ ਡੋਗਰਾ ਉਰਫ ਮੋਹਨ ਨੂੰ ਸੈਕਟਰ-67 ਮੋਹਾਲੀ 'ਚ 3 ਗੱਡੀਆਂ 'ਚ ਆਏ 8-9 ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਫਰਾਰ ਹੋ ਗਏ। ਥਾਣਾ ਫੇਜ-11 ਦੀ ਪੁਲਸ ਨੇ ਅਣਪਛਾਤੇ ਮੁਲਜਮਾਂ ਖ਼ਿਲਾਫ ਕੇਸ ਦਰਜ ਕਰ ਲਿਆ ਸੀ। ਐੱਸ.ਪੀ. (ਜਾਂਚ) ਜੋਤੀ ਯਾਦਵ ਦੀ ਦੇਖ-ਰੇਖ ਹੇਠ ਟੀਮਾਂ ਨੇ ਜੰਮੂ, ਦਿੱਲੀ, ਯੂ.ਪੀ. ਅਤੇ ਨੇਪਾਲ 'ਚ ਕਰੀਬ 3 ਹਜਾਰ ਕਿਲੋਮੀਟਰ ਦਾ ਸਫਰ ਤੈਅ ਕਰ ਕੇ ਯੂ.ਪੀ. ਸਾਹਗੰਜ ਦੇ ਪੀਲੀਭੀਤ ਤੋਂ ਪੰਜ ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ 'ਚ ਬੱਕਰਾ ਗਿਰੋਹ ਦਾ ਸਰਗਨਾ ਅਨਿਲ ਕੁਮਾਰ ਉਰਫ ਬਿੱਲਾ ਵਾਸੀ ਸਾਂਬਾ, ਜੰਮੂ-ਕਸਮੀਰ ਵੀ ਸ਼ਾਮਲ ਹੈ। ਪੁਲਸ ਜਾਂਚ 'ਚ ਪਤਾ ਲੱਗਾ ਹੈ ਕਿ ਅਨਿਲ ਨੂੰ ਕਿਸੇ ਕਾਰਨ ਜੰਮੂ ਪੁਲਸ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਪੁਲਸ ਨੇ ਹਰਪ੍ਰੀਤ ਸਿੰਘ ਉਰਫ ਪ੍ਰੀਤ ਵਾਸੀ ਮੇਰਠ, ਸਤਵੀਰ ਸਿੰਘ ਉਰਫ ਬੱਬੂ ਵਾਸੀ ਪੀਲੀਭੀਤ, ਸੰਦੀਪ ਸਿੰਘ ਉਰਫ ਸੋਨੀ ਵਾਸੀ ਫਤਹਿਗੜ੍ਹ ਸਾਹਿਬ ਅਤੇ ਸ਼ਿਆਮ ਲਾਲ ਵਾਸੀ ਊਧਮਪੁਰ ਨੂੰ ਗ੍ਰਿਫਤਾਰ ਕੀਤਾ ਹੈ, ਜੋ ਜੰਮੂ ਪੁਲਸ ਤੋਂ ਸਸਪੈਂਡ ਸਿਪਾਹੀ ਹੈ। ਪੁਲਸ ਜਾਂਚ ਦੌਰਾਨ ਸਾਹਮਣੇ ਆਇਆ ਕਿ 2006 'ਚ ਰਾਜੇਸ ਡੋਗਰਾ ਨੇ ਬੱਕਰਾ ਗੈਂਗ ਦੇ ਮੁਖੀ ਦਾ ਕਤਲ ਕਰ ਦਿੱਤਾ ਸੀ। ਇਸ ਮਾਮਲੇ 'ਚ ਉਹ ਜੇਲ੍ਹ 'ਚ ਬੰਦ ਸੀ। ਇਸ ਤੋਂ ਬਾਅਦ ਮੁਲਜਮ ਅਨਿਲ ਕੁਮਾਰ ਉਰਫ ਬਿੱਲਾ ਹੀ ਬੱਕਰਾ ਗੈਂਗ ਨੂੰ ਚਲਾ ਰਿਹਾ ਸੀ। ਉਦੋਂ ਤੋਂ ਹੀ ਉਹ ਬੱਕਰਾ ਗੈਂਗ ਦੇ ਮੁਖੀ ਦੀ ਹੱਤਿਆ ਦਾ ਬਦਲਾ ਲੈਣਾ ਚਾਹੁੰਦਾ ਸੀ। 2015 "ਚ ਜਦੋਂ ਰਾਜੇਸ ਡੋਗਰਾ ਪੈਰੋਲ "ਤੇ ਜੇਲ੍ਹ ਤੋਂ ਬਾਹਰ ਆਇਆ ਤਾਂ ਬੱਕਰਾ ਗੈਂਗ ਨੇ ਉਸ ਨੂੰ ਮਾਰਨ ਦੀ ਯੋਜਨਾ ਬਣਾਈ ਸੀ ਪਰ ਉਹ ਬਚ ਗਿਆ ਸੀ। ਪੁਲਸ ਜਾਂਚ "ਚ ਸਾਹਮਣੇ ਆਇਆ ਹੈ ਕਿ ਰਾਜੇਸ ਡੋਗਰਾ 2023 "ਚ ਸਜਾ ਪੂਰੀ ਕਰ ਕੇ ਜੇਲ੍ਹ 'ਚੋਂ ਬਾਹਰ ਆਇਆ ਸੀ ਅਤੇ ਉਦੋਂ ਤੋਂ ਹੀ ਬੱਕਰਾ ਗੈਂਗ ਦੇ ਮੈਂਬਰ ਉਸ ਨੂੰ ਮਾਰਨ ਦੇ ਇਰਾਦੇ ਨਾਲ ਘੁੰਮ ਰਹੇ ਸਨ। ਪੁਲਸ ਜਾਂਚ "ਚ ਸਾਹਮਣੇ ਆਇਆ ਹੈ ਕਿ ਬੱਕਰਾ ਗੈਂਗ ਦੇ ਮੁਖੀ ਅਨਿਲ ਅਤੇ ਉਸ ਦੇ ਹੋਰ ਸਾਥੀ ਰਾਜੇਸ ਡੋਗਰਾ ਤੋਂ ਬਦਲਾ ਲੈਣ ਲਈ ਇੰਨੇ ਬੇਤਾਬ ਸਨ ਕਿ ਉਨ੍ਹਾਂ ਨੇ ਇਸ ਪੂਰੇ ਘਟਨਾਕ੍ਰਮ "ਤੇ ਕਰੀਬ ਇਕ ਕਰੋੜ ਰੁਪਏ ਖਰਚ ਕੀਤੇ ਸਨ। ਵਿਉਂਤਬੰਦੀ ਅਨੁਸਾਰ ਉਸ ਨੇ ਰਾਜੇਸ ਡੋਗਰਾ ਦਾ ਕਤਲ ਕਰਨ ਲਈ ਇਕ ਲਾਇਸੈਂਸੀ ਹਥਿਆਰ ਨੂੰ ਆਲਟਰ ਕਰ ਕੇ ਵਰਤਿਆ ਤਾਂ ਜੋ ਇਹ ਹਥਿਆਰ ਪੁਲਸ ਦੇ ਹੱਥ ਨਾ ਲੱਗ ਸਕੇ। ਇਸ ਕਾਰਨ ਉਨ੍ਹਾਂ ਨੇ ਜਾਅਲੀ ਪਤਿਆਂ 'ਤੇ ਬਣੇ ਹਥਿਆਰਾਂ ਦੇ ਲਾਇਸੈਂਸ ਵੀ ਬਣਾਏ ਸਨ। ਦੂਜੇ ਪਾਸੇ ਅਪਰਾਧ 'ਚ ਵਰਤੇ ਗਏ ਵਾਹਨ ਵੀ ਉਨ੍ਹਾਂ ਨੇ ਜਾਅਲੀ ਦਸਤਾਵੇਜਾਂ ਦੇ ਆਧਾਰ 'ਤੇ ਖਰੀਦੇ ਸਨ। ਅਪਰਾਧ 'ਚ ਵਰਤੀ ਗਈ ਇਕ ਕਾਰ ਮੁਲਜਮ ਦੇ ਪਰਿਵਾਰਕ ਮੈਂਬਰਾਂ ਦੇ ਨਾਂ 'ਤੇ ਸੀ। ਇਸ ਤਰ੍ਹਾਂ ਪੁਲਸ ਇਕ ਤੋਂ ਬਾਅਦ ਇਕ ਲਿੰਕ ਜੋੜ ਕੇ ਮੁਲਜ਼ਮਾਂ ਤੱਕ ਪਹੁੰਚ ਗਈ। ਐੱਸ. ਐੱਸ. ਪੀ. ਨੇ ਦੱਸਿਆ ਕਿ ਹੁਣ ਤੱਕ ਦੀ ਪੁਲਸ ਜਾਂਚ 'ਚ ਸਾਹਮਣੇ ਆਇਆ ਹੈ ਕਿ 8 ਤੋਂ 9 ਜਣੇ ਵਾਰਦਾਤ ਨੂੰ ਅੰਜਾਮ ਦੇਣ ਆਏ ਸਨ, ਜਿਨ੍ਹਾਂ 'ਚੋਂ ਹੁਣ ਤੱਕ 5 ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਜਦਕਿ ਬਾਕੀਆਂ ਦੀ ਭਾਲ "ਚ ਪੁਲਸ ਵਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਇਨ੍ਹਾਂ ਮੁਲਜਮਾਂ 'ਚੋਂ ਕੁਝ ਬੱਕਰਾ ਗਿਰੋਹ ਦੇ ਮੈਂਬਰ ਸਨ ਅਤੇ ਕਈਆਂ ਨੂੰ ਖਾਸ ਤੌਰ 'ਤੇ ਪੈਸੇ ਦੇ ਕੇ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਰੱਖਿਆ ਗਿਆ ਸੀ। ਪੁਲਸ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਰਾਜੇਸ ਡੋਗਰਾ ਦਾ ਇੱਕ ਸਾਥੀ ਬੱਕਰਾ ਗੈਂਗ 'ਚ ਸਾਮਲ ਹੋਇਆ ਸੀ ਅਤੇ ਯੋਜਨਾ ਤਹਿਤ ਉਸ ਨੇ ਰਾਜੇਸ ਡੋਗਰਾ ਨੂੰ ਬੁਲਾ ਕੇ ਸੈਕਟਰ-67 'ਚ ਰੋਕ ਲਿਆ ਸੀ ਅਤੇ ਬੱਕਰਾ ਗਿਰੋਹ ਦੇ ਮੈਂਬਰਾਂ ਨੂੰ ਸਾਰੀ ਜਾਣਕਾਰੀ ਦੇ ਰਿਹਾ ਸੀ। ਪੁਲਸ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਰਾਜੇਸ ਡੋਗਰਾ ਆਪਣੇ ਇਕ ਜਾਣਕਾਰ ਰਿਸਤੇਦਾਰ ਕੋਲ ਮੋਹਾਲੀ 'ਚ ਰਹਿ ਰਿਹਾ ਸੀ ਅਤੇ ਅਯੁੱਧਿਆ ਜਾਣਾ ਸੀ। ਇਕ ਦੋਸਤ ਨੇ ਉਸ ਨੂੰ ਪੂਰੀ ਯੋਜਨਾਬੰਦੀ ਨਾਲ ਮੀਟਿੰਗ ਲਈ ਸੈਕਟਰ-67 ਬੁਲਾਇਆ ਅਤੇ ਉਸ ਦੀ ਯੋਜਨਾ ਅਨੁਸਾਰ ਹੀ ਇਸ ਸਾਰੀ ਘਟਨਾ ਨੂੰ ਅੰਜਾਮ ਦਿੱਤਾ ਗਿਆ। ਐੱਸ.ਐੱਸ.ਪੀ. ਨੇ ਦੱਸਿਆ ਕਿ ਪੁਲਸ ਜਾਂਚ ਦੌਰਾਨ ਸਾਹਮਣੇ ਆਇਆ ਕਿ ਮ੍ਰਿਤਕ ਗੈਂਗਸਟਰ ਰਾਜੇਸ ਡੋਗਰਾ ਖ਼ਿਲਾਫ ਜੰਮੂ-ਕਸਮੀਰ ਦੇ ਇਲਾਕੇ "ਚ ਕਰੀਬ 15 ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ "ਚੋਂ ਜ਼ਿਆਦਾਤਰ ਕਤਲ ਨਾਲ ਸਬੰਧਤ ਸਨ। ਇਸੇ ਤਰ੍ਹਾਂ ਪੁਲਸ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਮੁਲਜਮ ਅਨਿਲ ਕੁਮਾਰ ਉਰਫ ਬਿੱਲਾ ਬੱਕਰਾ ਗਰੋਹ ਦਾ ਸਰਗਨਾ ਹੈ, ਜਿਸ ਖ਼ਿਲਾਫ ਇਲਾਕੇ 'ਚ ਕਰੀਬ 8 ਅਪਰਾਧਿਕ ਮਾਮਲੇ ਦਰਜ ਹਨ ਅਤੇ ਉਹ ਬੱਕਰਾ ਗਰੋਹ ਨੂੰ ਸੰਭਾਲਦਾ ਹੈ।

### ਜਲੰਧਰ ਪੁਲਸ ਵੱਲੋਂ ਵੱਡੇ ਅੰਤਰਰਾਸ਼ਟਰੀ ਡਰੱਗ ਤਸਕਰੀ ਦਾ ਪਰਦਾਫਾਸ਼

ਜਲੰਧਰ 14 ਮਾਰਚ। ਜਲੰਧਰ ਕਮਿਸਨਰੇਟ ਪੁਲਸ ਨੂੰ ਵੱਡੀ ਸਫਲਤਾ ਮਿਲੀ ਹੈ। ਜਲੰਧਰ ਕਮਿਸਨਰੇਟ ਪੁਲਸ ਨੇ ਅੰਤਰਰਾਸਟਰੀ ਨਸਾ ਤਸਕਰੀ ਦੇ 9 ਮੈਂਬਰਾਂ ਨੂੰ 22 ਕਿਲੋ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ। ਉਥੇ ਹੀ ਪੁਲਸ ਦੇ ਹੱਥ ਇਕ ਹੋਰ ਸਫਲਤਾ ਲੱਗੀ ਹੈ। ਪੁਲਸ ਨੇ ਝਾਰਖੰਡ ਦੇ ਇਕ ਕੁਲੈਕਟਰ ਨੂੰ 12 ਕਿਲੋ ਅਫੀਮ ਸਮੇਤ ਗ੍ਰਿਫਤਾਰ ਕੀਤਾ ਹੈ, ਜੋ ਅਫੀਮ ਦੀ ਖੇਤੀ ਕਰਨ ਦੇ ਨਾਲ ਖਰੀਦ ਵੀ ਕਰਦਾ ਸੀ। ਇਸ ਦੀ ਜਾਣਕਾਰੀ ਡੀ. ਜੀ. ਪੀ. ਪੰਜਾਬ ਵੱਲੋਂ 'ਐਕਸ' 'ਤੇ ਵੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪੁਲਸ ਟੀਮਾਂ ਨੇ ਡਰੱਗ ਮਨੀ ਵਾਲੇ 30 ਬੈਂਕ ਖਾਤਿਆਂ ਨੂੰ ਫ੍ਰੀਜ ਕਰ ਦਿੱਤਾ ਹੈ ਅਤੇ 9 ਕਰੋੜ ਰੁਪਏ ਦੇ ਵੱਡੇ ਤਬਾਦਲੇ ਕੀਤੇ ਗਏ ਹਨ। ਅਗਲੀ ਕਾਰਵਾਈ ਕਰਦੇ ਹੋਏ ਪੁਲਸ ਨੇ ਬੈਕਵਰਡ ਅਤੇ ਫਾਰਵਰਡ ਲਿੰਕਸ ਤੋਂ ਇਲਾਵਾ ਡਰੱਗ ਮਨੀ ਤੋਂ ਬਣੀਆਂ 6 ਕਰੋੜ ਰੁਪਏ ਦੀਆਂ 12 ਜਾਇਦਾਦਾਂ ਦੀ ਜਾਂਚ ਕੀਤੀ ਹੈ। ਪੁਲਸ ਨੇ ਉਕਤ ਮਾਮਲੇ 'ਚ ਦਿੱਲੀ 'ਚ 5 ਵਿਦੇਸੀ ਸੰਸਥਾਵਾਂ ਅਤੇ ਬ੍ਰਿਟੇਨ, ਅਮਰੀਕਾ, ਆਸਟ੍ਰੇਲੀਆ ਅਤੇ ਕੈਨੇਡਾ ਦੇ 6 ਕਸਟਮ ਅਧਿਕਾਰੀਆਂ ਨੂੰ ਨਾਮਜਦ ਕੀਤਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਭਾਰਤ-ਪਾਕਿਸਤਾਨ ਸਰਹੱਦ 'ਤੇ ਬੀ. ਐੱਸ. ਐੱਫ. ਨੇ 5 ਕਰੋੜ ਰੁਪਏ ਦੀ ਹੈਰੋਇਨ ਕੀਤੀ ਬਰਾਮਦ

ਫਿਰੋਜ਼ਪੁਰ 14 ਮਾਰਚ। ਫ਼ਿਰੋਜ਼ਪੁਰ 'ਚ ਭਾਰਤ-ਪਾਕਿਸਤਾਨ ਬਾਰਡਰ 'ਤੇ ਬੀ. ਐੱਸ. ਐੱਫ. ਨੇ ਸਰਚ ਮੁਹਿੰਮ ਦੌਰਾਨ ਇਕ ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਹ ਜਾਣਕਾਰੀ ਦਿੰਦੇ ਹੋਏ ਬੀ. ਐੱਸ. ਐੱਫ. ਪੰਜਾਬ ਫਰੰਟੀਅਰ ਦੇ ਜਨਸੰਪਰਕ ਅਧਿਕਾਰੀ ਨੇ ਦੱਸਿਆ ਕਿ ਸਰਹੱਦੀ ਪਿੰਡ ਕਿਲਚੇ ਦੇ ਇਕ ਕਣਕ ਦੇ ਖੇਤਾਂ 'ਚੋਂ ਇਕ ਜੁਰਾਬ 'ਚ ਰੱਖਿਆ ਹੋਇਆ ਪੈਕੇਟ ਮਿਲਿਆ ਹੈ, ਜਿਸ 'ਚ ਤਕਰੀਬਨ ਇਕ ਕਿੱਲੋ ਹੈਰੋਇਨ ਹੈ, ਜੋ ਪਾਕਿਸਤਾਨੀ ਤਸਕਰਾਂ ਵੱਲੋਂ ਭਾਰਤੀ ਸਰਹੱਦ 'ਚ ਭੇਜੀ ਗਈ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਰਾਮਦ ਹੈਰੋਇਨ ਦੀ ਅੰਤਰਰਾਸਟਰੀ ਮਾਰਕੀਟ 'ਚ ਕੀਮਤ ਲੱਗਭਗ 5 ਕਰੋੜ ਰੁਪਏ ਦੱਸੀ ਜਾਂਦੀ ਹੈ ਅਤੇ ਇਸ ਬਰਾਮਦਗੀ ਨਾਲ ਪਾਕਿਸਤਾਨੀ ਅਤੇ ਭਾਰਤੀ ਤਸਕਰਾਂ ਦੇ ਨਾਪਾਕ ਇਰਾਦੇ ਇਕ ਵਾਰ ਫਿਰ ਤੋਂ ਅਸਫਲ ਹੋ ਗਏ ਹਨ।

## ਹਾਲ-ਏ-ਪੰਜਾਬ ! ਬਠਿੰਡਾ ਦਫਤਰ ਦੇ ਬਾਹਰ ਬੇਹੋਸ਼ੀ ਦੀ ਹਾਲਤ 'ਚ ਮਿਲਿਆ ਨਸ਼ੇ 'ਚ ਧੁੱਤ ਨੌਜਵਾਨ

ਬਠਿੰਡਾ 14 ਮਾਰਚ। ਬਠਿੰਡਾ ਵਿਖੇ ਨਸ਼ੇ ਦੀ ਓਵਰਡੋਜ ਕਾਰਨ ਇਕ ਨੌਜਵਾਨ ਐੱਸ. ਐੱਸ. ਪੀ. ਦਫਤਰ ਦੇ ਬਾਹਰ ਬੇਹੋਸੀ ਦੀ ਹਾਲਤ ਵਿਚ ਪਿਆ ਮਿਲਿਆ। ਜਾਣਕਾਰੀ ਮੁਤਾਬਕ ਇਹ ਘਟਨਾ ਸਨੀਵਾਰ ਦੀ ਹੈ। ਐੱਸ. ਐੱਸ. ਪੀ. ਦਫਤਰ ਦੇ ਬਾਹਰ ਨਸੇ ਵਿੱਚ ਧੁੱਤ ਇਕ ਨੌਜਵਾਨ ਅਦਾਲਤ ਦੇ ਗੇਟ 'ਤੇ ਬੇਹੋਸ ਹੋ ਕੇ ਡਿੱਗ ਪਿਆ। ਉਥੋਂ ਲੰਘ ਰਹੇ ਕਈ ਲੋਕਾਂ ਨੇ ਉਸ ਨੂੰ ਇਸ ਹਾਲਤ ਵਿਚ ਦੇਖਿਆ ਪਰ ਕਿਸੇ ਨੇ ਵੀ ਉਸ ਨੂੰ ਚੁੱਕਣ ਦੀ ਕੋਸਸਿ ਨਹੀਂ ਕੀਤੀ। ਆਖਰਕਾਰ ਜਦੋਂ ਮਾਮਲਾ ਐੱਸ. ਐੱਸ. ਪੀ. ਗੁਲਨੀਤ ਸਿੰਘ ਖੁਰਾਣਾ ਦੇ ਧਿਆਨ ਵਿੱਚ ਆਇਆ ਤਾਂ ਉਨ੍ਹਾਂ ਤੁਰੰਤ ਨੌਜਵਾਨ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ। ਸਰਕਾਰ ਨਸਿਆਂ ਨੂੰ ਰੋਕਣ ਦੇ ਦਾਅਵੇ ਤਾਂ ਬਹੁਤ ਕਰ ਰਹੀ ਹੈ ਅਤੇ ਕਰੋੜਾਂ ਰੁਪਏ ਖਰਚ ਵੀ ਕਰ ਰਹੀ ਹੈ ਪਰ ਸੱਚਾਈ ਬਹੁਤ ਦੂਰ ਹੈ।

# ਪ੍ਰੇਮ ਸੰਬੰਧਾਂ ਦੀ ਰੰਜਿਸ਼ 'ਚ ਵੱਡੀ ਵਾਰਦਾਤ, ਵੀਡੀਓ 'ਚ ਦੇਖੋ ਕਿਵੇਂ 30-35 ਨੌਜਵਾਨਾਂ ਨੇ ਘਰ ਆ ਕੇ ਚਲਾਈਆਂ ਤਲਵਾਰਾਂ

ਫਰੀਦਕੋਟ 14 ਮਾਰਚ। ਫਰੀਦਕੋਟ ਵਿਚ ਪ੍ਰੇਮ ਸਬੰਧਾਂ ਕਾਰਨ ਪੈਦਾ ਹੋਈ ਰੰਜਿਸ਼ ਨੇ ਇੰਨਾਂ ਭਿਆਨਕ ਰੂਪ ਧਾਰ ਲਿਆ ਕਿ ਇਕ ਪਰਿਵਾਰ ਨੂੰ ਆਪਣੀ ਜਾਨ ਬਚਾਉਣ ਲਈ ਛੱਤ ਤੋਂ ਕਥਿਤ ਤੌਰ 'ਤੇ ਛਾਲ ਮਾਰ ਕੇ ਗੁਆਂਢੀਆਂ ਘਰ ਲੁਕਣਾਂ ਪਿਆ ਪਰ ਹਮਲਾਵਰਾਂ ਵੱਲੋਂ ਘਰ ਦਾ ਸਾਰਾ ਕੀਮਤੀ ਸਾਮਾਨ ਤਹਿਸ-ਨਹਿਸ ਕਰ ਦਿੱਤਾ ਗਿਆ। ਇਸ ਪੂਰੇ ਮਾਮਲੇ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਤੇਜੀ ਨਾਲ ਵਾਇਰਲ ਹੋ ਰਹੀ ਹੈ। ਵੀਡੀਓ 'ਚ ਸਾਫ ਨਜਰ ਆ ਰਿਹਾ ਹੈ ਕਿ ਵੱਡੀ ਗਿਣਤੀ 'ਚ ਨੌਜਵਾਨ ਤੇਜਧਾਰ ਹਥਿਆਰਾਂ ਨਾਲ ਲੈਸ ਹੋ ਕਿ ਇਕ ਘਰ 'ਤੇ ਹਮਲਾ ਕਰ ਕੇ ਭੰਨ-ਤੋੜ ਕਰ ਰਹੇ ਹਨ। ਹਮਲਾਵਰਾਂ ਦੇ ਇਸ ਹਮਲੇ ਵਿਚ ਮਕਾਨ ਮਾਲਕਾਂ ਦਾ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ ਪਰ ਨਾਲ ਲੱਗਦੇ ਘਰ ਦੀ ਛੱਤ 'ਤੇ ਸੌਂ ਰਿਹਾ ਨਾਬਾਲਗ ਹਮਲਾਵਰਾਂ ਵੱਲੋਂ ਚਲਾਈ ਇੱਟ ਨਾਲ ਬੁਰੀ ਤਰ੍ਹਾਂ ਜਖਮੀ ਹੋ ਗਿਆ। ਪੁਲਸ ਵੱਲੋਂ ਇਸ ਮਾਮਲੇ ਵਿਚ ਜਿੱਥੇ ਕੁਝ ਲੋਕਾਂ ਨੂੰ ਗ੍ਰਿਫਤਾਰ ਕਰਨ ਦੀ ਗੱਲ ਕਹੀ ਜਾ ਰਹੀ ਹੈ ਉੱਥੇ ਹੀ ਦੋਸ਼ੀਆਂ ਖ਼ਿਲਾਫ ਸਖਤ ਤੋਂ ਸਖਤ ਕਾਰਵਾਈ ਲਈ ਪੀੜਤ ਪਰਿਵਾਰ ਗੁਹਾਰ ਲਗਾ ਰਿਹਾ ਹੈ। ਜਾਣਕਾਰੀ ਮੁਤਾਬਕ ਇਹ ਮਾਮਲਾ ਮਾਮਲਾ ਫਰੀਦਕੋਟ ਦੇ ਮਹੁੱਲਾ ਮਾਹੀਖਾਨਾਂ ਦੇ ਇਕ ਘਰ ਦਾ ਹੈ। ਦੱਸਿਆ ਜਾ ਰਿਹਾ ਹੈ ਕਿ ਤਿੰਨ ਨੰਬਰ ਗਲੀ ਵਿਚ



ਰਹਿਣ ਵਾਲੇ ਇਕ ਨੌਜਵਾਨ ਦੇ ਘਰ ਕੁਝ ਲੋਕਾਂ ਨੇ ਦੇਰ ਰਾਤ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਭੰਨ-ਤੋੜ ਕੀਤੀ। ਇਸ ਸੰਬੰਧੀ ਜਦੋਂ ਮੌਕੇ 'ਤੇ ਜਾ ਕੇ ਪੀੜਤ ਪਰਿਵਾਰ ਨਾਲ ਗੱਲ ਕੀਤੀ ਗਈ ਤਾਂ ਮਕਾਨ ਮਾਲਕ ਨੌਜਵਾਨ ਨੇ ਦੱਸਿਆ ਕਿ ਉਹ ਫਾਸਟ ਫੂਡ ਦੀ ਰੇਹੜੀ ਲਗਾਉਂਦਾ ਹੈ। ਦੇਰ ਰਾਤ ਉਸ ਨੇ ਆਪਣੇ ਭਰਾ ਨੂੰ ਰੇਹੜੀ 'ਤੇ ਕਿਸੇ ਕੰਮ ਸੰਬੰਧੀ ਬੁਲਾਇਆ ਸੀ। ਇਸ ਦੌਰਾਨ ਜਦੋਂ ਉਸ ਦਾ ਭਰਾ ਉਸ ਨਾਲ ਕੰਮਕਾਰ ਕਰਵਾ ਕੇ ਜਦੋਂ ਘਰ ਆਉਣ ਲੱਗਾ ਤਾਂ ਉਸ ਨੂੰ ਕਿਸੇ ਦੋਸਤ ਦਾ ਫੋਨ ਆਇਆ ਤਾਂ ਉਹ ਆਪਣੇ ਦੋਸਤ ਕੋਲ ਚਲਾ ਗਿਆ। ਉਨ੍ਹਾਂ ਦੱਸਿਆ ਕਿ ਰਾਹ ਵਿਚ ਕੁਝ ਲੋਕਾਂ ਨੇ ਉਸ ਦੇ ਭਰਾ ਅਤੇ ਉਸ ਦੇ ਦੋਸਤ ਦੀ ਕਾਫੀ ਕੁੱਟਮਾਰ ਕੀਤੀ, ਜਿਸ ਕਾਰਨ ਉਸ ਦੇ ਭਰਾ ਦਾ ਦੋਸਤ ਹਸਪਤਾਲ ਭਰਤੀ ਹੋ ਗਿਆ ਪਰ ਉਸ ਦਾ ਭਰਾ ਦਾਖਲ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਉਸ ਤੋਂ ਬਾਅਦ ਜਦੋਂ ਉਹ ਆਪਣਾਂ ਕੰਮ ਕਾਰ ਬੰਦ ਕਰ ਕੇ ਘਰ ਆ ਗਿਆ ਤਾਂ ਕੁਝ ਲੋਕਾਂ ਨੇ ਉਨ੍ਹਾਂ ਦੇ ਘਰ ਦੇ ਦਰਵਾਜੇ ਭੰਨਣੇ ਸ਼ੁਰੂ ਕਰ ਦਿੱਤੇ, ਜਿਸ ਕਾਰਨ ਉਸ ਨੇ ਆਪਣੇ ਬੱਚਿਆ, ਪਤਨੀ ਅਤੇ ਮਾਂ ਨੂੰ ਆਪਣੇ ਘਰ ਦੀ ਛੱਤ ਰਾਹੀਂ ਆਪਣੇ ਗੁਆਂਢੀਆਂ ਘਰ ਲੁੱਕਾ ਦਿੱਤਾ ਪਰ ਹਮਲਾਵਰਾਂ ਨੇ ਉਨ੍ਹਾਂ ਦੇ ਘਰ ਦੇ ਦਰਵਾਜੇ ਭੰਨ ਕੇ ਅੰਦਰ ਆ ਕੇ ਘਰ ਦਾ ਸਾਰਾ ਸਾਮਾਨ ਤੋੜ ਦਿੱਤਾ ਤੇ ਉਨ੍ਹਾਂ ਬਹੁਤ ਮੁਸ਼ਕਿਲ ਨਾਲ ਆਪਣੀ ਜਾਨ ਬਚਾਈ। ਜਾਣਕਾਰੀ ਮੁਤਾਬਕ ਉਸ ਦੇ ਭਰਾ ਦੀ ਮੁਹੱਲੇ ਦੇ ਕੁਝ ਲੋਕਾਂ ਨਾਲ ਪੁਰਾਣੀ ਰੰਜਿਸ਼ ਹੈ, ਜਿਸ ਕਾਰਨ ਉਹ ਉਸ ਨਾਲ ਅਕਸਰ ਲੜਦੇ-ਝਗੜਦੇ ਰਹਿੰਦੇ ਹਨ। ਇਸੇ ਰੰਜਿਸ਼ ਤਹਿਤ ਅੱਜ ਉਨ੍ਹਾਂ ਨੇ ਘਰ ਆ ਕੇ ਪਰਿਵਾਰ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੱਸਿਆ ਕਿ ਜਦੋਂ ਉਕਤ ਹਮਲਾਵਰ ਉਨ੍ਹਾਂ ਦੇ ਘਰ ਦੀ ਭੰਨ-ਤੋੜ ਕਰ ਰਹੇ ਸਨ ਤਾਂ ਉਨ੍ਹਾਂ ਕਈ ਵਾਰ ਪੁਲਸ ਨੂੰ ਫੋਨ ਕੀਤਾ ਪਰ ਕਰੀਬ ਇੱਕ ਘੰਟੇ ਬਾਅਦ ਪੁਲਸ ਮੌਕੇ 'ਤੇ ਪਹੁੰਚੀ। ਉਨ੍ਹਾਂ ਆਖਿਆ ਕਿ ਇਹ ਸ਼ਰੇਆਮ ਗੁੰਡਾਗਰਦੀ ਹੈ, ਜਿਸ ਦਾ ਇਨਸਾਫ ਮਿਲਣਾ ਚਾਹੀਦਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ. ਫਰੀਦਕੋਟ ਹਰਜੀਤ ਸਿੰਘ ਨੇ ਦੱਸਿਆ ਨੇ ਕਿ ਜੋ ਸ਼ੋਸਲ ਮੀਡੀਆ 'ਤੇ ਵੀਡੀਓ ਵਾਇਰਲ ਹੋ ਰਹੀ ਹੈ ਉਹ ਮੁਹੱਲਾ ਮਾਹੀਖਾਨਾਂ ਦੀ ਹੈ ਜਿੱਥੇ ਦੇਰ ਰਾਤ ਕੁਝ ਲੋਕਾਂ ਨੇ ਇਕ ਪਰਿਵਾਰ ਦੇ ਘਰ 'ਤੇ ਹਮਲਾ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਸ ਹਮਲੇ ਵਿਚ ਕਿਸੇ ਵੀ ਪਰਿਵਾਰਕ ਮੈਂਬਰ ਦੇ ਜਖਮੀ ਹੋਣ ਸਬੰਧੀ ਕੋਈ ਜਾਣਕਾਰੀ ਨਹੀਂ। ਪੁਲਸ ਨੇ ਪੀੜਤ ਪਰਿਵਾਰ ਦੇ ਬਿਆਨਾਂ 'ਤੇ 5 ਲੋਕਾਂ ਖ਼ਿਲਾਫ ਅਤੇ ਕੁਝ ਅਣਪਛਾਤਿਆਂ 'ਤੇ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਤਿੰਨ ਲੋਕਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਹੈ। ਐੱਸ. ਐੱਸ. ਪੀ. ਨੇ ਦੱਸਿਆ ਕਿ ਇਹ ਹਮਲਾ ਪੁਰਾਣੀ ਰੰਜਿਸ਼ ਤਹਿਤ ਹੋਇਆ ਹੈ ਅਤੇ ਇਹ ਰੰਜਿਸ਼ ਪ੍ਰੇਮ ਸੰਬੰਧਾਂ ਕਾਰਨ ਹੈ। ਪੁਲਸ ਵੱਲੋਂ ਹਰ ਪਹਿਲੂ ਤੋਂ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਕਿਸੇ ਨੂੰ ਵੀ ਕਾਨੂੰਨ ਹੱਥ ਵਿਚ ਲੈਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ।

# ਐਕਸਾਈਜ਼ ਵਿਭਾਗ ਦੀ ਟੀਮ ਨੇ ਮੰਡ ਇਲਾਕੇ ਤੋਂ ਬਰਾਮਦ ਕੀਤਾ ਨਾਜਾਇਜ਼ ਸ਼ਰਾਬ ਦਾ ਜ਼ਖੀਰਾ

ਤਰਨ ਤਾਰਨ 14 ਮਾਰਚ। ਨਾਜਾਇਜ਼ ਸ਼ਰਾਬ ਖ਼ਿਲਾਫ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਤਰਨਤਾਰਨ ਤੇ ਫਿਰੋਜ਼ਪੁਰ ਦੀ ਸਾਂਝੀ ਵਿਸ਼ੇਸ਼ ਐਕਸਾਈਜ਼ ਟੀਮਾਂ ਵਲੋਂ ਮੰਡ ਇਲਾਕੇ 'ਚ ਛਾਪੇਮਾਰੀ ਕਰਦੇ ਹੋਏ 75 ਹਜ਼ਾਰ ਲੀਟਰ ਲਾਹਣ, 215 ਲੀਟਰ ਨਾਜਾਇਜ਼ ਸ਼ਰਾਬ, 4 ਚਾਲੂ ਭੱਠੀਆਂ, 23 ਤਿਰਪਾਲਾਂ, 5 ਡਰੰਮ, 12 ਪਲਾਸਟਿਕ ਕੈਨ ਸਣੇ ਹੋਰ ਸਾਮਾਨ ਬਰਾਮਦ ਕਰਨ 'ਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਜ਼ਿਕਰਯੋਗ ਹੈ ਕਿ ਇਸ ਕਾਰਵਾਈ ਉਪਰੰਤ ਥਾਣਾ ਹਰੀਕੇ ਵਿਖੇ ਤਿੰਨ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਐਕਸਾਈਜ਼ ਵਿਭਾਗ ਤਰਨਤਾਰਨ ਦੇ ਈ. ਟੀ. ਓ. ਨਵਜੋਤ ਭਾਰਤੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਕਸਾਈਜ਼ ਕਮਿਸ਼ਨਰ ਪੰਜਾਬ ਵਰੁਣ ਰੂਜ਼ਮ ਵਲੋਂ ਨਾਜਾਇਜ਼ ਸ਼ਰਾਬ ਖ਼ਿਲਾਫ ਜਾਰੀ ਕੀਤੇ ਗਏ ਸਖਤ ਹੁਕਮਾਂ ਤਹਿਤ ਉੱਪ ਕਮਿਸ਼ਨਰ ਜਲੰਧਰ ਜੋਨ ਪਰਮਜੀਤ ਸਿੰਘ ਅਤੇ ਉੱਪ ਕਮਿਸ਼ਨਰ ਫਿਰੋਜ਼ਪੁਰ ਪਵਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਸੀ, ਜਿਸ 'ਚ ਅੰਮ੍ਰਿਤਸਰ ਰੇਂਜ ਦੇ ਨਵਜੀਤ ਸਿੰਘ ਅਤੇ ਫਿਰੋਜ਼ਪੁਰ ਰੇਂਜ ਦੇ ਉਮੇਸ਼ ਭੰਡਾਰੀ ਦੀ ਅਗਵਾਈ ਵਾਲੀ ਟੀਮ



ਮੌਜੂਦ ਸੀ। ਉਨ੍ਹਾਂ ਦੱਸਿਆ ਕਿ ਸ਼ਨੀਵਾਰ ਸਵੇਰੇ ਦਰਿਆ ਬਿਆਸ ਨਜ਼ਦੀਕ ਵੱਖ-ਵੱਖ ਇਲਾਕਿਆਂ, ਜਿਨ੍ਹਾਂ ਵਿਚ ਮੰਡ, ਕਿੜੀਆਂ, ਮਰੜ ਤੋਂ ਇਲਾਵਾ ਹੋਰ ਇਲਾਕਿਆਂ ਵਿਚ ਤਲਾਸ਼ੀ ਅਭਿਆਨ ਚਲਾਇਆ ਗਿਆ, ਜਿਸ ਤਹਿਤ ਟੀਮ ਵਲੋਂ 75 ਹਜ਼ਾਰ ਲੀਟਰ ਲਾਹਣ, 215 ਲੀਟਰ ਨਾਜਾਇਜ਼ ਸ਼ਰਾਬ, 4 ਚਾਲੂ ਭੱਠੀਆਂ, 23 ਤਿਰਪਾਲਾਂ, 5 ਡਰੰਮ, 12 ਪਲਾਸਟਿਕ ਕੈਨ ਸਮੇਤ ਹੋਰ ਸਾਮਾਨ ਬਰਾਮਦ ਕਰਨ 'ਚ ਸਫਲਤਾ ਹਾਸਲ ਹੋਈ। ਨਵਜੋਤ ਭਾਰਤੀ ਨੂੰ ਦੱਸਿਆ ਕਿ ਬਰਾਮਦ ਕੀਤੀ ਗਈ ਲਾਹਣ ਨੂੰ ਮੌਕੇ 'ਤੇ ਸੁੱਕੀ ਜਗ੍ਹਾ ਉੱਪਰ ਨਸ਼ਟ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਤਹਿਤ ਹਰੀਕੇ ਵਿਖੇ ਤਿੰਨ ਮੁਲਜ਼ਮਾਂ ਖ਼ਿਲਾਫ ਮਾਮਲਾ ਦਰਜ ਕਰਦੇ ਹੋਏ ਪੁਲਸ ਵਲੋਂ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਵਿਆਹੁਤਾ ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ 'ਚ ਪਤੀ, ਦਿਓਰ ਅਤੇ ਸੱਸ ਖ਼ਿਲਾਫ ਕੇਸ ਦਰਜ

ਗੁਰਦਾਸਪੁਰ 14 ਮਾਰਚ। ਵਿਆਹੁਤਾ ਨੂੰ ਨਾ ਵਸਾਉਣ ਅਤੇ ਦਾਜ 'ਚ ਦਿੱਤਾ ਸਾਮਾਨ ਖੁਰਦ-ਬੁਰਦ ਕਰਨ ਦੇ ਦੋਸ਼ 'ਚ ਗੁਰਦਾਸਪੁਰ ਸਦਰ ਪੁਲਸ ਨੇ ਸ਼ਿਕਾਇਤਕਰਤਾ ਦੇ ਪਤੀ, ਦਿਓਰ ਅਤੇ ਸੱਸ ਦੇ ਖ਼ਿਲਾਫ ਕੇਸ ਦਰਜ ਕੀਤਾ ਹੈ। ਇਸ ਸਬੰਧੀ ਸਬ ਇੰਸਪੈਕਟਰ ਭਗਵਾਨ ਸਿੰਘ ਨੇ ਦੱਸਿਆ ਕਿ ਪੀੜਤਾ ਜਸਬੀਰ ਕੌਰ ਪੁੱਤਰੀ ਭਗਵਾਨ ਸਿੰਘ ਨੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦਾ ਵਿਆਹ 14-7-21 ਨੂੰ ਸਤਨਾਮ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਪਿੰਡ ਮੰਜ ਦੇ ਨਾਲ ਹੋਇਆ ਸੀ। ਵਿਆਹ ਦੇ ਬਾਅਦ ਸ਼ਿਕਾਇਤਕਰਤਾ ਦਾ ਪਤੀ ਸਤਨਾਮ ਸਿੰਘ, ਦਿਓਰ ਜਗਰੂਪ ਸਿੰਘ ਅਤੇ ਸੱਸ ਪਰਮਜੀਤ ਕੌਰ ਉਸ ਨੂੰ ਘਰ ਵਿਚ ਨਾ ਰੱਖਣ ਦੇ ਲਈ ਤੰਗ-ਪ੍ਰੇਸ਼ਾਨ ਕਰਨ ਲੱਗੇ ਅਤੇ ਉਸ ਦੇ ਮਾਂ-ਬਾਪ ਵੱਲੋਂ ਵਿਆਹ ਦੇ ਸਮੇਂ ਦਿੱਤਾ ਦਾਜ ਵੀ ਮੁਲਜਮਾਂ ਨੇ ਖੁਰਦ-ਬੁਰਦ ਕਰ ਦਿੱਤਾ। ਇਸ ਸ਼ਿਕਾਇਤ ਦੀ ਜਾਂਚ ਡੀ. ਐੱਸ. ਪੀ ਕ੍ਰਾਈਮ ਵੱਲੋਂ ਕਰਨ ਤੋਂ ਬਾਅਦ ਮੁਲਜਮਾਂ ਖ਼ਿਲਾਫ ਕੇਸ ਦਰਜ ਕੀਤਾ ਗਿਆ।

# ਸਾਥੀ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ

ਜਲੰਧਰ 14 ਮਾਰਚ। ਭਾਵੇਂ ਤੁਸੀਂ ਕਿੰਨੀ ਵੀ ਕਿਉਂ ਨਾ ਕੀਤੀ ਹੋਵੇ, ਜੇ ਲੰਮੇ ਸਮੇਂ ਲਈ ਮੈਦਾਨ 'ਚ ਡਟੇ ਰਹਿਣਾ ਹੈ ਤਾਂ ਇਹ ਆਰਟੀਕਲ ਕਰੇਗਾ ਤੁਹਾਡੀ ਪੂਰੀ ਮਦਦ। ਮਰਦਾਨਾ ਕਮਜੋਰੀ ਅੱਜ ਦੇ ਯੁੱਗ ਦੇ ਹਰ ਦੂਜੇ ਮਰਦ 'ਚ ਪਾਈ ਜਾਣ ਵਾਲੀ ਇਕ ਆਮ ਬੀਮਾਰੀ ਬਣਦੀ ਜਾ ਰਹੀ ਹੈ। ਉਂਝ ਤਾਂ ਮਰਦਾਨਾ ਕਮਜੋਰੀ ਕਈ ਤਰ੍ਹਾਂ ਦੀ ਹੁੰਦੀ ਹੈ ਪਰ ਇਸ ਦੀਆਂ ਦੋ ਕਿਸਮਾਂ ਬਹੁਤ ਆਮ ਹਨ ਢਿੱਲਾਪਣ ( ) ਤੇ ਸ਼ੀਘਰਪਤਨ ( )। ਮਰਦਾਨਾ ਕਮਜੋਰੀ ਦਾ ਮੁੱਖ ਕਾਰਨ ਦਿਮਾਗੀ ਤੇ ਸਰੀਰਕ ਹੁੰਦਾ ਹੈ। ਜ਼ਿਆਦਾਤਰ ਮਰਦਾਂ ਨੂੰ ਇਹੀ ਦਿੱਕਤ ਆਉਂਦੀ ਹੈ ਕਿ ਜਦੋਂ ਉਹ ਆਪਣੇ ਪਾਰਟਨਰ ਨਾਲ ਸੰਭੋਗ ( ) ਕਰਨ ਲੱਗਦੇ ਹਨ ਤਾਂ ਉਹ ਆਪਣੇ ਗੁਪਤ ਅੰਗ 'ਚ ਜੋਸ਼ ਜਾਂ ਤਾਕਤ ਮਹਿਸੂਸ ਨਹੀਂ ਕਰਦੇ। ਇਸ ਬੀਮਾਰੀ ਨੂੰ ਨਿਪੁੰਸਕਤਾ ਵੀ ਕਿਹਾ ਜਾਂਦਾ ਹੈ ਜਾਂ ਕਈ ਮਰਦਾਂ ਦੀ ਇਹ ਸ਼ਿਕਾਇਤ ਹੁੰਦੀ ਹੈ ਕਿ ਜਦੋਂ ਉਹ ਆਪਣੇ ਪਾਰਟਨਰ ਨਾਲ ਸੰਭੋਗ ( ) ਕਰਦੇ ਹਨ ਤਾਂ ਉਨ੍ਹਾਂ ਦੇ ਆਪਣੀ ਜਾਂ ਆਪਣੇ ਪਾਰਟਨਰ ਦੀ ਤਸੱਲੀ ਤੋਂ ਪਹਿਲਾਂ ਹੀ ਹੱਥ ਖੜ੍ਹੇ ਹੋ ਜਾਂਦੇ ਹਨ। ਮਰਦਾਨਾ ਕਮਜੋਰੀ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ ਟੈਨਸ਼ਨ, ਡਿਪ੍ਰੈਸ਼ਨ, ਨੀਂਦ ਪੂਰੀ ਨਾ ਲੈਣਾ, ਸਰੀਰਕ ਕਸਰਤ ਨਾ ਕਰਨਾ, ਆਪ੍ਰੇਸ਼ਨ, ਸ਼ੂਗਰ, ਬੀ. ਪੀ., ਅੰਗਰੇਜੀ ਦਵਾਈਆਂ, ਬਚਪਨ 'ਚ ਹੋਇਆ ਸ਼ੋਸ਼ਣ ( ), ਬਚਪਨ ਦੀਆਂ ਗਲਤੀਆਂ, ਜ਼ਿਆਦਾ ਤਲਿਆ/ਖੱਟਾ ਖਾਣਾ, ਨਸ਼ਾ, ਜ਼ਿਆਦਾ ਇਲੈਕਟ੍ਰੋਨਿਕ ਗੈਜੇਟਸ ਦੀ ਵਰਤੋਂ, ਟਾਈਟ ਕੱਪੜੇ ਪਹਿਨਣਾ ਆਦਿ। ਇਨ੍ਹਾਂ ਸਾਰੇ ਕਾਰਨਾਂ ਕਰਕੇ ਅੱਜ ਦਾ ਮਰਦ ਮਰਦਾਨਾ ਤੌਰ 'ਤੇ ਬੁਰੀ ਤਰ੍ਹਾਂ ਖੱਸੀ ਹੁੰਦਾ ਜਾ ਰਿਹਾ ਹੈ। ਪੈਸਾ/ਨਾਂ ਕਮਾਉਣ 'ਚ ਰੁੱਝਿਆ ਮਰਦ ਆਪਣੇ ਸਰੀਰ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਿਹਾ, ਜਿਸ ਕਾਰਨ ਉਹ ਮਰਦਾਨਾ ਕਮਜੋਰੀ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਇਕ ਔਰਤ ਆਪਣੇ ਪਾਰਟਨਰ ਤੋਂ ਇਕ ਚੰਗੇ ਸਰੀਰਕ ਸੁੱਖ ਦੀ ਇੱਛਾ ਰੱਖਦੀ ਤੇ ਉਸ ਦੀ ਇਹ ਇੱਛਾ ਪੂਰੀ ਨਾ ਹੋਣ 'ਤੇ ਵਿਆਹੁਤਾ ਜੀਵਨ 'ਚ ਦਰਾਰ ਆ ਸਕਦੀ ਹੈ ਜਾਂ ਇੰਝ ਕਹੀਏ ਕਿ ਵਿਆਹੁਤਾ ਜੀਵਨ ਤੋਂ ਬਾਹਰ ਜਾ ਸਕਦੀ ਹੈ। ਇਸ ਬੀਮਾਰੀ ਦਾ ਸਮੇਂ ਸਿਰ ਇਲਾਜ ਕਰਵਾਉਣਾ ਬਹੁਤ ਜਰੂਰੀ ਹੈ। ਦਿਨ-ਰਾਤ ਕਮਾਏ ਪੈਸੇ ਜਾਂ ਨਾਂ ਦਾ ਕੀ ਲਾਭ ਜੇਕਰ ਤੁਹਾਡਾ ਪਾਰਟਨਰ ਹੀ ਤੁਹਾਡੇ ਤੋਂ ਸੰਤੁਸ਼ਟ ਨਹੀਂ। ਔਰਤ ਦੀ ਸਤੁੰਸ਼ਟੀ ਪੈਸੇ ਨਾਲ ਨਹੀਂ ਸਰੀਰਕ ਸੁੱਖ ਨਾਲ ਹੁੰਦੀ ਹੈ। ਇਸ ਲਈ ਆਪਣੀ ਮਰਦਾਨਾ ਕਮਜੋਰੀ ਨੂੰ ਖਤਮ ਕਰਨ ਵਾਲੇ ਪਾਸੇ ਸੋਚਣਾ ਚਾਹੀਦਾ ਹੈ, ਨਾ ਕਿ ਇਸ ਨੂੰ ਇਗਨੋਰ ਕਰਨਾ ਚਾਹੀਦਾ ਹੈ।

## ਦਾਜ ਲਈ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ 'ਚ ਪਤੀ ਖਿਲਾਫ ਮਾਮਲਾ ਦਰਜ

ਦਸੂਹਾ 14 ਮਾਰਚ। ਦਸੂਹਾ ਪੁਲਸ ਨੇ ਔਰਤ ਦੀ ਸ਼ਿਕਾਇਤ 'ਤੇ ਉਸ ਦੇ ਪਤੀ ਖ਼ਿਲਾਫ ਦਾਜ ਲਈ ਤੰਗ-ਪ੍ਰੇਸ਼ਾਨ ਕਰਨ, ਕੁੱਟਮਾਰ ਕਰਨ ਅਤੇ ਘਰੋਂ ਕੱਢਣ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਪਿੰਕੀ ਵਾਸੀ ਪਿੰਡ ਸੱਗਰਾਂ ਨੇ ਦੱਸਿਆ ਕਿ ਉਸ ਦਾ ਪਤੀ ਬਾਬੂ ਰਾਮ ਪੁੱਤਰ ਮਾਨ ਸਿੰਘ ਵਾਸੀ ਚੰਡੀਗੜ੍ਹ ਉਸ ਨੂੰ ਦਾਜ ਲਈ ਤੰਗ ਪ੍ਰੇਸ਼ਾਨ ਕਰਦਾ ਸੀ ਅਤੇ ਕਾਫੀ ਸਮੇਂ ਤੋਂ ਉਸ ਦੀ ਕੁੱਟਮਾਰ ਕਰਦਾ ਸੀ। ਇਸ ਦੇ ਨਾਲ ਹੀ ਉਸ ਨੂੰ ਘਰੋਂ ਕੱਢ ਦਿੰਦਾ ਸੀ। ਹਾਲ ਹੀ ਵਿੱਚ ਮੇਰੇ ਪਤੀ ਨੇ ਮੈਨੂੰ ਕੁੱਟਿਆ ਅਤੇ ਘਰੋਂ ਬਾਹਰ ਕੱਢ ਦਿੱਤਾ। ਜਿਸ ਤੋਂ ਬਾਅਦ ਉਹ ਅਪਣੇ ਪੇਕੇ ਪਰਿਵਾਰ ਦਸੂਹਾ ਦੇ ਪਿੰਡ ਸੱਗਰਾ ਆ ਗਈ। ਇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਗਈ।

## ਸਰਕਾਰੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਮਾਰੀ ਲੱਖਾਂ ਦੀ ਠੱਗੀ, 4 ਨਾਮਜਦ

ਮੁੱਲਾਂਪੁਰ ਦਾਖਾ 14 ਮਾਰਚ। ਥਾਣਾ ਦਾਖਾ ਦੀ ਪੁਲਸ ਨੇ ਗੁਰਸੇਵਕ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਪੁੜੈਣ ਦੇ ਬਿਆਨਾਂ 'ਤੇ ਦੀਪਕ ਕੁਮਾਰ ਪੁੱਤਰ ਜਗਦੀਸ਼ ਕੁਮਾਰ ਵਾਸੀ ਮੁਹੱਲਾ ਸ਼ਾਸਤਰੀ ਨਗਰ ਜਗਰਾਓਂ, ਜਸਕਰਨ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪੁੜੈਣ, ਰਾਜਵੀਰ ਸਿੰਘ ਪੁੱਤਰ ਨਾਜਰ ਸਿੰਘ ਵਾਸੀ ਚੀਤੇਵਾਲ ਅੰਮ੍ਰਿਤਸਰ ਅਤੇ ਜਗਦੀਪ ਸਿੰਘ ਉਰਫ ਕਰਨ ਵਾਸੀ ਭੀਖੀ ਵਿਰੁੱਧ ਜੇਰੇ ਧਾਰਾ 420, 467, 468, 471' 120 ਬੀ ਅਧੀਨ ਕੇਸ ਦਰਜ ਕੀਤਾ ਗਿਆ ਹੈ । ਠੱਗੀ ਦੇ ਸ਼ਿਕਾਰ ਹੋਏ ਗੁਰਸੇਵਕ ਸਿੰਘ ਵੱਲੋਂ ਦਿੱਤੀ ਦਰਖਾਸਤ ਦੀ ਪੜਤਾਲ ਕਪਤਾਨ ਪੁਲਸ ਵੱਲੋਂ ਅਮਲ 'ਚ ਲਿਆਂਦੀ ਗਈ । ਪੜਤਾਲ 'ਚ ਪਾਇਆ ਗਿਆ ਕਿ ਦੀਪਕ ਕੁਮਾਰ, ਜਸਕਰਨ ਸਿੰਘ, ਰਾਜਵੀਰ ਸਿੰਘ ਉਰਫ ਸੁਖਵੰਤ ਸਿੰਘ ਉਰਫ ਮਾਮਾ ਅਤੇ ਜਗਦੀਪ ਸਿੰਘ ਉਰਫ ਕਰਨ ਨੇ ਪੂਰੀ ਸੋਚੀ ਸਮਝੀ




ਸਾਜਸ਼ਿ ਤਹਿਤ ਦਰਖਾਸਤੀ ਗੁਰਸੇਵਕ ਸਿੰਘ ਨੂੰ ਐੱਫ. ਸੀ. ਆਈ. ਮਹਿਕਮੇ ਵਿਚ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 15 ਲੱਖ ਰੁਪਏ ਹਾਸਲ ਕਰਨਾ ਅਤੇ ਆਪਣੇ ਵੱਲੋਂ ਜਾਅਲੀ ਜੁਆਨਿੰਗ ਆਰਡਰ ਅਤੇ ਆਈ. ਡੀ. ਕਾਰਡ ਤਿਆਰ ਕਰਕੇ ਦੇਣ ਉਪਰੰਤ ਚਲਾਕੀ ਨਾਲ ਵਾਪਸ ਲੈ ਕੇ ਫਰਜੀ ਟ੍ਰੇਨਿੰਗ ਦੇਣਾ ਅਤੇ ਨੌਕਰੀ ਦੇਣ ਦਾ ਝਾਂਸਾ ਦੇ ਕੇ ਹਾਸਲ ਕੀਤੇ ਗਏ 15 ਲੱਖ ਰੁਪਏ 'ਚੋਂ ਸਿਰਫ 02 ਲੱਖ ਰੁਪਏ ਵਾਪਸ ਕਰਕੇ 13 ਲੱਖ ਰੁਪਏ ਠੱਗੀ ਮਾਰੀ ਗਈ ਹੈ। ਸੀਨੀਅਰ ਕਪਤਾਨ ਪੁਲਸ ਦੇ ਹੁਕਮਾਂ 'ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ । ਮਾਮਲੇ ਦੀ ਜਾਂਚ ਏ. ਐੱਸ. ਆਈ. ਨਰਿੰਦਰ ਕੁਮਾਰ ਕਰ ਰਹੇ ਹਨ।

## ਸਗਨ ਸਮਾਗਮ 'ਚ ਦੋ ਧਿਰਾਂ ਦਾ ਹੋਇਆ ਝਗੜਾ, ਚੱਲੇ ਤੇਜ਼ਧਾਰ ਹਥਿਆਰ, 3 ਜਖਮੀ

ਅੰਮ੍ਰਿਤਸਰ 14 ਮਾਰਚ। ਪੰਜਾਬ ਵਿਚ ਇਸ ਸਮੇਂ ਲਾਅ ਐਂਡ ਆਰਡਰ ਇਸ ਕਦਰ ਡਿਗਦਾ ਜਾ ਰਿਹਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਦਾ ਡਰ ਨਹੀਂ ਰਿਹਾ ਅਤੇ ਨਿੱਕੀ ਗੱਲ ਤੇ ਲੋਕ ਇਕ-ਦੂਸਰੇ ਨੂੰ ਮਰਨ ਮਰਾਉਣ ਤੱਕ ਪਹੁੰਚ ਜਾਂਦੇ ਹਨ। ਇਸ ਤਰ੍ਹਾਂ ਤਾਜਾ ਮਾਮਲਾ ਅੰਮ੍ਰਿਤਸਰ ਸਿਵਲ ਲਾਈਨ ਥਾਣੇ ਅਧੀਨ ਆਉਂਦੇ ਨਿੱਜੀ ਪੈਲਸ ਦਾ ਹੈ ਜਿੱਥੇ ਕਿ ਅੱਜ ਸਗਨ ਸਮਾਗਮ ਦੌਰਾਨ ਨਿੱਕੀ ਜਿਹੀ ਗੱਲ ਨੂੰ ਲੈ ਕੇ ਕਿਰਚਾਂ ਚੱਲ ਪਈਆਂ, ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਜਖਮੀ ਨੌਜਵਾਨ ਚੇਤੰਨ ਨੇ ਦੱਸਿਆ ਕਿ ਉਨ੍ਹਾਂ ਦੇ ਭਰਾ ਦਾ ਸਗਨ ਅੰਮ੍ਰਿਤਸਰ ਕਚਹਿਰੀ ਚੌਂਕ ਨਜਦੀਕ ਪਸੋਰੀਆ ਹਾਲ ਵਿਚ ਸੀ ਅਤੇ ਉਥੇ ਇਕ ਨੌਜਵਾਨ ਪਹੁੰਚਿਆ ਹੋਇਆ ਸੀ, ਜੋ ਕਿ ਈ-ਰਿਕਸਾ ਚਲਾਉਂਦਾ ਸੀ ਅਤੇ ਪਰਿਵਾਰਿਕ ਮੈਂਬਰਾਂ ਨੂੰ ਘਰ ਤੋਂ ਸਗਨ ਵਾਲੇ ਹਾਲ ਤੱਕ ਲੈ ਕੇ ਆਇਆ ਸੀ। ਉਸ ਵਿਅਕਤੀ ਵੱਲੋਂ ਲੁੱਟ ਦੀ ਨੀਅਤ ਨਾਲ ਪਰਿਵਾਰਿਕ ਮੈਂਬਰਾਂ ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਨੇ ਆਪਣਾ ਬਚਾਅ ਕੀਤਾ ਦਾ ਤਾਂ ਉਕਤ ਆਰੋਪੀ ਨੇ ਉਨ੍ਹਾਂ ਤੇ ਕਿਰਚਾਂ ਨਾਲ ਹਮਲਾ ਕਰਕੇ ਉੱਥੋਂ ਫਰਾਰ ਹੋ ਗਿਆ ਜਿਸ 'ਚ ਕਿ ਤਿੰਨ ਨੌਜਵਾਨ ਗੰਭੀਰ ਰੂਪ ਵਿੱਚ ਜਖਮੀ ਹੋਏ ਹਨ ਅਤੇ ਹੁਣ ਪੀੜਤ ਨੌਜਵਾਨਾਂ ਵੱਲੋਂ ਇਨਸਾਫ ਦੀ ਗੁਹਾਰ ਲਗਾਈ ਜਾ ਰਹੀ ਹੈ। ਦੂਜੇ ਪਾਸੇ ਅੰਮ੍ਰਿਤਸਰ ਪ੍ਰੈਸ ਕਲੱਬ ਦੇ ਪ੍ਰਧਾਨ ਰਾਜੇਸ ਗਿੱਲ ਨੇ ਦੱਸਿਆ ਕਿ ਇਕ ਵਿਆਹ ਸਮਾਗਮ ਦੇ ਵਿਚ ਝਗੜਾ ਹੋਣ ਦੀ ਖਬਰ ਉਨ੍ਹਾਂ ਨੂੰ ਪਤਾ ਲੱਗੀ, ਜਿਸ 'ਚ ਕਿ ਦੋ ਪੱਤਰਕਾਰ ਵੀ ਜਖਮੀ ਹੋਏ ਹਨ। ਉਨ੍ਹਾਂ ਦੱਸਿਆ ਕਿ ਪੱਤਰਕਾਰਾਂ ਦੇ ਪਰਿਵਾਰਿਕ ਮੈਂਬਰ ਦਾ ਹੀ ਵਿਆਹ ਸੀ ਅਤੇ ਵਿਆਹ 'ਚ ਕਿਸੇ ਵਿਅਕਤੀ ਨਾਲ ਝਗੜਾ ਹੋਇਆ ਅਤੇ ਉਸ ਵਿਅਕਤੀ ਵੱਲੋਂ ਜਾਨੋ ਮਾਰਨ ਦੀ ਨੀਅਤ ਦੇ ਨਾਲ ਉਨ੍ਹਾਂ ਦੇ ਕਿਰਚਾ ਮਾਰ ਕੇ ਫਰਾਰ ਹੋ ਗਿਆ ਅਤੇ ਹੁਣ ਅਸੀਂ ਪੁਲਸ ਪਾਸੋਂ ਇਨਸਾਫ ਦੀ ਅਪੀਲ ਕਰ ਰਹੇ ਹਨ। ਇਸ ਮਾਮਲੇ 'ਚ ਜਦੋਂ ਪੁਲਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸਗਨ ਸਮਾਗਮ ਦੌਰਾਨ ਦੋ ਧਿਰਾਂ ਵਿਚਾਲੇ ਝਗੜਾ ਹੋਣ ਦੀ ਖਬਰ ਸਾਹਮਣੇ ਆਈ ਹੈ, ਜਿਸ 'ਚ ਤਿੰਨ ਨੌਜਵਾਨ ਗੰਭੀਰ ਜਖਮੀ ਹੋਏ ਹਨ ਅਤੇ ਜਿਨ੍ਹਾਂ ਵੱਲੋਂ ਇਨ੍ਹਾਂ ਨੌਜਵਾਨਾਂ ਨੂੰ ਜਖਮੀ ਕੀਤਾ ਗਿਆ ਹੈ, ਮੌਕੇ ਤੇ ਹੀ ਫਰਾਰ ਹੋ ਗਏ।

## ਲੁਧਿਆਣਾ ਵਿਖੇ ਪੁਲਸ ਐਨਕਾਊਂਟਰ 'ਚ ਮਾਰਿਆ ਗਿਆ ਸੁਖਦੇਵ ਇੰਝ ਛੋਟੇ ਚੋਰ ਤੋਂ ਬਣਿਆ ਸੀ ਗੈਂਗਸਟਰ

ਮਾਛੀਵਾੜਾ ਸਾਹਿਬ 14 ਮਾਰਚ। ਮਾਛੀਵਾੜਾ ਕੁਹਾੜਾ ਰੋਡ 'ਤੇ ਪਿੰਡ ਪੰਜੇਟਾ ਨੇੜੇ ਲੁਧਿਆਣਾ ਪੁਲਸ ਨਾਲ ਮੁਕਾਬਲੇ 'ਚ ਮਾਰਿਆ ਗਿਆ ਮਾਛੀਵਾੜਾ ਦਾ ਰਹਿਣ ਵਾਲਾ ਸੁਖਦੇਵ ਸਿੰਘ ਉਰਫ਼ ਵਿੱਕੀ ਨੇ 16 ਸਾਲ ਪਹਿਲਾਂ ਜ਼ੁਰਮ ਦੀ ਦੁਨੀਆ ਵਿਚ ਪੈਰ ਧਰਿਆ ਸੀ। ਉਸ ਨੇ ਅਨੇਕਾਂ ਅਪਰਾਧਿਕ ਘਟਨਾਵਾਂ ਨੂੰ ਅੰਜ਼ਾਮ ਦਿੱਤਾ ਅਤੇ ਗੈਂਗਸਟਰ ਬਣ ਗਿਆ। ਮਾਛੀਵਾੜਾ ਇੰਦਰਾ ਕਾਲੋਨੀ ਦੇ ਵਾਸੀ ਅਤੇ ਗਰੀਬ ਪਰਿਵਾਰ ਵਿਚ ਬਲਵਿੰਦਰ ਸਿੰਘ ਘਰ ਜਨਮੇ ਸੁਖਦੇਵ ਸਿੰਘ ਉਰਫ਼ ਵਿੱਕੀ 7 ਭਰਾਵਾਂ ਵਿਚ ਸਭ ਤੋਂ ਵੱਡਾ ਸੀ ਅਤੇ 21 ਸਤੰਬਰ 2007 ਵਿਚ ਸਭ ਤੋਂ ਪਹਿਲਾਂ ਉਸ ਉੱਪਰ ਮਾਛੀਵਾੜਾ ਥਾਣਾ ਵਿਚ ਚੋਰੀ ਦਾ ਮਾਮਲਾ ਦਰਜ ਹੋਇਆ ਸੀ। 2008 ਵਿਚ ਉਸ ਕੋਲੋਂ ਨਸ਼ੀਲਾ ਪਦਾਰਥ ਭੁੱਕੀ ਬਰਾਮਦ ਹੋਈ ਅਤੇ ਦੋਵੇਂ ਹੀ ਮਾਮਲਿਆਂ ਵਿਚ ਉਹ ਗ੍ਰਿਫ਼ਤਾਰ ਹੋਇਆ ਅਤੇ ਜਮਾਨਤ 'ਤੇ ਬਾਹਰ ਆ ਗਿਆ। 2012 ਵਿਚ ਉਸ ਖ਼ਿਲਾਫ਼ ਫਿਰ ਚੋਰੀ ਦਾ ਮਾਮਲਾ ਦਰਜ ਹੋਇਆ, ਜਿਸ 'ਤੇ ਉਸ ਨੂੰ 1 ਸਾਲ ਦੀ ਸਜ਼ਾ ਵੀ ਹੋਈ ਅਤੇ ਫਿਰ 2012 ਵਿਚ ਉਸ 'ਤੇ ਲੜਾਈ-ਝਗੜੇ ਦਾ ਮਾਮਲਾ ਦਰਜ ਹੋਇਆ, ਜਿਸ ਵਿਚ ਉਹ ਬਰੀ ਹੋ ਗਿਆ। 29 ਅਕਤੂਬਰ 2012 ਨੂੰ ਉਸ ਖ਼ਿਲਾਫ਼ ਚੋਰੀ ਦਾ ਮਾਮਲਾ ਦਰਜ ਹੋਇਆ ਅਤੇ ਫਿਰ 11 ਦਸੰਬਰ 2012 ਵਿਚ ਉਸ ਨੇ ਮੁੜ ਚੋਰੀ ਦੀ ਘਟਨਾ ਨੂੰ ਅੰਜ਼ਾਮ ਦਿੱਤਾ। 2018 ਵਿਚ ਉਹ ਕਿਸੇ ਮਾਮਲੇ ਵਿਚ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਗਿਆ ਅਤੇ ਉਸ ਖ਼ਿਲਾਫ਼ ਇੱਕ ਹੋਰ ਮਾਮਲਾ ਦਰਜ ਹੋਇਆ। ਮਾਛੀਵਾੜਾ ਪੁਲਸ ਵੱਲੋਂ ਜਿੰਨੇ ਵੀ ਉਸ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ, ਉਸ ਵਿਚ ਉਹ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਸੁਖਦੇਵ ਸਿੰਘ ਉਰਫ਼ ਵਿੱਕੀ ਨੇ ਆਪਣੇ 16 ਸਾਲਾਂ ਦੇ ਅਪਰਾਧਿਕ ਸਫ਼ਰ ਵਿਚ ਮਾਛੀਵਾੜਾ ਹੀ ਨਹੀਂ ਲੁਧਿਆਣਾ, ਖੰਨਾ ਅਤੇ ਹੋਰ ਕਈ ਸ਼ਹਿਰਾਂ ਵਿਚ ਲੁੱਟਖੋਹ ਅਤੇ ਕਾਤਲਾਨਾ ਹਮਲੇ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ

**NAME CHANGE**

I, Lilla W/O Dhiraj Singh Chauhan, Plot No 48 (B), Kh No. 854, Block X, Shyam Vihar Phase 1, Najafgarh New Delhi 110043 Have Changed My Name Lilla To Leela Devi for All Future Purposes.

**NAME CHANGE**

I SHAKTI UPADHYAY S/O AJAYKUMAR UPADHYAY R/O H-104 PIONEER PARK GOLF COURSE EXTENSION ROAD, SECTOR-61 GURGAON-122011 HAVE CHANGE MY NAME TO SHAKTI KUMAR UPADHYAY FOR ALL PURPOSE.

**NAME CHANGE**

I AJAY S/o SUKHBIR, Residing Village-Seman (115), Rohtak - 124112 have changed my name from AJAY to AJAY SIWACH for all future purposes.

**NAME CHANGE**

I, Ram Shohade s/o Lacchhi Ram R/o 651, B Block, Phase-2, Metro Vihar, Holambi Kalan, Delhi-110082 have changed my name to Ram Sahodar for all future purposes.

**NAME CHANGE**

I, KHUSBOO Wife of No. 14686322K Rank-HAV Name-KESH KUMAR YADAV presently residing at VILL-MATURI MARIYAM, PO-SIDDHA AHILASPUR, TEH-MADHUBAN, DIST-MAU, UTTAR PRADESH-221603 have changed my name from KHUSBOO to KHUSHBU KESHKUMAR YADAV for all future purposes vide affidavit dated 13/03/2024 before Notary Public, Delhi.

**NAME CHANGE**

It is for general information that I, SHEESH RAM S/o LATE SHRI JAI KARAN, R/o H. No. WZ-348, Jatav Mohalla, Basai Darapur, Ramesh Nagar, West Delhi-110002 declare that name of mine has been wrongly written as SHISH RAM in my service record. The actual name of mine is SHEESH RAM, which may be amended accordingly

**PUBLIC NOTICE**

I, Mumin Khan S/o Sh. Mahomood Khan R/o A-1, Near 990 Bus Stand, Sec-24 JJ Colony, Rohini, Delhi-110085 want to declare that in some of my documents my name is mentioned as Mumin only and in some of my documents my name is mentioned as Mumin Khan. The both name are mine and belongs to me and I am known by both my names.

**NAME CHANGE**

It is for general information that I, HARI KISHAN YADAV S/o ROOP RAM YADAV, R/o RZ-9B, Somesh Vihar, Chhawla, South West Delhi-110071 declare that name of mine has been wrongly written as HARI KRISHAN YADAV in my 10th and 12th Educational Documents. The actual name of mine is HARI KISHAN YADAV, which may be amended accordingly

**NAME CHANGE**

I VIBHA KOHLI / VIBHA SHAKTI UPADHYAY W/O SHAKTI KUMAR UPADHYAY R/O H-104 PIONEER PARK GOLF COURSE EXTENSION ROAD, SECTOR-61 GURGAON-122011 HAVE CHANGE MY NAME TO VIBHA UPADHYAY FOR ALL PURPOSE.

**DATE OF BIRTH CHANGE**

I, No-15795258P HAV SHIVEBHAKT DARSHAN TRIPATHI S/o PREM SHANKER TRIPATHI R/o VILL-MAHARAJPUR, PO-KODRA, TEH-LALGANJ, DIST-RAEBARELI, UTTAR PRADESH-229202, in my service records my son's (ANIRUDDH TRIPATHI), date of birth wrongly mentioned as 01/01/2022 instead of his correct date of birth as 21/01/2021 vide affidavit dated 07/03/2024 before Executive Magistrate, Delhi.

**NAME CHANGE**

I, Vikash Sharma s/o Ram Pal Sharma R/o House No.228, Model Town, Ram Nagar, Pathankot-145001, Punjab have changed my name to Vikas Sharma for all future purposes.

**NAME CHANGE**

I, SAVITA spouse of No. 2808283P Rank HAV Name JADHAV SURESH SHIVAJI presently residing Vill-KUMBHARI, Po-KUMBHARI, Teh- JATH D, Dist-SANGLI, State- Maharashtra, Pin-416403, have changed my name from SAVITA to SAVITA SURESH JADHAV for all future purpose. Vide affidavit dated 12.03.2024 public Notary Delhi.

**NAME CHANGE**

I, REKHA spouse of No 2815425K Rank NK Name PANDHARE KRUSHNA RAMBHAU presently residing Vill-DAHIGAON, Po-AVHANA, Teh-SILLOD, Dist- AURANGABAD, State-Maharashtra, Pin-431112,have changed my name from REKHA to REKHA KRUSHNA PANDHARE for all future purposes. Vide affidavit dated 12.03.2024 public Notary Delhi.

**NAME CHANGE**

I, Vipin Kumar Rastogi S/o Om Prakash Rastogi R/o House No-1411, Sector-19, Kheri Kalan(113), Faridabad, Haryana-121002, I Have Changed My Name To Vipin Rastogi For All Purpose

**PUBLIC NOTICE**

Be it known to all that my client Devi Ram S/o Thawaria R/o F-92, Balmiki Mohalla, Lado Sarai, New Delhi-110030, have debarred, Disowned his Son Anup from his all movable, immovable properties and severed all his relations with him. In case any body deals with him in any matter shall do so at their own risks and responsibility..

SANDEEP SHARMA
ADVOCATE
Chamber No.505,
Patiala House Court,
New Delhi-110002

**NAME CHANGE**

I, hitherto known as UPENDRA SAH S/o BHAGWAN LAL SAH residing at C-77, C-Block, Paryavaran Complex, Saidul Azaib, South Delhi, Delhi - 110030 have changed my name and shall hereafter be known as UPENDRA PRASAD GUPTA.

**PUBLIC NOTICE**

Information is given to general public at large that our client Mr. Gaffar purchasing Freehold Commercial Garage No. 7, measuring 13.125 Sq Yards, on Ground Floor without roof rights (Portion) of the Plot Bearing No. 203, Block-B, in the Residential Colony Shalimar Garden, Village Pasonda Pargana Loni, Tehsil and District Ghaziabad, U.P. from Mrs Samina, Mohd Imran, Mr Irfan, Mrs Nabiha and Mrs Sana Khatoon, legal heirs of Late Mr Ikram, died on 19.07.2018 Was died & and he was purchased said property, vide Sale deed dated 23.08.2017, Document No. 5086, Book No1, Volume No. 12902, Page No. 267-306, registered on 23.08.2017 by SR III Ghaziabad. Our client is declaring that any other Person does not have any right over the said property, which is to be financed by Piramal Capital & Housing Finance Ltd. (Formerly Piramal Housing Finance Limited) Branch: Shahdara, Delhi. If any person(s) have any objection(s) or claim(s) with respect to the` right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**

I, No-16013615M Rank-NK Name-NARENDRA SINGH S/o KAMPOTAR SINGH residing at VILL-KATAILA PURA, PO-GOPI, TEH-AMBAH, DIST-MORENA, MADHYA PRADESH-476554 have changed my minor daughter's name from KUMARI JANAK NANDANI to JANAK NANDANI for all future purposes vide Affidavit dated 13/03/2024 before Notary Public, Delhi.

**NAME CHANGE**

I, Javed Akhter s/o Raees Ahmed R/o D-7, Fourth Floor, Block-D, Okhla Vihar, Jamia Nagar, New Delhi-110025 have changed my name to Javed Akthar for all future purposes.

**NAME CHANGE**

I, SINDHU MUKALEL KARUNAKARAN W/O JAJ MON T G residing 8C/7 THIRD FLOOR GANDHI PARK HAUZ RANI MALVIYA NAGAR DELHI-110017 have changed my name to SINDHU M K for all future purpose.

**NAME CHANGE**

It is for general information that I, ARUNA W/o NITESH VED R/o House No. 256 A, LIG Flat, GTB Enclave, Nand Nagri, North East Delhi, Delhi-110093, declare that name of mine has been wrongly written as SONIA in my minor daughter's namely AARYA VED aged 13 years in his Birth Registration Certificate No. B20110404551. The actual name of mine is ARUNA.

**NAME CHANGE**

It is for general information that I, Poonam Chawla W/O Susheel Chawla R/O H.No. 57/14, Friends Colony, Near DAV College, Grain Market, Jalandhar-I, Jalandhar, Punjab-144008, declare that name of my husband has been wrongly written as Sushil Chawla, in my Passport No. U9043306. The actual name of my husband is Susheel Chawla.

**PUBLIC NOTICE**

This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the said ID card to the Manager Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

**NAME CHANGE**

I, SANAL S/O SATISH KUMAR R/O HOUSE ON 5A, BLOCK -B, SULTAN GARDEN MAIN, NANGLOI ROAD, NAJAFGARH, NEW DELHI -110043 HAVE CHANGED MY NAME FROM SANAL TO SANAL KUMAR FOR ALL FUTURE PURPOSE.

**PUBLIC NOTICE**

I Sameena D/o Mobin Ahmed R/O T-84 Basti Hazrat Nizamuddin West Delhi 110013 now my new address T-8A Nala Pusta Basti Hazrat Nizamuddin 108 R B House New Delhi 110013 for all future purposes.

**NAME CHANGE**

I, Sonam D/O Chattar Singh R/O Satyam Enclave, House No-104,Gali No-02, Chhapraula, Gautam Buddha Nagar, Uttar Pradesh -201009 have changed my name from Sonam to Sonam Singh for all future purpose.

**NAME CHANGE**

I, hitherto known as KUSUM SHARMA W/o CHANDRA BHAN SHARMA R/o Flat No- 125, Tulsi Niketan, Bhopura, Sahibabad, Pasonda, Ghaziabad, Uttar Pradesh-201005 have changed my name and shall hereafter be known as KUSUM LATA SHARMA.


## ਨਵੀਂਆਂ ਵੰਦੇ ਭਾਰਤ ਐਕਸਪ੍ਰੈਸ ਸੇਵਾਵਾਂ

ਰੇਲਯਾਤਰੀਆਂ ਦੇ ਸੁਵਿਧਾ ਲਈ ਹ. ਨਿਜ਼ਾਮੁਦੀਨ ਤੇ ਖੁਜਰਾਹੋ ਅਤੇ ਵਾਰਾਨਸੀ ਅਤੇ ਰਾਂਚੀ ਦੇ ਵਿਚ ਹਾਲ ਹੀ ਵਿਚ ਸ਼ੁਰੂ ਕੀਤੀ ਗਈ ਵੰਦੇ ਭਾਰਤ ਸੇਵਾਵਾਂ ਦੀ ਵਿਸਤ੍ਰਿਤ ਸਮੇਂ-ਸਾਰਣੀ ਹੇਠਾਂ ਅਨੁਸਾਰ ਹੋਵੇਗੀ:-

**ਗੱਡੀ ਨੰ. 22470/22469 ਹ.ਨਿਜ਼ਾਮੁਦੀਨ-ਖਜੁਰਾਹੋ-ਹ. ਨਿਜ਼ਾਮੁਦੀਨ ਵੰਦੇ ਭਾਰਤ ਐਕਸਪ੍ਰੈਸ ਰੇਲਗੱਡੀ (ਹਫਤੇ ਵਿਚ ਛੇ ਦਿਨ-ਸੋਮਵਾਰ ਛੱਡ ਕੇ)**

| ਗੱਡੀ ਨੰ.22470 | | ਸਟੇਸ਼ਨ | ਗੱਡੀ ਨੰ.22469 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| — | 06:00 | ਹ. ਨਿਜ਼ਾਮੁਦੀਨ | 23:10 | — |
| 07:40 | 07:45 | ਆਗਰਾ ਛਾਉਣੀ | 20:55 | 21:00 |
| 09:10 | 09:15 | ਗਵਾਲੀਅਰ ਜੰ. | 19:25 | 19:30 |
| 10:30 | 10:35 | ਵੀਰਾਂਗਨਾ ਲਕਸ਼ਮੀਬਾਈ | 18:20 | 18:25 |
| 11:35 | 11:45 | ਲਲਿਤਪੁਰ ਜੰ. | 17:10 | 17:20 |
| 12:21 | 12:23 | ਟੀਕਮਗੜ੍ਹ | 16:10 | 16:12 |
| 13:16 | 13:18 | ਮਹਾਰਾਜਾ ਛਤਰਸਾਲ ਛਤਰਪੁਰ | 15:15 | 15:17 |
| 14:20 | -- | ਖਜੁਰਾਹੋ | -- | 14:50 |

ਸ਼ੁਭਾਰੰਭ ਦੀ ਮਿਤੀ: 22470 ਹ. ਨਿਜ਼ਾਮੁਦੀਨ ਤੋਂ ਅਤੇ 22469 ਖਜੁਰਾਹੋ 15.03.2024 ਤੋਂ।
ਸਥਾਨ: ਐਗਜ਼ੀਕਿਊਟਿਵ ਚੇਅਰ ਕਾਰ ਅਤੇ ਚੇਅਰ ਕਾਰ।

**ਗੱਡੀ ਨੰ. 20887/20888 ਰਾਂਚੀ-ਵਾਰਾਨਸੀ-ਰਾਂਚੀ ਵੰਦੇ ਭਾਰਤ ਐਕਸਪ੍ਰੈਸ ਰੇਲਗੱਡੀ (ਹਫਤੇ ਵਿਚ ਛੇ ਦਿਨ-ਵੀਰਵਾਰ ਛੱਡ ਕੇ)**

| ਗੱਡੀ ਨੰ. 20887 | | ਸਟੇਸ਼ਨ | ਗੱਡੀ ਨੰ.20888 | |
|---|---|---|---|---|
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| — | 05:10 | ਰਾਂਚੀ | 23:55 | — |
| 06:10 | 06:12 | ਮੂਰੀ ਜੰ. | 22:48 | 22:50 |
| 07:10 | 07:12 | ਬੋਕਾਰੋ ਸਟੀਲ ਸਿਟੀ | 21:50 | 21:55 |
| 08:40 | 08:42 | ਕੋਡਰਮਾ ਜੰ. | 19:50 | 19:52 |
| 10:00 | 10:05 | ਗਯਾ ਜੰ. | 18:45 | 18:50 |
| 11:03 | 11:05 | ਸਾਸਾਰਾਮ ਜੰ. | 17:48 | 17:50 |
| 12:15 | 12:20 | ਪੰ. ਦੀਨ ਦਿਆਲ ਉਪਾਧਿਆਏ ਜੰ. | 16:40 | 16:45 |
| 13:00 | -- | ਵਾਰਾਨਸੀ | -- | 16:05 |

ਸ਼ੁਭਾਰੰਭ ਦੀ ਮਿਤੀ: 20887 ਰਾਂਚੀ ਤੋਂ ਅਤੇ 20888 ਵਾਰਾਨਸੀ 18.03.2024 ਤੋਂ
ਸਥਾਨ: ਐਗਜ਼ੀਕਿਊਟਿਵ ਚੇਅਰ ਕਾਰ ਅਤੇ ਚੇਅਰ ਕਾਰ।

ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਆਉਣ ਵਾਲੇ ਠਹਿਰਾਵਾਂ ਦੀ ਸਮੇਂ-ਸਾਰਣੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਡਾਇਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139
ਰੇਲਮਦਦ ਵੈਬਸਾਈਟ ਦੇਖੋ : www.railmadad.indianrailways.gov.in
ਰੇਲਮਦਦ ਐਪ ਡਾਊਨਲੋਡ ਕਰੋ
829/24
'ਤੇ ਸਾਨੂੰ ਫਾਲੋ ਕਰੋ
ਉੱਤਰ ਰੇਲਵੇ
ਤੁਹਾਡੀ ਸੁਵਿਧਾ - ਸਾਡਾ ਲਕਸ਼
www.nr.indianrailways.gov.in 'ਤੇ ਮਿਲੋ
ਆਜ਼ਾਦੀ ਦਾ ਅੰਮ੍ਰਿਤ ਮਹੋਤਸਵ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



• ਦੇਵਿੰਦਰ ਦੀਦਾਰ
98142-45911

**ਅੱਜ ਪਰਿਵਾਰ ਉਹ ਨਹੀਂ ਰਹਿ ਗਏ ਜੋ ਪਹਿਲਾਂ ਹੁੰਦੇ ਸਨ। ਪੈਸੇ ਦੇ ਪਾਸਾਰ ਤੇ ਬੇਰੁਜ਼ਗਾਰੀ ਨੇ ਹਰ ਇਕ ਨੂੰ ਮਤਲਬੀ ਬਣਾ ਦਿੱਤਾ ਹੈ। ਮਾਪਿਆਂ ਦੀ ਲਾਪਰਵਾਹੀ ਤੇ ਬੱਚਿਆਂ ਦੀ ਬੇਪਰਵਾਹੀ ਕਾਰਨ ਪਰਿਵਾਰਕ ਸਿਸਟਮ ਤਬਾਹ ਹੋਣ ਕੰਢੇ ਪਹੁੰਚ ਰਿਹਾ ਹੈ…**



# ਰਿਸ਼ਤਿਆਂ 'ਚ ਉੱਗੀ ਕਾਂਗਿਆਰੀ

ਜਦੋਂ ਬੱਚੇ ਆਪਣੇ ਬਜ਼ੁਰਗਾਂ ਨੂੰ ਹਨੇਰੇ ਕਮਰਿਆਂ ਵਿਚ ਬੰਦ ਕਰਕੇ ਆਪ ਚਾਨਣ ਦੀ ਤਲਾਸ਼ ਵਿਚ ਨਿਕਲਦੇ ਹਨ ਤਾਂ ਉਨ੍ਹਾਂ ਨੂੰ ਕਿਧਰੇ ਵੀ ਚਾਨਣ ਨਸੀਬ ਨਹੀਂ ਹੁੰਦਾ। ਜ਼ਿੰਦਗੀ ਦੇ ਰਾਹ ਰੁਸ਼ਨਾਉਣ ਲਈ ਮਾਂ-ਬਾਪ ਦੀਆਂ ਦੁਆਵਾਂ ਬਹੁਤ ਜ਼ਰੂਰੀ ਹੁੰਦੀਆਂ ਹਨ। ਜੋ ਘਰਦਿਆਂ ਦੀਆਂ ਅਸੀਸਾਂ ਲੈ ਕੇ ਨਹੀਂ ਤੁਰਦੇ, ਉਨ੍ਹਾਂ ਦੇ ਅਧਿਆਪਕ ਅਤੇ ਅਧਿਆਤਮਕ ਰਹਿਬਰ ਵੀ ਉਨ੍ਹਾਂ ਦੀ ਜ਼ਿੰਦਗੀ ਵਿਚ ਰੋਸ਼ਨੀ ਨਹੀਂ ਭਰ ਸਕਦੇ। ਧਾਰਮਿਕ ਯਾਤਰਾ ਅਤੇ ਦਾਨ-ਪੁੰਨ ਵੀ ਮਾਂ-ਬਾਪ ਦੀ ਸੇਵਾ ਤੋਂ ਬਾਅਦ ਹੀ ਫਲ ਦੇਂਦੇ ਹਨ।

ਮਾਂ-ਬਾਪ ਦੀ ਉਂਗਲੀ ਫੜੇ ਬਿਨਾਂ ਸ਼ਾਇਦ ਹੀ ਕੋਈ ਤੁਰਨਾ ਸਿੱਖਿਆ ਹੋਵੇ। ਜਿਨ੍ਹਾਂ ਨੇ ਮਾਂ ਦੀ ਲੋਰੀ ਬਿਨਾਂ ਬਚਪਨ ਗੁਜ਼ਾਰਿਆ ਹੁੰਦਾ ਹੈ, ਉਨ੍ਹਾਂ ਨੂੰ ਦੁਨੀਆ ਦਾ ਕੋਈ ਸੰਗੀਤ ਵੀ ਸਕੂਨ ਨਹੀਂ ਦੇ ਸਕਦਾ। ਸੰਸਾਰ ਵਿਚ ਅਜੇ ਤਕ ਕੋਈ ਵੀ ਇਸ ਤਰ੍ਹਾਂ ਦਾ ਝੂਲਾ ਨਹੀਂ ਬਣਿਆ ਜੋ ਮਾਂ ਦੀ ਗੋਦੀ ਅਤੇ ਬਾਪ ਦੇ ਕੰਧਾੜੇ ਦਾ ਮੁਕਾਬਲਾ ਕਰ ਸਕੇ। ਜਿਸ ਨੇ ਵੀ ਮਾਂ-ਬਾਪ ਤੋਂ ਬੇਮੁੱਖ ਹੋ ਕੇ ਮਾਇਆ ਅਤੇ ਪਦਵੀਆਂ ਨੂੰ ਪਹਿਲ ਦਿੱਤੀ ਹੈ, ਉਸ ਨੂੰ ਬਹੁਤ ਘੱਟ ਕਾਮਯਾਬੀ ਹਾਸਲ ਹੋਈ ਹੈ। ਦੁਖੀ ਮਾਂ-ਬਾਪ ਦੇ ਹਾਉਕੇ। ਡਰਾਉਣੇ ਸੁਪਨੇ ਬਣ ਕੇ ਉਨ੍ਹਾਂ ਦੀ ਨੀਂਦ ਹਰਾਮ ਕਰਦੇ ਰਹਿੰਦੇ ਹਨ। ਸਮਾਜ ਵੱਲੋਂ ਮਿਲਦੀਆਂ ਲਾਹਨਤਾਂ ਤੇ ਫਿਟਕਾਰਾਂ ਵੀ ਉਨ੍ਹਾਂ ਨੂੰ ਸੁਖ-ਚੈਨ ਨਾਲ ਨਹੀਂ ਜਿਊਣ ਦੇਂਦੀਆਂ। ਕੁਲਖ਼ਤ ਕਿਸਮ ਦੇ ਲੋਕ ਅਕਸਰ ਦੂਸਰਿਆਂ ਨੂੰ ਖ਼ੁਸ਼ ਨਹੀਂ ਵੇਖ ਸਕਦੇ। ਕਿਸੇ ਦਾ ਕੰਮ ਸੰਵਾਰਨ ਦੀ ਥਾਂ, ਉਹ ਕੰਮ ਵਿਗਾੜਨ ਵਿਚ ਜ਼ਿਆਦਾ ਰੁਚੀ ਰੱਖਦੇ ਹਨ। ਖੇਡ ਰਹੇ ਬੱਚਿਆਂ ਨੂੰ ਪਟੋਕੀਆਂ ਮਾਰ ਕੇ ਰਵਾਉਣਾ, ਕਿਸੇ ਦੀ ਪ੍ਰਾਪਤੀ ਨੂੰ ਵਡਿਆਉਣ ਦੀ ਥਾਂ ਉਸ ਦਾ ਹੌਸਲਾ ਤੋੜਨਾ, ਕਿਸੇ ਨੂੰ ਜਿੱਤ ਦੀ ਵਧਾਈ ਦੇਣ ਦੀ ਥਾਂ ਦੂਸਰੀ ਧਿਰ ਨੂੰ ਜ਼ਿਆਦਾ ਹੀ ਕਮਜ਼ੋਰ ਦੱਸ ਕੇ ਉਸ ਦੀ ਜਿੱਤ ਨੂੰ ਨਿਗੁਣਾ ਸਿੱਧ ਕਰਨਾ, ਕਿਸੇ ਦੇ ਚੰਗੇ ਭਲੇ ਕੰਮ 'ਚੋਂ ਕੀੜੇ ਕੱਢਣੇ ਆਦਿ ਉਨ੍ਹਾਂ ਦੀ ਆਦਤ ਬਣ ਜਾਂਦੀ ਹੈ। ਇਸ ਤਰ੍ਹਾਂ ਦੇ ਲੋਕਾਂ ਦਾ ਪਿਛੋਕੜ ਵੇਖਿਆ ਜਾਵੇ ਤਾਂ ਉਹ ਬਚਪਨ ਵਿਚ ਆਪਣੇ ਮਾਂ-ਬਾਪ ਦੇ ਪਿਆਰ ਤੋਂ ਵਿਰਵੇ ਰਹੇ ਹੁੰਦੇ ਹਨ। ਉੱਚੀ ਬੋਲ ਕੇ ਆਪਣੀ ਗੱਲ ਮਨਾਉਣ ਕਰਕੇ, ਅਕਸਰ ਇਹ ਲੋਕਾਂ ਤੋਂ ਦੂਰ ਹੋ ਜਾਂਦੇ ਹਨ। ਇਕ ਕੰਮ ਜਾਂ ਇਕ ਨੌਕਰੀ ਵਿਚ ਜ਼ਿਆਦਾ ਚਿਰ ਟਿਕ ਵੀ ਨਹੀਂ ਸਕਦੇ। ਦੂਸਰੇ ਦੀ ਗੱਲ ਸੁਣਨ ਜਾ ਮੰਨਣ ਨੂੰ ਆਪਣੀ ਤੌਹੀਨ ਸਮਝਣ ਵਾਲੇ ਇਸ ਤਰ੍ਹਾਂ ਦੇ ਲੋਕ ਜ਼ਿੰਦਗੀ ਵਿਚ ਘੱਟ ਹੀ ਮਿਲਾਪੜੇ ਹੁੰਦੇ ਹਨ। ਅਕਸਰ ਇਨ੍ਹਾਂ ਨੂੰ ਕੱਲ-ਖੋਰਿਆਂ ਦਾ ਨਾਂ ਹੀ ਮਿਲਦਾ ਹੈ।

ਅੱਜਕਲ੍ਹ ਜ਼ਿਆਦਾਤਰ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕੰਮ ਕਰਨ ਦੀ ਚੇਟਕ ਪਾਉਣ ਵਿਚ ਅਸਫਲ ਰਹਿ ਰਹੇ ਹਨ। ਘਰ ਦੇ ਨਿੱਕੇ-ਨਿੱਕੇ ਕੰਮ ਕਰਨ ਵਿਚ ਬੱਚਿਆਂ ਦੀ ਦਿਲਚਸਪੀ ਪੈਦਾ ਨਹੀਂ ਕੀਤੀ ਜਾ ਰਹੀ, ਉਸ ਦੀ ਥਾਂ ਮਾਂ-ਬਾਪ ਖ਼ੁਦ ਉਨ੍ਹਾਂ ਦੇ ਸਾਰੇ ਕੰਮ ਕਰ ਦੇਂਦੇ ਹਨ। ਇਸ ਤਰ੍ਹਾਂ ਦੇ ਬੱਚੇ ਫਿਰ ਸਾਰੀ ਉਮਰ ਖ਼ੁਦ ਕੰਮ ਕਰਨ ਦੇ ਕਾਬਿਲ ਨਹੀਂ ਹੁੰਦੇ। ਉਹ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਬੌਸ ਸਮਝਣ ਦਾ ਭੁਲੇਖਾ ਪਾਲ ਲੈਂਦੇ ਹਨ। ਉਨ੍ਹਾਂ ਨੂੰ ਜੇ ਕਿਧਰੇ ਨੌਕਰੀ ਮਿਲ ਵੀ ਜਾਵੇ ਤਾਂ ਉਹ ਆਪਣੇ ਟੇਬਲ ਦਾ ਨੱਕਾ ਆਪਣੇ ਲਾਗਲੇ ਟੇਬਲ ਵੱਲ ਮੋੜਨ ਦਾ ਬਹਾਨਾ ਲੱਭ ਹੀ ਲੈਂਦੇ ਹਨ। ਜਿਨ੍ਹਾਂ ਨੇ ਮਾਂ-ਬਾਪ ਤੋਂ ਲਗਨ ਨਾਲ ਕੰਮ ਕਰਨ ਅਤੇ ਇਮਾਨਦਾਰੀ ਦੀ ਗੁੜ੍ਹਤੀ ਲਈ ਹੁੰਦੀ ਹੈ ਉਹ ਜ਼ਿਆਦਾਤਰ ਕਾਮਯਾਬ ਇਨਸਾਨ ਹੀ ਸਿੱਧ ਹੁੰਦੇ ਹਨ। ਉਨ੍ਹਾਂ ਦਾ ਟੇਬਲ ਦੂਸਰੇ ਸਾਥੀਆਂ ਦੀਆਂ ਫਾਈਲਾਂ ਨਾਲ ਭਰਿਆ ਹੀ ਰਹਿੰਦਾ ਹੈ, ਪਰ ਇਕ ਬੰਦਾ ਕਿੰਨਾ ਕੁ ਕੰਮ ਕਰ ਸਕਦਾ ਹੈ? ਕੰਮ-ਚੋਰ ਲੋਕਾਂ ਦੀ ਬਹੁਤਾਤ ਕਰਕੇ ਹੀ ਦਫ਼ਤਰਾਂ ਦੇ ਕੰਮਾਂ ਵਿਚ ਖੜੋਤ ਆ ਰਹੀ ਹੈ। ਸ਼ਾਇਦ ਇਸ ਖੜੋਤ ਕਾਰਨ ਹੀ ਸਾਰਾ ਦੇਸ਼ ਇਕ ਥਾਂ ਆਣ ਕੇ ਖਲੋ ਗਿਆ ਲੱਗਦਾ ਹੈ। ਬਸ ਘੜੀਆਂ ਦੀ ਟਿਕ-ਟਿਕ ਨਾਲ ਹੀ ਲੱਗਦਾ ਹੈ ਕਿ ਦੇਸ਼ ਅੱਗੇ ਨੂੰ ਵੱਧ ਰਿਹਾ ਹੈ।



ਸਾਡੇ ਜ਼ਿਆਦਾਤਰ ਲੋਕ ਕੰਮ ਕਰਨ ਦੀ ਥਾਂ ਬਹਿਸਾਂ ਵਿਚ ਉਲਝਦੇ ਜਾ ਰਹੇ ਹਨ। ਬਹਿਸਾਂ ਭਾਵੇਂ ਸੱਥਾਂ ਦੀਆਂ, ਵਿਧਾਨ ਸਭਾ ਦੀਆਂ, ਪਾਰਲੀਮੈਂਟ ਦੀਆਂ ਜਾਂ ਫਿਰ ਟੀ.ਵੀ. ਦੀਆਂ ਹੋਣ, ਹਰ ਕੋਈ ਦੂਸਰੇ ਉੱਪਰ ਨਫ਼ਰਤ ਭਰਿਆ ਚਿੱਕੜ ਸੁੱਟ ਕੇ ਆਪਣੇ ਆਪ ਨੂੰ ਸਾਫ਼-ਸੁਥਰਾ ਸਿੱਧ ਕਰਨ ਵਿਚ ਲੱਗਾ ਹੋਇਆ ਹੈ। ਆਪਣੀ ਪਸੰਦ ਦੂਸਰੇ ਉੱਪਰ ਥੋਪਣ ਦਾ ਰਿਵਾਜ ਵੀ ਚਰਮ ਸੀਮਾ 'ਤੇ ਹੈ ਅਤੇ ਆਪਣੇ ਧਰਮ ਨੂੰ ਸਭ ਤੋਂ ਵਿਸ਼ੇਸ਼ ਸਿੱਧ ਕਰਨ ਦੀ ਦੌੜ ਵੀ ਦਿਨੋ-ਦਿਨ ਵਧ ਰਹੀ ਹੈ। ਇਸ ਅੰਨ੍ਹੀ ਦੌੜ ਅਤੇ ਬਹਿਸ ਕਾਰਨ ਹੀ ਆਜ਼ਾਦੀ ਦੇ ਏਨੇ ਦਹਾਕੇ ਬੀਤ ਜਾਣ ਬਾਅਦ ਵੀ ਆਮ ਲੋਕਾਂ ਨੂੰ ਜ਼ਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਵੀ ਨਸੀਬ ਨਹੀਂ ਹੋ ਰਹੀਆਂ। ਗ਼ਰੀਬਾਂ ਲਈ ਰੋਟੀ, ਕੱਪੜੇ ਅਤੇ ਮਕਾਨ ਦੀ ਸਮੱਸਿਆ ਵੀ ਜ਼ਿਆਦਾਤਰ ਸਰਕਾਰੀ ਫਾਈਲਾਂ ਵਿਚ ਹੀ ਰੁਲ ਰਹੀ ਹੈ।

ਇਕ ਜ਼ਮਾਨਾ ਸੀ ਜਦੋਂ ਤਕਰੀਬਨ ਹਰ ਘਰ ਵਿਚ ਸ਼ਾਮ ਨੂੰ ਬੱਚੇ ਦਾਦੀਆਂ-ਨਾਨੀਆਂ ਦੇ ਮੰਜੇ ਲਾਗੇ ਇਕੱਠੇ ਹੋ ਕੇ ਕਈ ਤਰ੍ਹਾਂ ਦੀਆਂ ਬੁਝਾਰਤਾਂ, ਬਾਤਾਂ ਅਤੇ ਹੋਰ ਹੱਡ-ਬੀਤੀਆਂ ਤੇ ਜੱਗ-ਬੀਤੀਆਂ ਸੁਣਦੇ ਹੁੰਦੇ ਹਨ ਜਿਸ ਨਾਲ ਉਨ੍ਹਾਂ ਨੂੰ ਸਿੱਖ-ਮੱਤ ਅਤੇ ਹੋਰ ਸੰਸਕਾਰ ਵੀ ਸਿੱਖਣ ਨੂੰ ਮਿਲਦੇ ਸਨ। ਅੱਜ ਕਲ੍ਹ ਅੱਵਲ ਤਾਂ ਬੱਚਿਆਂ ਨੂੰ ਫੋਨ, ਨੈੱਟ ਅਤੇ ਟੀ.ਵੀ. ਹੀ ਬਜ਼ੁਰਗਾਂ ਦੇ ਲਾਗੇ ਨਹੀਂ ਢੁੱਕਣ ਦੇਂਦੇ, ਜੇ ਭੁੱਲ-ਭੁਲੇਖੇ ਉਹ ਦਾਦੀ ਜਾਂ ਨਾਨੀ ਦੇ ਕਮਰੇ ਵਿਚ ਚਲੇ ਵੀ ਜਾਂਦੇ ਹਨ ਤਾਂ ਉਸੇ ਵਕਤ ਉਨ੍ਹਾਂ ਨੂੰ ਹੋਮ-ਵਰਕ ਕਰਨ ਦੀ ਆਵਾਜ਼ ਪੈ ਜਾਂਦੀ ਹੈ। ਬਜ਼ੁਰਗਾਂ ਦੀ ਸੰਗਤ ਤੋਂ ਬਿਨਾਂ ਹੋਈ ਪਰਵਰਿਸ਼ ਬੱਚਿਆਂ ਨੂੰ ਫਿਰ ਕੀ ਸਿਖਾਵੇਗੀ ? ਸਾਂਝੇ ਪਰਵਾਰਾਂ ਵਿਚ ਬੱਚੇ ਆਪਣੇ ਆਪ ਹੀ ਬਹੁਤ ਕੁਝ ਸਿੱਖ ਜਾਂਦੇ ਸਨ ਅਤੇ ਬਚਪਨ ਵਿਚ ਸਿੱਖੀਆਂ ਗੱਲਾਂ ਅਤੇ ਪਈਆਂ ਆਦਤਾਂ ਉਮਰ ਭਰ ਉਨ੍ਹਾਂ ਦੇ ਨਾਲ ਨਿਭਦੀਆਂ ਸਨ।

ਬੱਚਿਆਂ ਦੇ ਕੁਰਾਹੇ ਪੈਣ ਦਾ ਇਕ ਕਾਰਨ ਪੜ੍ਹਾਈ ਵਿਚ ਆ ਰਹੀ ਤਬਦੀਲੀ ਵੀ ਹੈ। ਟਿਊਸ਼ਨ ਸੈਂਟਰਾਂ ਦਾ ਚਲਨ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ, ਕੁਝ ਘੰਟਿਆਂ ਦੀ ਕੋਚਿੰਗ ਨਾਲ ਬੱਚੇ ਆਪਣੇ ਸੁਪਨੇ ਪੂਰੇ ਕਰਨ ਦੇ ਸੁਪਨੇ ਵੇਖਣ ਲੱਗ ਪਏ ਹਨ। ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ ਅਤੇ ਟਿਊਸ਼ਨ ਸੈਂਟਰਾਂ ਦੀ ਵਧਦੀ ਜਾ ਰਹੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜ਼ਿਆਦਾਤਰ ਟਿਊਸ਼ਨ ਸੈਂਟਰ ਉਹ ਲੋਕ ਚਲਾ ਰਹੇ ਹਨ, ਜਿਨ੍ਹਾਂ ਨੂੰ ਸੌ ਕੋਸ਼ਿਸ਼ ਕਰਨ ਬਾਅਦ ਵੀ ਖ਼ੁਦ ਨੂੰ ਨੌਕਰੀ ਨਸੀਬ ਨਹੀਂ ਹੁੰਦੀ, ਫੇਰ ਉਹ ਸੈਂਟਰ ਸਕੂਲ-ਕਾਲਜਾਂ ਦੀ ਥਾਂ ਕਿਵੇਂ ਲੈ ਸਕਦੇ ਹਨ? ਉੱਥੋਂ ਵਰਗਾ ਅਨੁਸ਼ਾਸਨ, ਅਧਿਆਪਕਾਂ ਦੀ ਸੇਧ ਨਾਲ ਮਿਲੀ ਜੀਵਨ-ਜਾਚ, ਇਕ ਘੰਟਾ ਪੜ੍ਹਾਉਣ ਆਇਆ ਟਿਊਟਰ ਜਿਸ ਨੇ ਦੋ-ਚਾਰ ਸੈਂਟਰਾਂ ਵਿਚ ਹੋਰ ਜਾਣਾ ਹੁੰਦਾ ਹੈ, ਬੱਚਿਆਂ ਨੂੰ ਜ਼ਿੰਦਗੀ ਬਾਰੇ ਕੀ ਸਿਖਾ ਸਕਦਾ ਹੈ? ਟਿਊਸ਼ਨ ਸੈਂਟਰ ਤਾਂ ਕਿਸੇ ਖ਼ਾਸ ਸੰਸਥਾ ਵਿਚ ਦਾਖਲਾ ਦਿਵਾਉਣ ਦਾ ਕੰਮ ਕਰ ਸਕਦੇ ਹਨ।

ਬੱਚੇ ਦੋ ਘੰਟੇ ਪੜ੍ਹ ਕੇ ਬਾਕੀ ਸਾਰਾ ਦਿਨ ਹੀ ਵਿਹਲੇ ਹੁੰਦੇ ਹਨ। ਭਾਵੇਂ ਕਿ ਘਰਦਿਆਂ ਦੀ ਨਜ਼ਰ ਵਿਚ ਉਹ ਪੜ੍ਹਨ ਗਏ ਹੁੰਦੇ ਹਨ। ਖ਼ਾਲੀ ਬੱਚਿਆਂ ਦੇ ਫਿਰ ਕੀ ਰੁਝੇਵੇਂ ਹੋ ਸਕਦੇ ਹਨ? ਫੋਨ ਉੱਪਰ ਲੱਗੇ ਰਹਿਣਾ, ਨੈੱਟ, ਟੀ.ਵੀ. ਤੇ ਫਿਲਮਾਂ ਵਿਚ ਰੁੱਝੇ ਰਹਿਣਾ ਜਾਂ ਫਿਰ ਆਪਣੇ ਵਰਗੇ ਵਿਹਲਿਆਂ ਦੀ ਸੰਗਤ ਮਾਣਨੀ। ਬੱਚਿਆਂ ਦੀ ਇਸ ਤਰ੍ਹਾਂ ਵਕਤ ਦੀ ਬਰਬਾਦੀ ਬਾਰੇ ਸੋਚਣ ਦੀ ਬਹੁਤ ਜ਼ਰੂਰਤ ਹੈ। ਜਿੰਨਾ ਚਿਰ ਬੱਚਿਆਂ ਨੂੰ ਕੀ ਵੱਡਿਆਂ ਨੂੰ ਵੀ ਰੁਝਾਉਣ ਲਈ ਕੋਈ ਰੁਜ਼ਗਾਰ, ਕਾਰੋਬਾਰ ਨਹੀਂ ਮਿਲਦਾ, ਓਨਾ ਚਿਰ ਦੇਸ਼ ਵਿੱਚੋਂ ਅਰਾਜਕਤਾ, ਭੁੱਖਮਰੀ ਅਤੇ ਨਿੱਤ ਵਧ ਰਹੀਆਂ ਇਹ ਮਾੜੀਆਂ ਘਟਨਾਵਾਂ ਖ਼ਤਮ ਨਹੀਂ ਹੋ ਸਕਦੀਆਂ। 'ਵਰਕ ਕਲਚਰ' ਪੈਦਾ ਕਰਨਾ ਸਭ ਤੋਂ ਵੱਡੀ ਜ਼ਰੂਰਤ ਹੈ। ਜੇ ਦੇਸ਼ ਨੂੰ ਮਾੜੀਆਂ ਅਲਾਮਤਾਂ ਤੋਂ ਬਚਾਉਣਾ ਹੈ ਤਾਂ ਹੁਨਰ-ਮੰਦ ਰੁਝੇਵੇਂ ਲੱਭਣੇ ਪੈਣੇ ਹਨ।

ਸਕੂਲ-ਕਾਲਜ ਵਿਚ ਬੱਚੇ ਸਾਰਾ ਦਿਨ ਰੁਝੇਵਿਆਂ ਵਿਚ ਰੁੱਝੇ ਰਹਿੰਦੇ ਹਨ। ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਹੋਰ ਗਤੀਵਿਧੀਆਂ ਵਿਚ ਹਿੱਸਾ ਲੈਣਾ ਆਦਿ। ਸਕੂਲਾਂ-ਕਾਲਜਾ ਵਿੱਚੋਂ ਸਿਰਫ਼ ਵਿੱਦਿਆ ਹੀ ਨਹੀਂ ਮਿਲਦੀ, ਉੱਥੇ ਬੱਚੇ ਦੀ ਪੂਰੀ ਸ਼ਖ਼ਸੀਅਤ ਨੂੰ ਹੀ ਨਿਖਰਨ ਦਾ ਮੌਕਾ ਮਿਲਦਾ ਹੈ। ਇਨ੍ਹਾਂ ਨੇ ਦੇਸ਼ ਨੂੰ ਵਧੀਆ ਖਿਡਾਰੀ ਹੀ ਨਹੀਂ ਦਿੱਤੇ, ਸਗੋਂ ਜ਼ਿੰਦਗੀ ਦੇ ਹਰ ਖੇਤਰ ਵਿਚ ਸਫਲਤਾ ਪੈਦਾ ਕਰਨ ਵਾਲੇ ਬੱਚੇ ਵੀ ਪੈਦਾ ਕੀਤੇ ਹਨ। ਇਕ-ਦੋ ਘੰਟੇ ਦੀ ਪੜ੍ਹਾਈ ਬਾਅਦ ਬੱਚਾ ਸਾਰਾ ਦਿਨ ਕੀ ਕਰਦਾ ਹੈ, ਇਸ ਵਿਚ ਟਿਊਸ਼ਨ ਸੈਂਟਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ। ਸਾਡੇ ਕਿੰਨੇ ਫ਼ੀਸਦੀ ਬੱਚੇ ਹਨ ਜਿਨ੍ਹਾਂ ਨੂੰ ਆਪਣੇ ਨਿਸ਼ਾਨੇ ਦਾ ਗਿਆਨ ਹੁੰਦਾ ਹੈ ਅਤੇ ਉਹ ਪੜ੍ਹਨ ਨੂੰ ਤਰਜੀਹ ਦੇਂਦੇ ਹਨ? ਬੱਚੇ ਦੀ ਚੌਵੀ ਘੰਟੇ ਰਾਖੀ ਨਹੀਂ ਹੋ ਸਕਦੀ, ਬਸ ਉਨ੍ਹਾਂ ਨੂੰ ਵਧੀਆ ਸੰਸਕਾਰ ਦੇਣ ਦੀ ਜ਼ਰੂਰਤ ਹੁੰਦੀ ਹੈ। ਆਖਦੇ ਹਨ ਕਿ ਬੱਚਿਆਂ ਲਈ ਚੌਦਾਂ-ਪੰਦਰਾਂ ਤੋਂ ਵੀਹ-ਬਾਈ ਸਾਲ ਦਾ ਸਮਾਂ ਸਭ ਤੋਂ ਖ਼ਤਰਨਾਕ ਹੁੰਦਾ ਹੈ। ਬੱਚੇ ਇਸ ਉਮਰੇ ਸਭ ਤੋਂ ਵੱਧ ਲਾਈਲੱਗ ਹੁੰਦੇ ਹਨ, ਇਸ ਦਲੇਰ ਉਮਰ ਵਿਚ ਉਹ ਆਪਣੇ ਆਪ ਨੂੰ ਬਾਕੀਆਂ ਨਾਲੋਂ ਸਿਆਣਾ ਅਤੇ ਤਾਕਤਵਰ ਵੀ ਸਮਝਣ ਦਾ ਭਰਮ ਵੀ ਪਾਲ ਲੈਂਦੇ ਹਨ ਅਤੇ ਕੋਈ ਗ਼ਲਤ ਕਦਮ ਚੁੱਕਣ ਤੋਂ ਵੀ ਨਹੀਂ ਝਕਦੇ।

ਇਕ ਕਹਾਵਤ ਹੈ 'ਖ਼ਾਲੀ ਦਿਮਾਗ਼ ਸ਼ੈਤਾਨ ਦਾ ਘਰ'। ਇਸ ਉਮਰ ਵਿਚ ਬੱਚੇ ਨੂੰ ਲੋੜੀਂਦਾ ਰੁਝੇਵਾਂ ਨਾ ਦਿੱਤਾ ਜਾਵੇ ਤਾਂ ਉਸ ਦੇ ਭਟਕ ਜਾਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਦੁਨੀਆ ਵਿਚ ਜਿੰਨੀਆਂ ਵੀ ਮਾੜੀਆਂ ਘਟਨਾਵਾਂ, ਮਾੜੇ ਕੰਮ ਜਾਂ ਹੋਰ ਵੀ ਗ਼ਲਤ ਕੰਮ ਹੋ ਰਹੇ ਹਨ, ਉਹ ਜ਼ਿਆਦਾਤਰ ਵਿਹਲੇ ਦਿਮਾਗ਼ ਦੀ ਉਪਜ ਹੀ ਹੁੰਦੇ ਹਨ। ਰੁੱਝੇ ਹੋਏ ਬੰਦੇ ਕੋਲ ਤਾਂ ਰੋਟੀ ਖਾਣ ਦੀ ਵਿਹਲ ਨਹੀਂ ਹੁੰਦੀ, ਕੋਈ ਮਾੜਾ ਕੰਮ ਕਰਨਾ ਜਾਂ ਸੋਚਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਜੇ ਸਾਡੇ ਬੱਚੇ ਅੱਜ ਕਾਂਗਿਆਰੀ ਦਾ ਰੂਪ ਧਾਰਨ ਕਰ ਰਹੇ ਹਨ, ਤਾਂ ਇਸ ਵਿਚ ਸਿਰਫ਼ ਉਨ੍ਹਾਂ ਦਾ ਹੀ ਕਸੂਰ ਨਹੀਂ ਹੁੰਦਾ। ਕੁਝ ਪਰਵਾਰਿਕ ਜੀਨ ਅਤੇ ਮਾਂ-ਬਾਪ ਅਤੇ ਸਮਾਜ ਦੀ ਲਾਪਰਵਾਹੀ ਵੀ ਬੱਚਿਆਂ ਨੂੰ ਕੁਰਾਹੇ ਪਾਉਣ ਲਈ ਜ਼ਿੰਮੇਵਾਰ ਹੁੰਦੀ ਹੈ। ਬੇਰੁਜ਼ਗਾਰੀ ਦੇ ਇਸ ਭਿਆਨਕ ਯੁੱਗ ਵਿਚ ਜ਼ਿਆਦਾਤਰ ਬੱਚੇ ਮੌਜੂਦਾ ਸਿਸਟਮ ਤੋਂ ਨਿਰਾਸ਼ ਹੁੰਦੇ ਜਾ ਰਹੇ ਹਨ। ਆਪਣੇ ਇਨ੍ਹਾਂ ਹਾਲਾਤ ਲਈ ਉਹ ਸਰਕਾਰ ਤੇ ਸਮਾਜ ਦੇ ਨਾਲ-ਨਾਲ ਪਰਿਵਾਰ ਨੂੰ ਵੀ ਓਨਾ ਹੀ ਕਸੂਰਵਾਰ ਸਮਝਦੇ ਹਨ। ਮਾੜਾ ਜਿਹਾ ਧੱਕਾ ਹੋਣ 'ਤੇ ਉਹ ਬਾਗ਼ੀ ਤੇਵਰ ਅਖ਼ਤਿਆਰ ਕਰ ਲੈਂਦੇ ਹਨ। ਜਦੋਂ ਉਨ੍ਹਾਂ ਨੂੰ ਆਪਣਾ ਭਵਿੱਖ ਸੁਰੱਖਿਅਤ ਨਹੀਂ ਲੱਗਦਾ ਤਾਂ ਉਹ ਸਿਸਟਮ ਵਿਰੁੱਧ ਲਾਮਬੰਦ ਹੋ ਕੇ ਉਨ੍ਹਾਂ ਨੂੰ ਸਬਕ ਸਿਖਾਉਣਾ ਆਪਣਾ ਮਕਸਦ ਬਣਾ ਲੈਂਦੇ ਹਨ। ਜੇ ਸਭ ਕੋਲ ਉਨ੍ਹਾਂ ਦੀ ਹੈਸੀਅਤ ਮੁਤਾਬਕ ਰੁਜ਼ਗਾਰ ਹੋਵੇ ਤਾਂ ਸਭ ਖ਼ੁਦ-ਬ-ਖ਼ੁਦ ਵਧੀਆ ਨਾਗਰਿਕ ਬਣ ਕੇ ਦੇਸ਼ ਦੀ ਉਸਾਰੀ ਵਿਚ ਹਿੱਸਾ ਪਾਉਣ ਲੱਗ ਪੈਣਗੇ।

ਅੱਜ ਪਰਿਵਾਰ ਉਹ ਨਹੀਂ ਰਹਿ ਗਏ ਜੋ ਅੱਜ ਤੋਂ ਚਾਰ-ਪੰਜ ਦਹਾਕੇ ਪਹਿਲਾਂ ਹੁੰਦੇ ਸਨ। ਪੈਸੇ ਦੇ ਪਾਸਾਰ ਅਤੇ ਬੇਰੁਜ਼ਗਾਰੀ ਨੇ ਹਰ ਇਕ ਨੂੰ ਮਤਲਬੀ ਬਣਾ ਦਿੱਤਾ ਹੈ। ਮਾਂ-ਬਾਪ ਦੀ ਲਾਪਰਵਾਹੀ ਅਤੇ ਬੱਚਿਆਂ ਦੀ ਬੇਪਰਵਾਹੀ ਕਾਰਨ ਪਰਿਵਾਰਕ ਸਿਸਟਮ ਹੀ ਨੁਕਸਾਨਿਆ ਜਾ ਰਿਹਾ ਹੈ। ਹਰ ਇਕ ਕੋਲ ਕਿਸੇ ਵੀ ਸਵਾਲ ਦਾ ਜਵਾਬ ਉਸ ਤੋਂ ਵੀ ਕਰੜੇ ਲਫ਼ਜ਼ਾਂ ਵਿਚ ਹੁੰਦਾ ਹੈ। ਅੱਜ ਖੇਤੀਬਾੜੀ ਯੂਨੀਵਰਸਟੀ ਵੱਲੋਂ ਪ੍ਰਮਾਣਿਤ ਬੀਜਾਂ ਵਿਚ ਵੀ ਕਾਂਗਿਆਰੀ ਉੱਗ ਪੈਂਦੀ ਹੈ, ਫੇਰ ਸਧਾਰਨ ਪਰਿਵਾਰ ਦੇ ਬੱਚਿਆਂ ਦੀ ਗਰੰਟੀ ਕੌਣ ਲਵੇਗਾ? •

**ਗੁਆਂਢੀਆਂ ਦੇ ਸਹਿਯੋਗ ਤੇ ਚੰਗੇ ਮੇਲ ਮਿਲਾਪ ਦੇ ਪਲੱਸਤਰ ਨਾਲ ਹੀ ਘਰ ਸੁਰੱਖਿਅਤ ਤੇ ਮਜ਼ਬੂਤ ਰੱਖਿਆ ਜਾ ਸਕਦਾ ਹੈ…**



# ਰੱਬ ਵਰਗਾ ਸਹਾਰਾ ਹੁੰਦੇ ਹਨ ਗੁਆਂਢੀ

• ਸੁਖਮੰਦਰ ਸਿੰਘ ਤੂਰ

ਮਨੁੱਖੀ ਜੀਵਨ ਵਿਚ ਭੌਤਿਕ ਜ਼ਰੂਰਤਾਂ ਤੋਂ ਇਲਾਵਾ ਮਨੁੱਖੀ ਭਾਵਨਾਵਾਂ ਦਾ ਵੀ ਬਹੁਤ ਮਹੱਤਵ ਹੈ। ਕੋਈ ਕਿੰਨਾ ਵੀ ਅਮੀਰ ਕਿਉਂ ਨਾ ਹੋਵੇ, ਉਹ ਆਉਣ ਵਾਲੇ ਸੰਕਟ ਬਾਰੇ ਕੁਝ ਨਹੀਂ ਜਾਣ ਸਕਦਾ ਅਤੇ ਸੰਕਟ ਦਾ ਮੁਕਾਬਲਾ ਇਕੱਲਿਆਂ ਕਰਨਾ ਔਖਾ ਹੁੰਦਾ ਹੈ। ਇਸ ਕਰਕੇ ਅਜਿਹੇ ਵਿਚ ਕੋਲ ਰਹਿੰਦੇ ਗੁਆਂਢੀ ਸਭ ਤੋਂ ਵੱਧ ਮਦਦਗਾਰ ਸਾਬਤ ਹੁੰਦੇ ਹਨ।

ਪਿੰਡਾਂ/ਕਸਬਿਆਂ ਅਤੇ ਛੋਟੇ ਨਗਰਾਂ ਦੇ ਸੱਭਿਆਚਾਰ ਨੂੰ ਅੱਜ ਵੀ ਵੱਡੇ ਸ਼ਹਿਰਾਂ ਦੇ ਸੱਭਿਆਚਾਰ ਤੋਂ ਚੰਗਾ ਮੰਨਿਆ ਜਾਂਦਾ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਪਿੰਡਾਂ/ਕਸਬਿਆਂ ਅਤੇ ਛੋਟੇ ਸ਼ਹਿਰਾਂ ਦੇ ਲੋਕਾਂ ਵਿਚ ਆਪਸੀ ਮੇਲ-ਮਿਲਾਪ, ਪਿਆਰ, ਸਹਿਯੋਗ ਤੇ ਛੋਟੇ-ਵੱਡਿਆਂ ਲਈ ਆਦਰ ਤੇ ਪ੍ਰੇਮ-ਭਾਵ ਹੁੰਦਾ ਹੈ। ਅੱਜ ਦੇ ਇਸ ਰੁਝੇਵਿਆਂ ਭਰੇ ਯੁੱਗ ਵਿਚ ਵੀ ਜੇ ਕਿਸੇ ਪਿੰਡ/ਕਸਬੇ ਆਦਿ ਵਿਚ ਕੋਈ ਸਾਧਾਰਨ ਜਿਹਾ ਹਾਦਸਾ ਵਾਪਰ ਜਾਵੇ ਤਾਂ ਇਸ ਦੀ ਖ਼ਬਰ ਅੱਗ ਵਾਂਗੂ ਪਿੰਡ/ਕਸਬੇ ਵਿਚ ਹੀ ਨਹੀਂ ਬਲਕਿ ਆਸ-ਪਾਸ, ਦੂਰ-ਦੁਰਾਡੇ ਪੁੱਜ ਜਾਂਦੀ ਹੈ। ਇਹੀ ਗੱਲ ਸ਼ਹਿਰਾਂ ਦੇ ਪੁਰਾਣੇ ਗਲੀ ਅਤੇ ਮੁਹੱਲਿਆਂ ਦੀ ਹੈ।

ਨਵੇਂ ਜ਼ਮਾਨੇ ਦੀ ਦੌੜ ਵਿਚ ਅੱਗੇ ਰਹਿਣ ਵਾਲੇ ਨਗਰਾਂ ਅਤੇ ਮਹਾਂਨਗਰਾਂ ਵਿਚ ਹਾਲਾਤ ਬਿਲਕੁਲ ਵੱਖਰੇ ਹਨ। ਆਸ-ਪਾਸ ਜਾਂ ਕੁਝ ਦੂਰੀ ਦੀ ਗੱਲ ਤਾਂ ਕਿਧਰੇ ਰਹੀ, ਠੀਕ ਨਾਲ ਵਾਲੇ ਜਾਂ ਉੱਪਰ-ਥੱਲੇ ਰਹਿਣ ਵਾਲੇ ਕਿਸੇ ਘਰ ਵਿਚ ਕੋਈ ਹਾਦਸਾ ਵਾਪਰ ਜਾਂਦਾ ਹੈ ਪਹਿਲਾਂ ਤਾਂ ਉਹ ਆਪਣੇ ਵੱਲੋਂ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ। ਜੇ ਪਤਾ ਲੱਗ ਵੀ ਜਾਵੇ ਤਾਂ ਸਾਰੀ ਕਹਾਣੀ ਰਸਮੀ ਪੁੱਛਗਿੱਛ ਨਾਲ ਖ਼ਤਮ ਹੋ ਜਾਂਦੀ ਹੈ। ਇਸ ਮਗਰੋਂ ਕੀ ਹੁੰਦਾ ਹੈ, ਇਸ ਨਾਲ ਕਿਸੇ ਨੂੰ ਕੋਈ ਵਾਸਤਾ ਨਹੀਂ ਰਹਿੰਦਾ। ਵੱਡੇ ਸ਼ਹਿਰਾਂ ਅਤੇ ਮਹਾਂਨਗਰਾਂ ਵਿਚ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਪਿੰਡਾਂ /ਕਸਬਿਆਂ ਨਾਲੋਂ ਵਧੇਰੇ ਹੁੰਦੀ ਹੈ, ਪਰ ਇਹ ਪੜ੍ਹੇ-ਲਿਖੇ ਲੋਕ ਸਮਝਦੇ ਹੀ ਨਹੀਂ ਕਿ ਹੱਥ ਨੂੰ ਹੱਥ ਦਾ ਸਹਾਰਾ ਹੁੰਦਾ ਹੈ।

ਉਹ ਮੰਨ ਕੇ ਕਿ ਕਿਤੇ ਗੁਆਂਢੀ ਉਸ ਦੀ ਅਮੀਰੀ ਨੂੰ ਵੇਖ ਕੇ ਈਰਖਾ ਨਾ ਕਰਨ ਲੱਗ ਪੈਣ ਜਾਂ ਫਿਰ ਉਨ੍ਹਾਂ ਦੀ ਅਮੀਰੀ ਜਾਂ ਪਦ-ਇੱਜ਼ਤ ਦਾ ਕੋਈ ਲਾਭ ਲੈਣ ਨਾ ਆ ਜਾਵੇ, ਕੋਈ ਕੰਮ ਆਦਿ ਨਾ ਦੱਸ ਦੇਵੇ, ਇਸੇ ਕਰਕੇ ਉਹ ਆਪਣੇ-ਆਪ ਨੂੰ ਤੰਗਦਿਲੀ ਦੇ ਦਾਇਰੇ ਵਿੱਚੋਂ ਬਾਹਰ ਨਹੀਂ ਕੱਢਦੇ। ਇਹ ਲੋਕ ਸਿਰਫ਼ ਉਨ੍ਹਾਂ ਲੋਕਾਂ ਨਾਲ ਹੀ ਮਿਲਦੇ-ਵਰਤਦੇ ਹਨ, ਜਿਨ੍ਹਾਂ ਨਾਲ ਉਨ੍ਹਾਂ ਦਾ ਵਪਾਰਕ ਵਾਹ-ਵਾਸਤਾ ਹੁੰਦਾ ਹੈ। ਗੁਆਂਢੀ ਨਾਲ ਬਹੁਤਾ ਵਰਤਣ ਵਿਚ ਉਹ ਆਪਣੇ ਵਪਾਰ ਦਾ ਨੁਕਸਾਨ ਦੇਖਦੇ ਹਨ ਕਿ ਕਿਤੇ ਉਸ ਦੀ ਵਪਾਰਕ ਸਫਲਤਾ ਦਾ ਰਾਜ਼ ਦੂਸਰਾ ਨਾ ਜਾਣ ਜਾਵੇ। ਜੇ ਗੁਆਂਢੀ ਗ਼ਰੀਬ ਹੋਵੇ ਤਾਂ ਵੀ ਉਸ ਤੋਂ ਦੂਰੀ ਬਣਾ ਕੇ ਰੱਖਦੇ ਹਨ ਕਿ ਕਿਤੇ ਉਹ ਪੈਸੇ ਆਦਿ ਦਾ ਸਵਾਲ ਹੀ ਨਾ ਪਾ ਦੇਵੇ ਜਾਂ ਰਾਤ-ਬਰਾਤੇ ਆਰਥਿਕ ਪਰੇਸ਼ਾਨੀ ਦਾ ਰੋਣਾ ਰੋਣ ਨਾ ਲੱਗ ਪਵੇ।

ਅਜਿਹੇ ਅਮੀਰ ਲੋਕ ਇਕੱਲੇ ਹੀ ਆਪਣੇ-ਆਪ ਵਿਚ ਮਸਤ ਰਹਿੰਦੇ ਹਨ, ਪਰ ਜਿਸ ਅਮੀਰੀ ਦੀ ਸੁਰੱਖਿਆ ਲਈ ਉਹ ਇਕੱਲੇ ਰਹਿਣ ਦੀ ਜੀਵਨ ਸ਼ੈਲੀ ਅਪਣਾਉਂਦੇ ਹਨ, ਚੋਰ-ਲੁਟੇਰਿਆਂ ਵੱਲੋਂ ਅਜਿਹੇ ਘਰਾਂ ਵਿਚ ਹੀ ਘੁਸਪੈਠ ਕੀਤੀ ਜਾਂਦੀ ਹੈ, ਕਿਉਂਕਿ ਉਹ ਵੀ ਜਾਣਦੇ ਹਨ ਕਿ ਜਿਹੜੇ ਸਿਮਟ ਕੇ ਰਹਿੰਦੇ ਹਨ ਉਨ੍ਹਾਂ ਦੀ ਸੁਰੱਖਿਆ ਲਈ ਰੌਲਾ ਪਾਉਣ ਲਈ ਕੋਈ ਨਹੀਂ ਆਉਂਦਾ। ਇਹੀ ਕਾਰਨ ਹੈ ਕਿ ਅਮੀਰਾਂ ਦੀਆਂ ਕਲੋਨੀਆਂ ਵਿਚ ਚੋਰੀ, ਲੁੱਟਮਾਰ ਅਤੇ ਹਿੰਸਾ ਦੇ ਮਾਮਲੇ ਵਧ ਰਹੇ ਹਨ। ਇੱਥੇ ਗੁਆਂਢੀ ਨੂੰ ਗੁਆਂਢੀ ਦਾ ਪਤਾ ਨਹੀਂ ਕਿ ਉਹ ਕੌਣ ਹੈ?

ਬਸ ਹਰ ਗੁਆਂਢੀ ਕੋਹਲੂ ਦੇ ਬਲਦ ਵਾਂਗੂ ਆਪਣੀ ਚਾਰ-ਦੁਆਰੀ ਦੇ ਅੰਦਰ ਹੀ ਚੱਕਰ ਕੱਟਦਾ ਰਹਿੰਦਾ ਹੈ। ਜਿਨ੍ਹਾਂ ਲੋਕਾਂ ਦਾ ਸੁਭਾਅ ਹੰਕਾਰੀ ਜਾਂ ਨਾ-ਮਿਲਵਰਤਣ ਵਾਲਾ ਹੁੰਦਾ ਹੈ, ਉਨ੍ਹਾਂ ਦੇ ਪਰਿਵਾਰਾਂ ਵਿਚ ਅਜਿਹਾ ਕੋਈ ਹਾਦਸਾ ਵਾਪਰ ਜਾਵੇ ਤਾਂ ਗੁਆਂਢੀ ਉਨ੍ਹਾਂ ਦੀ ਮਦਦ ਕਿਉਂ ਕਰੇਗਾ? ਇਸ ਲਈ ਗੁਆਂਢੀ ਭਾਵੇਂ ਅਮੀਰ ਜਾਂ ਗ਼ਰੀਬ ਹੋਵੇ, ਉਸ ਨਾਲ ਮੇਲ-ਮਿਲਾਪ ਜ਼ਰੂਰ ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਰ ਸਮੇਂ ਗੁਆਂਢੀਆਂ ਦੇ ਘਰ ਜਾ ਕੇ ਬੈਠੇ ਰਹੋ, ਪਰ ਸੁੱਖ-ਦੁੱਖ ਵੇਲੇ ਜਾਂ ਕੋਈ ਕੰਮ ਹੋਣ 'ਤੇ ਗੁਆਂਢੀ ਹੀ ਸਭ ਤੋਂ ਪਹਿਲਾਂ ਪਹੁੰਚ ਸਕਦਾ ਹੈ। ਮਕਾਨ ਜਾਂ ਐਸ਼ੋ-ਆਰਾਮ ਦੀਆਂ ਵਸਤਾਂ ਇਕੱਠੀਆਂ ਕਰਨ ਨਾਲ ਘਰ ਨਹੀਂ ਬਣਦੇ ਅਤੇ ਨਾ ਹੀ ਇਨ੍ਹਾਂ ਨਾਲ ਸੁਰੱਖਿਆ ਦੀ ਕੋਈ ਗਰੰਟੀ ਆਦਿ ਮਿਲ ਜਾਂਦੀ ਹੈ। ਗੁਆਂਢੀਆਂ ਦੇ ਸਹਿਯੋਗ ਅਤੇ ਚੰਗੇ ਮੇਲ-ਮਿਲਾਪ ਦੇ ਪਲੱਸਤਰ ਨਾਲ ਹੀ ਘਰ ਸੁਰੱਖਿਅਤ ਅਤੇ ਮਜ਼ਬੂਤ ਰੱਖਿਆ ਜਾ ਸਕਦਾ ਹੈ। •



• ਸੀਮਾ ਆਨੰਦ ਚੋਪੜਾ



# ਵਿਲੀਅਮ ਮੌਰਿਸ ਤੋਂ ਲਾਰਡ ਨਫੀਲਡ ਤਕ ਯਾਦਗਾਰੀ ਫੇਰੀ

**ਇੱਥੇ ਸਾਨੂੰ ਪਤਾ ਲੱਗਾ ਕਿ ਸਾਰਾ ਸਾਲ ਨਫੀਲਡ-ਹਾਊਸ 'ਚ ਕੋਈ ਨਾ ਕੋਈ ਲੋਕ ਪਸੰਦੀਦਾ ਸਮਾਗਮ ਚੱਲਦੇ ਰਹਿੰਦੇ ਹਨ। ਜਿਵੇਂ-ਵਿੰਟੇਜ ਕਾਰ-ਰੈਲੀ (ਪੁਰਾਣੀਆਂ ਕਾਰਾਂ ਦੀ ਰੈਲੀ), 1930 ਦਹਾਕੇ ਦਾ ਮੇਲਾ, ਮਹਾਰਾਣੀ ਦਾ ਜਨਮ ਦਿਨ ਸਮਾਗਮ ਆਦਿ। ਕੈਫੇ ਦੇ ਬਾਹਰ ਰੌਣਕ ਵਾਲਾ ਇਕ ਘੇਰਾ ਹੈ ਅਤੇ ਇਕ ਦਿਨਾ ਸੈਰ ਲਈ ਇਹ ਵਧੀਆ ਥਾਂ ਹੈ…**

ਇੰਗਲੈਂਡ 'ਚ ਗਰਮੀਆਂ ਦੇ ਮੌਸਮ ਦੀ ਸਮਰ ਬ੍ਰੇਕ 'ਚ ਜਦੋਂ ਮੈਂ ਉੱਥੋਂ ਦੀ ਬਣੀ ਮੌਰਿਸ ਮੋਟਰ ਕਾਰ ਦੇ ਵਿਸ਼ੇ 'ਚ ਲੇਖ ਪੜ੍ਹਿਆ ਤਾਂ ਬਚਪਨ ਦੀਆਂ ਕੁਝ ਯਾਦਾਂ ਉੱਭਰ ਆਈਆਂ। ਮੈਨੂੰ ਯਾਦ ਆ ਗਿਆ ਕਿ ਕਿਸ ਤਰ੍ਹਾਂ ਉਤਸੁਕਤਾ ਅਤੇ ਬੜੀ ਬੇਚੈਨੀ ਨਾਲ ਅਸੀਂ 1930 ਮਾਡਲ ਦੀ ਆਪਣੇ ਵੱਡੇ ਭਰਾ ਦੀ ਮੌਰਿਸ ਏਟੀਕ ਕਾਰ 'ਚ ਘੁੰਮਣ ਦੀ ਉਡੀਕ ਕਰਦੇ ਸੀ। ਉਹ ਦਿਨ ਸਾਡੇ ਲਈ ਵਿਸ਼ੇਸ਼ ਟ੍ਰੀਟ ਦਾ ਹੁੰਦਾ ਸੀ। ਲੇਖ 'ਚ ਮੌਰਿਸ-ਮੋਟਰ ਦੇ ਨਿਰਮਾਤਾ ਲਾਰਡ ਨਫੀਲਡ ਦੇ ਸੁੰਦਰ ਘਰ ਨਫੀਲਡ-ਹਾਊਸ ਦਾ ਵੀ ਜ਼ਿਕਰ ਸੀ ਜੋ ਲੰਡਨ ਦੇ ਨਜ਼ਦੀਕ ਹੈ ਅਤੇ ਸੈਲਾਨੀਆਂ ਦੇ ਲਈ ਖੁੱਲ੍ਹਾ ਹੈ। ਬਸ ਇੱਥੋਂ ਹੀ ਸ਼ੁਰੂ ਹੁੰਦੀ ਹੈ ਮੌਰਿਸ-ਭਵਨ-ਨਫੀਲਡ ਹਾਊਸ, ਆਕਸਫੋਰਡਸ਼ਾਇਰ ਦੀ ਦਿਹਾਤੀ ਯਾਤਰਾ। ਮਨ 'ਚ ਵਿਲੀਅਮ ਮੌਰਿਸ ਨਾਮੀ ਇਕ ਸਧਾਰਨ ਸਾਈਕਲ ਮਕੈਨਿਕ ਦੇ ਮਹਾਨ ਕਾਰ ਨਿਰਮਾਤਾ ਲਾਰਡ-ਨਫੀਲਡ ਬਣਨ ਦੀ ਜੀਵਨ ਯਾਤਰਾ ਜਾਣਨ ਦੀ ਜਿਗਿਆਸਾ ਸੀ। ਲੰਡਨ ਤੋਂ ਇਕ ਘੰਟੇ ਦੀ ਡਰਾਈਵ ਪਿੱਛੋਂ ਅਸੀਂ ਸ਼ੁਰੂਆਤੀ 20 ਵੀਂ ਸਦੀ ਦੇ ਮਿਲੀਅਰ ਲਾਰਡ-ਨਫੀਲਡ ਦੇ ਘਰ ਨਫੀਲਡ-ਹਾਊਸ ਪਹੁੰਚੇ ਜਿਸ ਦਾ ਲੋਕਪ੍ਰਿਅ ਨਾਂ ਮੌਰਿਸ-ਮੈਨਰ ਵੀ ਹੈ ਕਿਉਂਕਿ ਇਹ ਉਸ ਦੇ ਮਾਲਕ ਦੇ ਮੁੱਢਲੇ ਨਾਂ ਅਤੇ ਮੋਟਰ ਕਾਰ ਕੰਪਨੀ ਦੋਹਾਂ ਦੇ ਨਾਂ ਨਾਲ ਜੁੜਿਆ ਹੈ। ਕਾਰ ਪਾਰਕਿੰਗ ਤੋਂ ਅੱਗੇ ਖਿੜੀ ਹੋਈ ਪੀਲੀ ਸਰ੍ਹੋਂ ਦੇ ਫੈਲੇ ਹੋਏ ਖੇਤਾਂ 'ਚੋਂ ਲੰਘ ਕੇ ਅਸੀਂ ਛੇਤੀ ਹੀ ਨਫੀਲਡ-ਹਾਊਸ ਪਹੁੰਚੇ ਜੋ ਨਵੀਂ ਦਿੱਲੀ ਦੇ ਕਈ ਹਿੱਸਿਆਂ ਵਾਂਗ ਲੁਟਿਅਨ ਸ਼ੈਲੀ 'ਚ ਮਹਾਰਾਜਾ ਐਡਵਰਡ ਨੇ 1914 ਵਿਚ ਬਣਾਇਆ ਸੀ। 1933 'ਚ ਗੌਰਵਮਈ ਭਵਨ ਖ਼ਰੀਦਣ 'ਤੇ ਵਿਲੀਅਮ-ਮੌਰਿਸ ਲਾਰਡ ਨਫੀਲਡ ਬਣੇ। ਵਿਲੀਅਮ-ਮੌਰਿਸ ਧਨਾਢ ਤਾਂ ਸਨ ਹੀ ਅਤੇ ਦੂਸਰੇ ਪਾਸੇ ਉਨ੍ਹਾਂ ਨੂੰ ਪਿਆਰ ਨਾਲ ਬ੍ਰਿਟੇਨ ਦਾ ਮਹਾਨ ਲੋਕ-ਉਪਕਾਰੀ ਵਿਅਕਤੀ ਕਿਹਾ ਜਾਂਦਾ ਸੀ। ਉਨ੍ਹਾਂ ਦੀਆਂ ਅਨੇਕਾਂ ਨਿੱਜੀ ਪਾਪਤੀਆਂ ਕਾਰਨ ਓਨਾਂ ਨੂੰ ਲਾਰਡ-ਨਫੀਲਡ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਕਿਉਂਕਿ ਅਸੀਂ ਜਿਸ ਭਵਨ ਨੂੰ ਦੇਖਣ ਆਏ ਸੀ ਉਹ ਨਫੀਲਡ ਪਿੰਡ 'ਚ ਹੈ। ਘਰ 'ਚ ਵੜਦੇ ਹੀ ਉਸਦੀ ਸਾਦਗੀ ਮਨਮੋਹਕ ਸੀ, ਬਿਲਕੁਲ ਇਕ ਸੁੰਦਰ ਅਰਾਮਦਾਇਕ ਘਰ ਦੇ ਸਮਾਨ। ਜੇ ਲਾਰਡ ਨਫੀਲਡ ਚਾਹੁੰਦੇ ਤਾਂ ਇਸ ਮਹਿਲ 'ਚ ਵੀ ਰਹਿ ਸਕਦੇ ਸਨ। ਨਿਮਰ ਸੁਭਾਅ ਦੇ ਲਾਰਡ ਨਫੀਲਡ ਨੇ ਇਸ ਘਰ ਦੀ ਚੋਣ ਕੀਤੀ ਜਿਸ ਦੀ ਵਿਸ਼ੇਸ਼ਤਾ ਹੈ ਕਾਰ, ਗੈਜੇਟ (ਛੋਟੇ ਉਪਕਰਣ) ਅਤੇ ਕਲਾਸਿਕ (ਚਿੜੀਆਂ) ਦਾ ਅਨੋਖਾ ਪ੍ਰਦਰਸ਼ਨ ਜਿਸ 'ਚ ਹਰੇਕ ਕਮਰੇ ਨੇ ਸਾਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਨਫੀਲਡ ਹਾਊਸ ਦੇ ਲਾਗੇ ਇਕ ਹਲਕੀ, ਮਿੱਠੀ, ਤੰਬਾਕੂ ਦੀ ਬਨਾਵਟੀ ਮਹਿਕ ਸੀ ਜੋ ਵਿਸ਼ੇਸ਼ ਰੂਪ 'ਚ ਕੇਵਲ ਇਸ ਲਈ ਤਿਆਰ ਕੀਤੀ ਗਈ ਸੀ ਕਿਉਂਕਿ ਅਨੇਕ ਅੰਗਰੇਜ਼ੀ ਜੋੜਿਆਂ ਵਾਂਗ ਨਫੀਲਡ ਦੰਪਤੀ ਵੀ ਸਮੋਕਰ ਸਨ।

ਸਾਡੇ ਖੱਬੇ ਪਾਸੇ ਓਕ-ਲੱਕੜੀ ਦੀ ਪੈਨਲਿੰਗ ਵਾਲਾ ਆਕਰਸ਼ਕ ਬਿਲਿਅਰਡ-ਰੂਮ ਸੀ ਅਤੇ ਉੱਥੋਂ ਹੀ ਅਸੀਂ ਨਫੀਲਡ ਭਵਨ ਦੀ ਯਾਤਰਾ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਗਾਈਡ ਨੇ ਲਾਰਡ-ਨਫੀਲਡ ਦੇ ਜੀਵਨ ਦੀ ਸੰਖੇਪ ਕਥਾ ਸੁਣਾਈ ਜੋ ਉਨ੍ਹਾਂ ਦੇ ਸ਼ੁਰੂਆਤੀ ਜੀਵਨ ਤੋਂ ਲੈ ਕੇ ਕਾਰ ਸਮਰਾਟ ਬਣਨ ਤਕ ਦੀ ਰੌਚਕ ਕਹਾਣੀ ਹੈ। 1877 'ਚ ਪੈਦਾ ਹੋਏ ਵਿਲੀਅਮ ਮੌਰਿਸ ਕਿਸ਼ੋਰ ਅਵਸਥਾ 'ਚ ਆਕਸਫੋਰਡ ਬਾਈਸਾਈਕਲ ਰਿਪੇਅਰ ਦੇ ਨਾਂ ਨਾਲ ਜਾਣੇ ਜਾਂਦੇ ਸਨ। 15 ਸਾਲ ਦੀ ਉਮਰ 'ਚ ਮੌਰਿਸ ਨੇ ਆਪਣੇ ਮਾਤਾ-ਪਿਤਾ ਦੇ ਘਰ ਦੇ ਮੂਹਰਲੇ ਕਮਰੇ 'ਚ ਆਪਣੀ ਦੁਕਾਨ ਖੋਲ੍ਹੀ ਸੀ ਮਗਰ ਛੇਤੀ ਹੀ ਕੰਮ ਵਧਣ ਨਾਲ ਮੌਰਿਸ ਨੂੰ 'ਹਾਈਸਟ੍ਰੀਟ' 'ਤੇ ਜਗ੍ਹਾ ਦਾ ਪ੍ਰਬੰਧ ਕਰਨਾ ਪਿਆ ਜਿੱਥੇ ਉਹ ਮੋਟਰ ਸਾਈਕਲ ਅਤੇ ਕਾਰ ਵੀ ਠੀਕ ਕਰਨ ਲੱਗਾ। ਫਿਰ ਕੁਝ ਸਾਲਾਂ ਬਾਅਦ ਉਨ੍ਹਾਂ ਦੇ ਜੀਵਨ 'ਚ ਇਕ ਮਹੱਤਵਪੂਰਨ ਸਕਾਰਾਤਮਕ ਤਬਦੀਲੀ ਆਈ ਜਦ ਮੌਰਿਸ ਨੇ 'ਬੁਲਨੌਸ-ਮੌਰਿਸ' ਨਾਂ ਦੀ ਸਧਾਰਨ ਕਾਰ ਦਾ ਖ਼ੁਦ ਨਿਰਮਾਣ ਕੀਤਾ। ਉਸ ਸਮੇਂ ਅਮਰੀਕਾ 'ਚ ਸ੍ਰੀ ਫੋਰਡ ਨੇ ਪ੍ਰਸਿੱਧ ਫੋਰਡ ਕਾਰ ਦਾ ਨਿਰਮਾਣ ਕੀਤਾ ਸੀ ਅਤੇ ਦੂਜੇ ਪਾਸੇ ਮੌਰਿਸ ਕਾਰ ਉਸਦੇ ਬਰਾਬਰ ਬਣੀ ਜੋ ਬ੍ਰਿਟੇਨ ਦਾ ਅਮਰੀਕਾ ਨੂੰ ਜਵਾਬ ਸੀ।

ਅਖੀਰ 'ਚ ਗਾਈਡ ਨੇ ਸਾਨੂੰ ਕਿਹਾ ਕਿ ਵਿਲੀਅਮ ਮੌਰਿਸ ਆਪਣੀ ਕਾਰ ਆਪ ਡਿਜ਼ਾਈਨ ਕਰਦੇ ਸੀ ਅਤੇ ਮਗਰੋਂ ਡਿਜ਼ਾਈਨ ਨੂੰ ਸੁਧਾਰਦੇ ਸਨ, ਇਸੇ ਕਰਕੇ ਉਨ੍ਹਾਂ ਦੀ ਸਖ਼ਤ ਮਿਹਨਤ ਤੋਂ ਪੈਦਾ ਹੋਈ ਮੋਟਰ ਕਾਰ ਕੰਪਨੀ ਮੌਰਿਸ-ਮੋਟਰਜ਼ ਨੇ ਅੱਜ 100 ਸਾਲ ਪੂਰੇ ਕਰ ਲਏ ਹਨ। ਇਸ ਚਰਚਾ ਤੋਂ ਬਾਅਦ ਅਸੀਂ ਆਪਣੇ ਆਪ ਘਰ 'ਚ ਘੁੰਮ ਕੇ ਦੇਖਣਾ ਚਾਹੁੰਦੇ ਸੀ ਇਸ ਲਈ ਬਿਲੀਅਰਡ-ਰੂਮ 'ਚ ਹੀ ਰੁਕ ਕੇ ਉੱਥੋਂ ਦੇ ਅਨੋਖੇ ਪ੍ਰਦਰਸ਼ਨ ਦੇਖਣ ਲੱਗੇ। ਲਾਰਡ ਨਫੀਲਡ ਨੇ ਵਿਸ਼ਾਲ ਪੋਟ੍ਰੇਟ ਦੇ ਲਾਗੇ ਇਕ ਅਖ਼ਬਾਰ ਪੱਤਰ ਨੂੰ ਫਰੇਮ ਕੀਤਾ ਗਿਆ ਸੀ ਜਿਸ 'ਚ ਲਾਰਡ ਨਫੀਲਡ ਨੂੰ ਅਗਵਾ ਕਰਨ ਦੀ ਖ਼ਬਰ ਸੀ। 1938 ਦੀ ਇਸ ਘਟਨਾ 'ਚ ਲਾਰਡ ਨਫੀਲਡ ਕਿਸਮਤ ਵਾਲੇ ਨਿਕਲੇ ਅਤੇ ਅਗਵਾ ਕਰਨ ਵਾਲੇ ਅਸਫਲ ਰਹੇ। ਖ਼ਬਰ-ਪੇਪਰ ਦੇ ਹੇਠਾਂ ਉਨ੍ਹਾਂ ਦੀ ਮਿੰਨੀ-ਬਾਰ ਸਜੀ ਹੋਈ ਸੀ ਅਤੇ ਧਾਤੂ ਤੇ ਚਮੜੇ ਦਾ ਬਣਿਆ ਅਨੋਖਾ ਕਸਰਤ-ਘੋੜਾ ਸੀ ਜੋ ਆਪ ਲਾਰਡ ਨਫੀਲਡ ਨੇ ਆਪਣੀ ਵਧੀਆ ਸਿਹਤ ਦੇ ਲਈ ਆਪਣੀ ਕਾਰ ਫੈਕਟਰੀ 'ਚ ਬਣਵਾਇਆ ਸੀ।

ਨਫੀਲਡ ਹਾਊਸ ਦੇ ਬਿਲਿਅਰਡ ਰੂਮ ਦੇ ਦੂਜੇ ਪਾਸੇ ਆਕਰਸ਼ਕ ਸੋਫ਼ਾ ਸੈੱਟ ਅਤੇ ਟੇਬਲ 'ਤੇ ਲਾਰਡ ਨਫੀਲਡ ਦੀ ਮਨਪਸੰਦ ਸਤਰੰਜ ਅਤੇ ਸਿਗਾਰ ਕੇਸ ਸਜੇ ਹੋਏ ਸਨ, ਜਿਵੇਂ ਇਹ ਕਮਰਾ ਅੱਜ ਵੀ ਵਰਤਿਆ ਜਾਂਦਾ ਹੋਵੇ। ਫਿਰ ਅਸੀਂ ਆਪਣੇ ਸੱਜੇ ਪਾਸੇ ਬਣੇ ਡਰਾਇੰਗ ਰੂਮ 'ਚ ਗਏ ਜਿਸ ਦੀ ਸਜਾਵਟ ਅਤੇ ਫਰਨਿਸ਼ਿੰਗ 80 ਸਾਲ ਪੁਰਾਣੀ ਸੀ। ਸਿਟਿੰਗ ਰੂਮ 'ਚ ਆਉਣ ਵਾਲੇ ਸੈਲਾਨੀਆਂ ਦਾ ਸਵਾਗਤ ਉਸ ਸੰਗੀਤ ਨਾਲ ਹੁੰਦਾ ਹੈ ਜੋ ਲਾਰਡ ਨਫੀਲਡ ਦੇ ਨਿੱਜੀ ਅਜਾਇਬ ਘਰ ਤੋਂ ਨਕਲ ਕੀਤਾ ਗਿਆ ਹੈ। ਇਹ ਸੰਗੀਤ ਸੰਗ੍ਰਹਿ ਉਨ੍ਹਾਂ ਦੇ ਘਰ ਨਫੀਲਡ ਹਾਊਸ ਦੀ ਸਭ ਤੋਂ ਉਪਰਲੀ ਮੰਜ਼ਿਲ 'ਚ ਸਥਿਤ 'ਏਟਿਕ' ਕਮਰੇ 'ਚ ਪਾਇਆ ਗਿਆ ਸੀ। ਇਸ ਦੇ ਨਾਲ ਡਰਾਇੰਗ ਰੂਮ 'ਚ ਸਜਿਆ ਕਲਾਤਮਕ ਰੇਡੀਓ ਉਨ੍ਹਾਂ ਦੇ ਸੰਗੀਤ ਪ੍ਰੇਮੀ ਹੋਣ ਦਾ ਚਿੰਨ੍ਹ ਹੈ। ਹੋਰ ਆਕਰਸ਼ਕ ਪ੍ਰਦਰਸ਼ਨ 1955 ਦੇ ਵਾਲਟਨ (ਅਖਰੋਟ), ਵਿਨੀਅਰ ਵਾਲਾ ਲਗਜ਼ਰੀ ਟੈਲੀਵਿਜ਼ਨ ਜੋ ਵਿਸ਼ਵ ਪ੍ਰਸਿੱਧ ਬ੍ਰਾਂਡ 'ਹਿਜ਼ ਮਾਸਟਰਜ਼ ਵੋਆਇਸ' ਦਾ ਹੈ। ਮਹਿੰਗੀ ਜੈਗੁਆਰ ਕਾਰ ਅਤੇ ਮੌਰਿਸ ਕਾਰ ਦੇ ਸੁੰਦਰ ਮਾਡਲ, ਕਾਰ ਮਕੈਨਿਕ ਦੀਆਂ ਅਨੇਕਾਂ ਪੁਸਤਕਾਂ ਤੋਂ ਇਲਾਵਾ ਘਰ ਦੀਆਂ ਹੋਰ ਆਕਰਸ਼ਕ ਵਿਸ਼ੇਸ਼ਤਾਵਾਂ ਹਨ-ਘਰੇਲੂ ਬੋਨ ਚਾਈਨਾ ਦੀਆਂ ਵਸਤੂਆਂ ਅਤੇ ਬਰਤਨ, ਕਾਕਟੇਲ-ਅਲਮਾਰੀ, ਫਰੇਮ ਕੀਤੀਆਂ ਗਈਆਂ ਫੋਟੋਆਂ ਅਤੇ ਚਿੱਠੀਆਂ।

ਅਸੀਂ ਬੜੇ ਆਰਾਮ ਅਤੇ ਉਤਸੁਕਤਾ ਨਾਲ ਘਰ ਦੀਆਂ ਪ੍ਰਦਰਸ਼ਨੀਆਂ ਨੂੰ ਦੇਖਿਆ। ਡਰਾਇੰਗ ਰੂਮ 'ਚ ਟੇਬਲ 'ਤੇ ਕ੍ਰਿਸਟਲ ਦਾ ਮੋਮਬੱਤੀ ਸਟੈਂਡ, ਸੁੰਦਰ ਮੈਟ ਅਤੇ ਨੈਪਕਿਨ, ਮਹਿੰਗੀ ਕਰਾਕਰੀ ਅਤੇ ਚਮਕਦਾਰ ਕਟਲਰੀ ਇਸ ਤਰ੍ਹਾਂ ਸਜੀਆਂ ਸਨ ਜਿਵੇਂ ਅੱਜ ਹੀ ਨਫੀਲਡ ਹਾਊਸ 'ਚ ਡਿਨਰ 'ਤੇ ਮਹਿਮਾਨ ਆਉਣ ਵਾਲੇ ਹੋਣ। ਇਸ ਨੂੰ ਦੇਖ ਮੈਨੂੰ ਲਾਰਡ ਨਫੀਲਡ ਨਾਲ ਸਬੰਧਿਤ ਇਕ ਪੁਰਾਣੀ ਪੜ੍ਹੀ ਘਟਨਾ ਯਾਦ ਆ ਗਈ। 1954 'ਚ ਨਫੀਲਡ ਹਾਊਸ 'ਚ ਇਥੋਪੀਆ ਦੇਸ਼ ਦੇ ਸਮਰਾਟ ਰਾਤ ਦੇ ਖਾਣੇ 'ਤੇ ਆਏ। ਬੜੀ ਸਾਦਗੀ ਨਾਲ ਉਨ੍ਹਾਂ ਦੀ ਪਤਨੀ ਲੇਡੀ ਨਫੀਲਡ ਨੇ ਆਪ ਖਾਣਾ ਗਰਮ ਕੀਤਾ ਅਤੇ ਪਰੋਸਿਆ ਵੀ। ਆਪਣੀ ਸਹਾਇਤਾ ਲਈ ਉਨ੍ਹਾਂ ਨੇ ਕੋਈ ਵੀ ਨੌਕਰ ਨਹੀਂ ਰੱਖਿਆ ਸੀ। ਸਾਰਾ ਖਾਣਾ ਸਥਾਨਕ ਨਫੀਲਡ ਗੋਲਫ ਕੋਰਸ ਕਲੱਬ ਤੋਂ ਪਹਿਲਾਂ ਹੀ ਆਡਰ ਕਰ ਦਿੱਤਾ ਗਿਆ ਸੀ। ਡਰਾਇੰਗ-ਡਾਈਨਿੰਗ ਕਮਰੇ ਤੋਂ ਬਾਹਰ ਜਾਂਦੇ ਹੋਏ ਇਕ ਪਾਸੇ ਕਿਤਾਬਾਂ ਦੀ ਅਲਮਾਰੀ ਦਿਸੀ ਜਿਸ 'ਚ ਕੁੱਤਿਆਂ ਨਾਲ ਸਬੰਧਿਤ ਅਨੇਕਾਂ ਪੁਸਤਕਾਂ ਸਨ ਕਿਉਂਕਿ ਸੰਤਾਨਹੀਣ ਨਫੀਲਡ ਜੋੜੇ ਨੂੰ ਕੁੱਤਿਆਂ ਨਾਲ ਬੇਹੱਦ ਲਗਾਓ ਸੀ। ਦੋ ਹੋਰ ਵਧੀਆ ਟਾਈਟਲ ਵਾਲੀਆਂ ਪੁਸਤਕਾਂ ਸਨ-ਬੁੱਕ ਆਫ਼ ਹਾਊਸਹੋਲਡ ਮੈਨੇਜਮੈਂਟ (ਘਰੇਲੂ ਸੰਚਾਲਨ) ਅਤੇ ਬੁੱਕ ਆਨ ਏਟੀਕੇਟ (ਸ਼ਿਸ਼ਟਾਚਾਰ ਦੇ ਨਿਯਮ)।

ਇਸ ਤੋਂ ਬਾਅਦ ਅਸੀਂ ਲੱਕੜੀ ਦੇ ਸੁੰਦਰ ਸਟੇਅਰ ਕੇਸ ਨਾਲ ਨਫੀਲਡ ਹਾਊਸ ਦੇ ਉੱਪਰ ਦੇ ਚਾਰ ਬੈੱਡਰੂਮ ਦੇਖਣ ਗਏ। ਪੌੜੀਆਂ ਦੀ ਚੜ੍ਹਾਈ 'ਤੇ ਰੌਚਕ ਡਿਸਪਲੇ ਧਿਆਨ ਖਿੱਚਦੇ ਹਨ। ਇਕ ਫਰੇਮ 'ਚ ਮੌਰਿਸ-ਮੋਟਰ ਮੈਗਜ਼ੀਨ ਦੇ ਅਨੇਕ ਤਰੀਕਾਂ ਵਾਲੇ ਕਵਰ ਫਰੇਮ ਸਨ ਅਤੇ ਦੂਸਰੇ ਫਰੇਮ 'ਚ ਮੌਰਿਸ ਕਾਰ ਵਪਾਰ ਦੀ ਸਮੁੱਚੀ ਰੌਚਕ ਕਹਾਣੀ ਸੀ ਜੋ 1937 ਤਕ ਯੂਰਪ ਦਾ ਸਭ ਤੋਂ ਵੱਡਾ ਕਾਰ ਇੰਪਾਇਰ ਬਣ ਗਿਆ ਸੀ। ਉੱਪਰਲੀ ਮੰਜ਼ਿਲ 'ਤੇ ਅਸੀਂ ਸਭ ਤੋਂ ਪਹਿਲਾਂ ਲਾਰਡ ਨਫੀਲਡ ਦੇ ਸੌਣ ਵਾਲੇ ਕਮਰੇ 'ਚ ਗਏ ਜੋ ਇਕਦਮ ਉਸੇ ਤਰ੍ਹਾਂ ਦਾ ਸੀ ਜਿਵੇਂ ਉਨ੍ਹਾਂ ਦੇ ਜੀਵਨ ਕਾਲ ਵਿਚ ਰਿਹਾ ਹੋਣਾ। ਫਿਰ ਉਹੀ ਵਿਚਾਰ ਮਨ 'ਚ ਆਇਆ ਕਿ ਇਵੇਂ ਲਗਦਾ ਹੈ ਜਿਵੇਂ ਇਸ ਨੂੰ ਅੱਜ ਹੀ ਵਰਤਿਆ ਗਿਆ ਹੋਵੇ। ਹਾਲਾਂਕਿ ਪੀਲੇ ਰੰਗ ਦੇ ਬੈੱਡਰੂਮ 'ਚ ਬਹੁਤ ਸਮਾਨ ਸੀ-ਬਹੁਤ ਸਾਰੀਆਂ ਫੋਟੋਆਂ ਜਿਨ੍ਹਾਂ 'ਚ ਮੁੱਖ ਸੀ ਬ੍ਰਿਟੇਨ ਦੀ ਮਹਾਰਾਣੀ ਦੁਆਰਾ ਦਸਤਖ਼ਤ ਕੀਤੀ ਫੋਟੋ ਅਤੇ ਅੰਗਰੇਜ਼ੀ ਸ਼ਬਦ 'ਐੱਨ' ਵਾਲਾ ਕੰਬਲ। ਅਸੀਂ ਪੜ੍ਹਿਆ ਸੀ ਕਿ ਇਸ ਕਮਰੇ ਦੀ ਹਾਈਲਾਈਟ ਇਸ ਦਾ ਵਾਰਡਰੋਬ ਹੈ, ਸੋ ਲਾਰਡ ਨਫੀਲਡ ਦੀਆਂ ਕਮੀਜ਼ਾਂ, ਪੈਂਟਾਂ, ਟਾਈ ਆਦਿ ਦਾ ਸੰਗ੍ਰਹਿ ਦੇਖਣ ਲਈ ਅਸੀਂ ਕੱਪੜਿਆਂ ਦੀ ਅਲਮਾਰੀ ਖੋਲ੍ਹੀ। ਉਦੋਂ ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦ ਅਲਮਾਰੀ ਦੇ ਨਜ਼ਦੀਕ ਇਕ ਵਿਸ਼ਾਲ ਵਰਕ-ਬੈਂਚ ਦੇਖਿਆ। ਉਸ 'ਚ ਤਰ੍ਹਾਂ-ਤਰ੍ਹਾਂ ਦੇ ਟੂਲ (ਯੰਤਰ) ਸਨ ਅਤੇ ਇਹ ਮਿੰਨੀ ਵਰਕਸ਼ਾਪ ਕਹਿਲਾਉਂਦਾ ਸੀ। ਉੱਥੇ ਵਿਲੀਅਮ ਮੌਰਿਸ ਲਾਰਡ ਨਫੀਲਡ ਸਾਰੀ ਰਾਤ ਬੈਠ ਕੇ ਨਵੀਆਂ ਖੋਜਾਂ ਕਰਦੇ ਸਨ ਕਿਉਂਕਿ ਓਨਾਂ ਨੂੰ ਇਨਸੋਮੀਆ (ਨੀਂਦ ਨਾ ਆਉਣ ਦੀ ਬਿਮਾਰੀ) ਸੀ।

ਲਾਰਡ ਨਫੀਲਡ ਦੇ ਬੈੱਡਰੂਮ ਦਾ ਕਾਲੀਨ ਅਨੋਖਾ ਸੀ। ਉਹ ਇਸ ਤਰ੍ਹਾਂ ਦੇ ਕਈ ਛੋਟੇ ਕਾਲੀਨਾਂ ਨੂੰ ਜੋੜ ਕੇ ਬਣਾਇਆ ਗਿਆ ਸੀ ਜੋ ਅਸਲ ਵਿਚ ਮੌਰਿਸ ਕਾਰ ਦੇ ਅੰਦਰ ਸਜਾਵਟ ਲਈ ਬਣਾਏ ਜਾਂਦੇ ਸਨ। ਬੈੱਡ ਦੇ ਨਾਲ ਹੀ ਜੋ ਰੀਡਿੰਗ ਲਾਈਟ ਸੀ, ਉਹ ਵੀ ਉਨ੍ਹਾਂ ਨੇ ਆਪ ਹੀ ਲੈਂਪਸ਼ੇਡ ਦੇ ਤਾਰਿਆਂ ਨੂੰ ਜੋੜ ਕੇ ਬਣਾਈ ਸੀ। ਕਮਰੇ ਦੇ ਸਾਈਡ ਰੂਮ 'ਚ ਜਾਂਦੇ ਦਰਵਾਜ਼ੇ ਦੇ ਪਿੱਛੇ ਉਨ੍ਹਾਂ ਦਾ ਡਰੈਸਿੰਗ ਰੂਮ ਸੀ ਜਿੱਥੇ ਕਈ ਤਰ੍ਹਾਂ ਦੇ ਕੱਪੜੇ ਸਨ, ਜੋ ਭਿੰਨ-ਭਿੰਨ ਸਮਾਗਮਾਂ ਅਨੁਸਾਰ ਪਹਿਨਣੇ ਹੁੰਦੇ ਸਨ। ਫਿਰ ਵੀ ਲਾਰਡ ਨਫੀਲਡ ਉਹਨੂੰ ਦੇਖ ਕੇ ਹੱਸ ਦਿੰਦੇ ਅਤੇ ਉਨ੍ਹਾਂ ਦਾ ਪਸੰਦੀਦਾ ਮਜ਼ਾਕ ਸੀ 'ਤੁਸੀਂ ਇਕ ਸਮੇਂ ਇਕ ਹੀ ਸੂਟ ਪਹਿਨ ਸਕਦੇ ਹੋ ਚਾਹੇ ਤੁਹਾਡੇ ਕੋਲ ਕਿੰਨੇ ਵੀ ਕੱਪੜੇ ਕਿਉਂ ਨਾ ਹੋਣ'।

ਲਾਰਡ ਨਫੀਲਡ-ਮੌਰਿਸ ਦਾ ਵਿਲੱਖਣ ਗੁਣ ਇਹ ਸੀ ਕਿ ਉਹ ਮਹਾਨ ਦਾਨੀ ਸਨ ਅਤੇ ਹਰੇਕ ਸਾਲ ਵੱਖ-ਵੱਖ ਸੰਸਥਾਵਾਂ 'ਚ ਹਜ਼ਾਰਾਂ ਪਾਊਂਡ ਦਾ ਦਾਨ ਦਿੰਦੇ ਸਨ। ਇਸ ਨਾਲ ਜੁੜੀ ਇਕ ਰੌਚਕ ਕਹਾਣੀ ਮੈਂ ਪੜ੍ਹੀ ਸੀ-ਉਨ੍ਹਾਂ ਨੇ 10,000 ਪਾਊਂਡ ਦੇ ਕੇ ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ 'ਚ ਸਪੇਨਿਸ਼ ਭਾਸ਼ਾ ਸਿਖਾਉਣ ਵਾਲਾ ਕੋਰਸ ਸ਼ੁਰੂ ਕਰਵਾਇਆ ਸੀ ਜੋ ਕਿ ਇਕ ਵੱਡੀ ਯੋਜਨਾ ਦਾ ਹਿੱਸਾ ਸਾਬਤ ਹੋਇਆ। ਅਮਰੀਕਾ ਦੀ ਪ੍ਰਸਿੱਧ



ਫੋਰਡ ਕਾਰ ਦੇ ਨਿਰਮਾਤਾ ਨੇ ਜਲਦੀ ਹੀ ਸਾਊਥ-ਅਮਰੀਕਾ 'ਚ ਆਪਣਾ ਕਾਰ ਸਾਮਰਾਜ ਸਥਾਪਤ ਕਰ ਲਿਆ। ਉੱਥੇ ਜ਼ਿਆਦਾਤਰ ਸਪੇਨਿਸ਼ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਸੀ ਕਿਉਂਕਿ ਬਹੁਤੇ ਸਾਊਥ-ਅਮਰੀਕਾ ਦੇ ਦੇਸ਼ ਸਪੇਨ ਦੇਸ਼ ਦੀਆਂ ਬਸਤੀਆਂ ਸਨ। ਉਧਰ, ਲਾਰਡ-ਨਫੀਲਡ ਦੀ ਮੌਰਿਸ-ਮੋਟਰ ਕਾਰ ਉਸ ਨਾਲ, ਸੰਸਾਰ ਦੇ ਉਸ ਭਾਗ 'ਚ ਟਕ ਮੁਕਾਬਲਾ ਨਹੀਂ ਕਰ ਸਕਦੀ ਸੀ ਕਿਉਂਕਿ ਉਨ੍ਹਾਂ ਨੂੰ ਸਪੇਨਿਸ਼ ਭਾਸ਼ਾ ਬੋਲਣ ਜਾਂ ਜਾਣਨ ਵਾਲੇ ਕਰਮਚਾਰੀ ਨਹੀਂ ਮਿਲਦੇ ਸਨ। ਜਿਸ ਕਰਕੇ ਲਾਰਡ ਨੇ ਸੋਚਿਆ ਕਿਉਂ ਨਾ ਆਪਣਾ ਸਪੇਨਿਸ਼ ਸਕੂਲ, ਆਕਸਫੋਰਡ ਯੂਨੀਵਰਸਿਟੀ ਦੇ ਅੰਦਰ ਬਣਾ ਦਿੱਤਾ ਜਾਵੇ ਤਾਂ ਕਿ ਇਹ ਮੁਸ਼ਕਲ ਦੂਰ ਹੋ ਸਕੇ।

ਲਾਰਡ-ਨਫੀਲਡ ਦੇ ਬੈੱਡਰੂਮ ਤੋਂ ਇਕ ਦਰਵਾਜ਼ਾ ਲੇਡੀ ਨਫੀਲਡ ਦੇ ਬੈੱਡਰੂਮ 'ਚ ਵੀ ਜਾਂਦਾ ਸੀ ਜਿੱਥੇ ਬਹੁਤ ਪੁਸਤਕਾਂ ਦੇ ਨਾਲ-ਨਾਲ ਉਨ੍ਹਾਂ ਦੀ ਸੁੰਦਰ ਨੀਡਲ-ਵਰਕ (ਸਿਲਾਈ-ਕਢਾਈ ਦੀ ਮਸ਼ੀਨ) ਨੂੰ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ, ਜੋ ਉਨ੍ਹਾਂ ਨੂੰ ਪਿਆਰੀ ਸੀ। ਬਹੁਤ ਸਾਲ ਪਹਿਲਾਂ, ਉਹ ਆਪਣੇ ਪਤੀ ਵਿਲੀਅਮ ਮੌਰਿਸ ਨੂੰ ਸਾਈਕਲਿੰਗ ਕਰਦੇ ਸਮੇਂ ਪਹਿਲੀ ਵਾਰ ਮਿਲੀ ਸੀ। ਇਹ ਆਮ ਸਾਈਕਲ ਚਲਾਉਣ ਦਾ ਸ਼ੌਕ ਹੀ ਮਗਰੋਂ ਉਨ੍ਹਾਂ ਦੇ ਵਿਆਹ ਦਾ ਸਬੱਬ ਬਣਿਆ। ਪੈਰਾਂ ਨਾਲ ਚੱਲਣ ਵਾਲੀ ਸਿਲਾਈ ਮਸ਼ੀਨ ਦੇਖ ਕੇ ਮੈਨੂੰ ਬਚਪਨ 'ਚ ਦੇਖੀ ਆਪਣੀ ਮਾਂ ਦੀ ਯਾਦ ਆ ਗਈ। ਲੇਡੀ-ਨਫੀਲਡ ਦੇ ਰੰਗੀਨ ਧਾਗੇ ਅਤੇ ਫੈਸ਼ਨੇਬਲ ਕੱਪੜਿਆਂ ਦੀ ਮੈਗਜ਼ੀਨਜ਼ ਦੇਖ ਕੇ ਇਹ ਸਮਝਣਾ ਸੌਖਾ ਸੀ ਕਿ ਇਹ ਵੀ ਉਨ੍ਹਾਂ ਦਾ ਸ਼ੌਕ ਰਿਹਾ ਹੋਵੇਗਾ।

ਨਫੀਲਡ-ਹਾਊਸ ਦੀਆਂ ਦੀਵਾਰਾਂ 'ਤੇ ਫਰੇਮ 'ਚ ਲੱਗਾ, ਇਕ ਹੋਰ ਕਿੱਸਾ ਪਾਠਕਾਂ ਦੇ ਨਾਲ ਸਾਂਝਾ ਕਰਨ ਯੋਗ ਹੈ-ਮੌਰਿਸ ਕਾਰ ਬਣਨ ਦੇ ਬਾਅਦ ਵੀ, 20ਵੀਂ ਸਦੀ ਦੇ ਸ਼ੁਰੂ 'ਚ, ਲਾਰਡ-ਨਫੀਲਡ ਸਥਾਨਕ ਕੌਂਸਲ (ਨਗਰਪਾਲਿਕਾ) ਨੂੰ ਮਨਾਉਣ 'ਚ ਅਸਮਰਥ ਰਹੇ ਸਨ ਕਿ ਘੋੜਾ-ਗੱਡੀ ਦੀ ਥਾਂ ਮੋਟਰ ਵਾਲੀਆਂ ਬੱਸਾਂ ਆਦਿ ਵਰਤੀਆਂ ਜਾਣੀਆਂ ਚਾਹੀਦੀਆਂ ਹਨ। ਵਾਰ-ਵਾਰ ਅਸਫਲ ਹੋਣ 'ਤੇ, ਲਾਰਡ-ਨਫੀਲਡ ਨੇ ਬਹੁਤ ਸਾਰੀਆਂ ਬੱਸਾਂ ਕਿਰਾਏ 'ਤੇ ਲਈਆਂ ਅਤੇ ਪਬਲਿਕ ਨੂੰ ਵਰਤੋਂ ਲਈ ਦਿੱਤੀਆਂ। ਜਿਸ ਦੇ ਨਤੀਜੇ ਵਜੋਂ ਸਾਰੇ ਪਾਸੇ ਪਰਿਵਰਤਨ ਆਇਆ ਕਿਉਂਕਿ ਲੋਕਾਂ ਨੇ ਬੱਸਾਂ ਨੂੰ ਘੋੜਾ-ਗੱਡੀ ਤੋਂ ਵਧੇਰੇ ਤੇਜ਼ ਦੇਖਿਆ। ਅੰਤ 'ਚ ਨਗਰਪਾਲਿਕਾ ਨੂੰ ਉਨ੍ਹਾਂ ਦੀ ਗੱਲ ਮੰਨਣੀ ਪਈ।

ਦੂਸਰਾ ਲੋਕ ਪਸੰਦ ਕਾਰਜ ਜੋ ਉਨ੍ਹਾਂ ਨੇ ਕੀਤਾ, ਉਹ ਇਹ ਸੀ ਕਿ ਸਥਾਨਕ ਕਲੱਬ ਨੂੰ ਆਪ ਖ਼ਰੀਦ ਲਿਆ, ਤਾਂ ਕਿ ਮਰਦਾਂ ਦੇ ਨਾਲ ਔਰਤਾਂ ਵੀ ਕਲੱਬ 'ਚ ਆ ਸਕਣ। 1963 'ਚ, ਉਹ ਸੰਤਾਨਹੀਣ, ਇਸ ਸੰਸਾਰ ਤੋਂ ਚਲੇ ਗਏ ਤਾਂ ਆਪਣੀ ਸਾਰੀ ਐਸਟੇਟ ਨਫੀਲਡ ਕਾਲਜ ਨੂੰ ਸੌਂਪ ਗਏ, ਜਿਸ ਕਰਕੇ ਕਾਲਜ ਨੇ ਉਸ ਨੂੰ ਹੌਲੀ-ਹੌਲੀ ਵੇਚ ਦਿੱਤਾ ਪਰ ਹੁਣ ਯੂਕੇ ਦੀ ਨੈਸ਼ਨਲ ਟਰੱਸਟ ਨੇ ਉਸ ਨੂੰ ਲੈ ਲਿਆ ਹੈ ਤੇ ਉਸਦੀ ਦੇਖਭਾਲ ਕਰਦੀ ਹੈ। ਅਸੀਂ ਇਕ ਮਸ਼ਹੂਰ ਦੁਕਾਨ 'ਚ ਗਏ ਜਿੱਥੇ ਘਰ ਤੇ ਆਸਪਾਸ ਦੀ ਕੁਦਰਤੀ ਸੁੰਦਰਤਾ ਵਾਲੀ ਪੇਂਟਿੰਗਜ਼ ਤੋਂ ਲੈ ਕੇ ਲਾਰਡ ਨਫੀਲਡ ਹਾਊਸ ਨਾਲ ਸਬੰਧਤ ਫਰੀਜ-ਮੈਗਨੇਟ ਵੀ ਸੀ। ਬਾਹਰ ਆ ਅਸੀਂ 1950 ਦੀ ਏਟਿੰਗ—ਸ਼ੈਲੀ ਦੇ ਇੰਟੀਰੀਅਰ 'ਚ ਬਣੇ ਕੈਫੇ ਤੇ ਅੰਗਰੇਜ਼ੀ ਚਾਹ ਦਾ ਆਨੰਦ ਲਿਆ। •

# ਨਸ਼ਾ ਤਸਕਰੀ ਕਰਨ ਵਾਲੇ 9 ਵਿਅਕਤੀ 22 ਕਿੱਲੋ ਅ.ਫੀਮ ਸਮੇਤ ਗ੍ਰਿ.ਫਤਾਰ

**ਜਲੰਧਰ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਿਸ਼ਨਰੇਟ ਪੁਲੀਸ ਨੇ ਅੱਜ ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਕੌਮਾਂਤਰੀ ਪੱਧਰ ’ਤੇ ਨਸ਼ਾ ਤਸਕਰੀ ਕਰਨ ਵਾਲੇ 9 ਵਿਅਕਤੀਆਂ ਨੂੰ 22 ਕਿੱਲੋ ਅਫੀਮ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਪੁਲੀਸ ਨੇ ਅਭੀ ਰਾਮ ਉਰਫ ਅਲੈਕਸ ਵਾਸੀ ਝਾਰਖੰਡ ਨੂੰ 12 ਕਿੱਲੋ ਅਫੀਮ ਸਮੇਤ ਰਾਂਚੀ ਤੋਂ, ਜਲੰਧਰ ਦੇ ਮਨੀ, ਪਵਨ ਤੇ ਸਿਕੰਦਰ ਅਤੇ ਹੁਸ਼ਿਆਰਪੁਰ ਦੇ ਬਲਿਹਾਰ ਨੂੰ ਪੰਜ ਕਿੱਲੋ ਅਫੀਮ, ਤਿੰਨ ਗੱਡੀਆਂ ਤੇ ਪੈਕੇਜਿੰਗ ਸਮੱਗਰੀ ਸਮੇਤ ਕਾਬੂ ਕੀਤਾ ਹੈ।


ਜਲੰਧਰ ਵਿੱਚਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਮੀਡੀਆ ਨੂੰ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦਿੰਦੇ ਹੋਏ।

ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਚਾਰਾਂ ਦੀਆਂ ਆਪਣੀਆਂ ਕੁਰੀਅਰ ਕੰਪਨੀਆਂ ਤੇ ਫਰਮਾਂ ਹਨ, ਜੋ ਅਫੀਮ ਇਕੱਠੀ ਕਰਨ, ਪੈਕਿੰਗ ਕਰਨ ਅਤੇ ਦਿੱਲੀ ਦੇ ਕਸਟਮ ਨੂੰ ਕੋਰੀਅਰ ਭੇਜਣ ਦੇ ਕੰਮ ਵਿੱਚ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ ਯੂਕੇ, ਅਮਰੀਕਾ, ਆਸਟਰੇਲੀਆ ਅਤੇ ਕੈਨੇਡਾ ਸਥਿਤ ਪੰਜ ਵਿਦੇਸ਼ੀ ਸੰਸਥਾਵਾਂ ਤੋਂ ਅਫੀਮ ਦੇ ਪੈਕੇਟ ਪਹੁੰਚਾਉਣ ਵਾਲੇ ਟਿਕਾਣੇ ਦਾ ਵੇਰਵਾ ਲੈਂਦੇ ਸਨ। ਇਸੇ ਤਰ੍ਹਾਂ ਪੁਲੀਸ ਨੇ ਜਲੰਧਰ ਦੀ ਅਮਰਜੀਤ ਕੌਰ ਤੇ ਸਨੀ ਨੂੰ ਹਵਾਲਾ ਰੂਟਾਂ ਰਾਹੀਂ ਨਸ਼ਿਆਂ ਦੇ ਪੈਸੇ ਨੂੰ ਦੇਸ਼ ਵਿੱਚ ਦਾਖਲ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸੇ ਤਰ੍ਹਾਂ ਪੰਜਾਬ, ਝਾਰਖੰਡ ਤੇ ਦਿੱਲੀ ਵਿੱਚ ਹਵਾਲਾ ਲੈਣ-ਦੇਣ ਵਿੱਚ ਸ਼ਾਮਲ ਫਗਵਾੜਾ ਦੇ ਵੈਸਟਰਨ ਯੂਨੀਅਨ ਸੰਚਾਲਕ ਅਮਿਤ ਸ਼ੁਕਲਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਸਵਪਨ ਸ਼ਰਮਾ ਨੇ ਦੱਸਿਆ ਕਿ ਨਸ਼ੀਲੇ ਪਦਾਰਥਾਂ ਵਾਲੇ ਪਾਰਸਲ ਬਿਨਾਂ ਰੁਕਾਵਟ ਵਿਦੇਸ਼ਾਂ ਤੱਕ ਪਹੁੰਚਾਉਣ ਲਈ ਦਿੱਲੀ ਕਸਟਮ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦੇ ਦੋਸ਼ ਹੇਠ ਦਿੱਲੀ ਵਾਸੀ ਪ੍ਰਮੋਦ ਨੂੰ ਗ੍ਰਿਫ਼ਤਾਰ ਕਰਕੇ ਉਕਤ ਮਾਮਲੇ ਵਿੱਚ ਕਸਟਮ ਵਿਭਾਗ ਦੇ ਛੇ ਅਧਿਕਾਰੀਆਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ 9 ਕਰੋੜ ਦੀ ਵੱਡੀ ਰਕਮ ਵਾਲੇ 30 ਬੈਂਕ ਖਾਤੇ ਫਰੀਜ਼ ਕੀਤੇ ਗਏ ਹਨ ਅਤੇ ਡਰੱਗ ਮਨੀ ਤੋਂ ਬਣੀਆਂ 6 ਕਰੋੜ ਦੀਆਂ 12 ਜਾਇਦਾਦਾਂ ਦੀ ਪਛਾਣ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਕਮਿਸ਼ਨਰੇਟ ਪੁਲੀਸ ਨੇ ਬੀਤੀ 3 ਮਾਰਚ ਨੂੰ ਵੀ ਕੋਰੀਅਰ ਏਜੰਸੀ ਰਾਹੀਂ ਚਾਰ ਦੇਸ਼ਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇੱਕ ਕੌਮਾਂਤਰੀ ਨਸ਼ਾ ਤਸਕਰ ਗਰੋਹ ਦਾ ਪਰਦਾਫਾਸ਼ ਕਰਦਿਆਂ ਤਿੰਨ ਵਿਅਕਤੀਆਂ ਨੂੰ 5 ਕਿੱਲੋ ਅਫੀਮ ਸਮੇਤ ਗ੍ਰਿਫ਼ਤਾਰ ਕੀਤਾ ਸੀ।

## ਕਸਟਮ ਵਿਭਾਗ ਦੇ ਛੇ ਅਧਿਕਾਰੀ ਵੀ ਨਾਮਜ਼ਦ; 9 ਕਰੋੜ ਦੀ ਰਕਮ ਵਾਲੇ 30 ਬੈਂਕ ਖਾਤੇ ਕੀਤੇ ਫਰੀਜ਼

# ਵਿਸ਼ਵ ਪੰਜਾਬੀ ਕਾਨ.ਫਰੰਸ ’ਚ ਹਿੱਸਾ ਲੈ ਕੇ 53 ਮੈਂਬਰੀ ਵ.ਫਦ ਵਤਨ ਪਰਤਿਆ




**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਹੌਰ ਵਿੱਚ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ ਹਿੱਸਾ ਲੈ ਕੇ ਲੇਖਕਾਂ ਤੇ ਬੁੱਧੀਜੀਵੀਆਂ ਦਾ 53 ਮੈਂਬਰੀ ਵਫ਼ਦ ਵਤਨ ਪਰਤ ਆਇਆ ਹੈ। ਡਾ. ਗੁਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਵਫ਼ਦ ਦੇ ਮੁਖੀ ਸਹਿਜਪ੍ਰੀਤ ਸਿੰਘ ਮਾਂਗਟ ’ਤੇ ਆਧਾਰਤ ਤਿੰਨ ਮੈਂਬਰੀ ਵਫ਼ਦ ਵਿੱਚ ਸ਼ਾਮਿਲ ਡਾ. ਜਸਵਿੰਦਰ ਕੌਰ ਮਾਂਗਟ ਤੇ ਜਸਵਿੰਦਰ ਕੌਰ ਗਿੱਲ ਨੇ ਪਾਕਿਸਤਾਨੀ ਪੰਜਾਬ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਮਰੀਅਮ ਨਵਾਜ਼ ਨੂੰ ਫੁਲਕਾਰੀ ਭੇਟ ਕਰਕੇ ਸਮੂਹ ਪੰਜਾਬੀਆਂ ਵੱਲੋਂ ਸਨਮਾਨਿਤ ਕੀਤਾ। ਇਸ ਵਫ਼ਦ ਵਿੱਚ ਦਰਸ਼ਨ ਬੁੱਟਰ, ਗਾਇਕ ਰਵਿੰਦਰ ਗਰੇਵਾਲ ਤੇ ਗੁਰਭਜਨ ਸਿੰਘ ਗਿੱਲ ਨੇ ਵੀ ਸ਼ਾਮਿਲ ਹੋਣਾ ਸੀ ਪਰ ਕਿਸੇ ਕਾਰਨ ਵੱਸ ਉਹ ਇਹ ਮਾਣ ਹਾਸਲ ਨਾ ਕਰ ਸਕੇ। ਸਹਿਜਪ੍ਰੀਤ ਸਿੰਘ ਮਾਂਗਟ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਇਹ ਫੁਲਕਾਰੀ ਪਟਿਆਲਾ ਦੀ ਅਸਲੀ ਫੁਲਕਾਰੀ ਹੈ। ਉਨ੍ਹਾਂ ਪੰਜਾਬ ਕੈਬਨਿਟ ਵਿੱਚ 1947 ਮਗਰੋਂ ਪਹਿਲੀ ਵਾਰ ਸਿੱਖ ਆਗੂ ਰਮੇਸ਼ ਸਿੰਘ ਅਰੋੜਾ ਨੂੰ ਸ਼ਾਮਿਲ ਕਰਨ ਲਈ ਸਮੂਹ ਪੰਜਾਬੀਆਂ ਵੱਲੋਂ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਇਸ ਮੌਕੇ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਕਿਹਾ ਕਿ ਇਹ ਫੁਲਕਾਰੀ ਉਸ ਦੇ ਪੇਕਿਆਂ ਜਾਤੀ ਉਮਰਾ (ਤਰਨ ਤਾਰਨ) ਤੋਂ ਆਇਆ ਗਹਿਣਾ ਹੈ ਜੋ ਉਨ੍ਹਾਂ ਹਿੰਦ-ਪਾਕਿ ਰਿਸ਼ਤੇ ਮਜ਼ਬੂਤ ਕਰਨ ਦੀ ਪ੍ਰੇਰਨਾ ਦਿੰਦੀ ਰਹੇਗੀ। ਵਿਸ਼ਵ ਪੰਜਾਬੀ ਸਭਾ ਟੋਰਾਂਟੋ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਤੇ ਉਨ੍ਹਾਂ ਦੀ ਜੀਵਨ ਸਾਥਣ ਸਮੇਤ ਡਾ. ਕਲਿਆਣ ਸਿੰਘ ਕਲਿਆਣ ਨੇ ਮਰੀਅਮ ਨਵਾਜ਼ ਨੂੰ ਦੋਸ਼ਾਲਾ ਭੇਟ ਕੀਤਾ। ਪਾਕਿ ਹੈਰੀਟੇਜ ਹੋਟਲ ਲਾਹੌਰ ਵਿੱਚ ਲੰਘੀ ਸ਼ਾਮ ਵਿਦਾਇਗੀ ਸਮਾਗਮ ਕੀਤਾ ਗਿਆ ਜਿਸ ਨੂੰ ਫ਼ਖ਼ਰ ਜ਼ਮਾਂ, ਪ੍ਰੋ. ਗੁਰਭਜਨ ਸਿੰਘ ਗਿੱਲ, ਜੰਗ ਬਹਾਦਰ ਗੋਇਲ ਤੇ ਸਹਿਜਪ੍ਰੀਤ ਸਿੰਘ ਮਾਂਗਟ ਨੇ ਸੰਬੋਧਨ ਕੀਤਾ। ਪਾਕਿਸਤਾਨ ਦੇ ਉੱਘੇ ਲੇਖਕ ਬਾਬਾ ਨਜ਼ਮੀ ਨੇ ਪੰਜਾਬ ਤੋਂ ਗਏ ਲੇਖਕਾਂ ਨਾਲ ਵਿਚਾਰ ਸਾਂਝੇ ਕੀਤੇ।

# ਨਾਮਵਰ ਬਰਾਂਡ ਦੇ ਨਕਲੀ ਕੱਪੜੇ ਬਣਾਉਣ ਦੇ ਦੋਸ਼ ਹੇਠ ਚਾਰ ਕਾਬੂ

**ਨਵੀਂ ਦਿੱਲੀ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਪੁਲੀਸ ਨੇ ਨਾਮਵਰ ਬਰਾਂਡ ਦੇ ਨਕਲੀ ਕੱਪੜੇ ਬਣਾਉਣ ਅਤੇ ਸਪਲਾਈ ਕਰਨ ਵਾਲੇ ਇੱਕ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਕੈਲਵਿਨ ਕਲੇਨ ਅਤੇ ਲੇਵੀ ਸਟ੍ਰਾਸ ਦੇ ਨਾਮੀ ਬ੍ਰਾਂਡਾਂ ਦੀਆਂ 1670 ਨਕਲੀ ਜਿਨਸ ਪੈਂਟ, ਨਕਲੀ ਲੇਬਲ ਅਤੇ 4 ਸਿਲਾਈ ਮਸ਼ੀਨਾਂ ਬਰਾਮਦ ਕੀਤੀਆਂ ਗਈਆਂ ਹਨ। ਜਾਣਕਾਰੀ ਅਨੁਸਾਰ ਪੁਲੀਸ ਨੇ ਥਾਣਾ ਵੈਲਕਮ ਦੇ ਖੇਤਰ ਵਿੱਚ ਛਾਪੇਮਾਰੀ ਕਰਕੇ 4 ਵਿਅਕਤੀ ਤਾਲੀਵ, ਤਾਰਿਕ, ਵਸੀਮ ਅਤੇ ਮੁਹੰਮਦ ਨੂੰ ਕਾਬੂ ਕੀਤਾ ਹੈ, ਜੋ ਇਨ੍ਹਾਂ ਪੈਂਟਾਂ ਨੂੰ ਦਿੱਲੀ, ਐਨਸੀਆਰ ਅਤੇ ਯੂ.ਪੀ. ਵਿੱਚ ਅੱਗੇ ਸਪਲਾਈ ਕਰਨ ਲਈ ਤਿਆਰ ਕਰਦੇ ਸਨ।

# ਬੇਕਾਬੂ ਮਰਸਿਡੀਜ਼ ਚਾਹ ਵਾਲੇ ਖੋਖੇ ’ਚ ਵੜੀ; ਇੱਕ ਹਲਾਕ

**ਮੁਹਾਲੀ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਸਨਅਤੀ ਏਰੀਆ ਫੇਜ਼-8 ਸਥਿਤ ਸ਼ਹੀਦ ਊਧਮ ਸਿੰਘ ਕਲੋਨੀ ਨੇੜੇ ਐਤਵਾਰ ਨੂੰ ਸਵੇਰੇ ਇਕ ਤੇਜ਼ ਰਫਤਾਰ ਮਰਸਿਡੀਜ਼ ਕਾਰ ਸੜਕ ਕਿਨਾਰੇ ਇਕ ਚਾਹ ਦੇ ਖੋਖੇ ਅੰਦਰ ਜਾ ਵੜੀ। ਇਸ ਹਾਦਸੇ ਵਿਚ ਇੱਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਪ੍ਰਕਾਸ਼ ਕੁਮਾਰ (35) ਵਜੋਂ ਹੋਈ ਹੈ। ਜਦੋਂ ਇਹ ਹਾਦਸਾ ਵਾਪਰਿਆ ਉਸ ਸਮੇਂ ਪ੍ਰਕਾਸ਼ ਚਾਹ ਦੇ ਖੋਖੇ ਵਿੱਚ ਸੁੱਤਾ ਪਿਆ ਸੀ। ਉਸ ਦੀ ਪਤਨੀ, ਬੇਟੀ ਅਤੇ ਇੱਕ ਮਹੀਨੇ ਦਾ ਬੇਟਾ ਬਿਹਾਰ ਵਿੱਚ ਰਹਿੰਦੇ ਹਨ। ਪ੍ਰਕਾਸ਼ ਨੇ ਹੋਲੀ ਮੌਕੇ ਆਪਣੇ ਘਰ ਜਾਣਾ ਸੀ। ਇਸ ਸਮੇਂ ਉਹ ਅੰਬੇਡਕਰ ਕਲੋਨੀ ਵਿੱਚ ਆਪਣੀ ਭੈਣ ਤੇ ਜੀਜੇ ਨਾਲ ਰਹਿੰਦਾ ਸੀ ਅਤੇ ਕਦੇ ਕਦਾਈਂ ਚਾਹ ਵਾਲੇ ਖੋਖੇ ਵਿੱਚ ਹੀ ਸੌਂ ਜਾਂਦਾ ਸੀ। ਹਾਦਸੇ ਤੋਂ ਬਾਅਦ ਸਥਿਤੀ ਉਸ ਸਮੇਂ ਤਣਾਅਪੂਰਨ ਹੋ ਗਈ ਜਦੋਂ ਪੁਲੀਸ ਕਰਮਚਾਰੀ ਜੇਸੀਬੀ ਲੈ ਕੇ ਘਟਨਾ ਸਥਾਨ ਤੋਂ ਮਰਸਿਡੀਜ਼ ਕਾਰ ਚੁੱਕਣ ਆਏ ਤਾਂ ਕਲੋਨੀ ਵਾਸੀਆਂ ਨੇ ਪਥਰਾਅ ਸ਼ੁਰੂ ਕਰ ਦਿੱਤਾ ਅਤੇ ਕਹਿਣ ਲੱਗੇ ਜਦੋਂ ਤੱਕ ਕਾਰ ਚਾਲਕ ਤੇ ਮਾਲਕ ਖ਼ਿਲਾਫ਼ ਕੇਸ ਦਰਜ ਨਹੀਂ ਕੀਤਾ ਜਾਂਦਾ, ਉਹ ਹਾਦਸਾਗ੍ਰਸਤ ਕਾਰ ਨੂੰ ਇੱਥੋਂ ਲਿਜਾਣ ਨਹੀਂ ਦੇਣਗੇ। ਪ੍ਰਤੱਖਦਰਸ਼ੀਆਂ ਅਨੁਸਾਰ ਲਗਜ਼ਰੀ ਗੱਡੀ ’ਚੋਂ ਬੀਅਰ ਦੀ ਬੋਤਲਾਂ ਵੀ ਮਿਲੀਆਂ ਸਨ। ਇਹ ਵੀ ਸ਼ੰਕਾ ਜ਼ਾਹਰ ਕੀਤੀ ਜਾ ਰਹੀ ਹੈ ਕਿ ਹਾਦਸੇ ਸਮੇਂ ਕਾਰ ਚਾਲਕ ਅਤੇ ਉਸ ਦਾ ਸਾਥੀ ਨਸ਼ੇ ਵਿੱਚ ਸਨ ਪਰ ਇਸ ਬਾਰੇ ਪੁਲੀਸ ਕੁਝ ਵੀ ਦੱਸਣ ਤੋਂ ਇਨਕਾਰ ਕਰ ਰਹੀ ਹੈ।


ਚਾਹ ਦੇ ਖੋਖੇ ਅੰਦਰ ਵੜੀ ਹੋਈ ਕਾਰ

ਉਧਰ, ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਪੁਲੀਸ ਨੇ ਦੇਰ ਸ਼ਾਮ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਦਸੇ ਤੋਂ ਬਾਅਦ ਕਾਰ ਚਾਲਕ ਅਤੇ ਉਸ ਦਾ ਸਾਥੀ ਫਰਾਰ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਕਾਰ ਦੀ ਰਫ਼ਤਾਰ ਜ਼ਿਆਦਾ ਹੋਣ ਕਾਰਨ ਕਾਰ ਚਾਲਕ ਕੰਟਰੋਲ ਗੁਆ ਬੈਠਾ ਅਤੇ ਕਾਰ ਟਰੈਫ਼ਿਕ ਲਾਈਟ ਪੁਆਇੰਟ ਨੇੜੇ ਸੜਕ ’ਤੇ ਬਣਿਆ ਡਿਵਾਈਡਰ ਤੋੜ ਕੇ ਚਾਹ ਦੇ ਖੋਖੇ ਵਿੱਚ ਜਾ ਵੜੀ। ਸੀਸੀਟੀਵੀ ਕੈਮਰੇ ਦੀ ਫੁਟੇਜ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਡਿਵਾਈਡਰ ਨਾਲ ਟਕਰਾਉਣ ਤੋਂ ਬਾਅਦ ਤੇਜ਼ ਰਫ਼ਤਾਰ ਕਾਰ ਹਵਾ ਵਿੱਚ ਉੱਡਦੀ ਹੋਈ ਚਾਹ ਦੇ ਖੋਖੇ ਵਿੱਚ ਜਾ ਵੜੀ ਤੇ ਕਾਰ ਦਾ ਟਾਇਰ ਪ੍ਰਕਾਸ਼ ਦੀ ਛਾਤੀ ’ਤੇ ਚੜ੍ਹ ਗਿਆ ਤੇ ਉਸ ਦੀ ਮੌਤ ਹੋ ਗਈ।

# ਸ਼ਹੀਦਾਂ ਦੇ ਸੁ.ਫਨੇ ਪੂਰੇ ਕਰਨ ਲਈ ਕਾਂਗਰਸ ਵਚਨਬੱਧ: ਮਨੀਸ਼ ਤਿਵਾੜੀ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਅੱਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਇੱਕ ਮੀਟਿੰਗ ਕਰਕੇ ਪਾਰਟੀ ਦੀ ਜਨ ਸੰਪਰਕ ਮੁਹਿੰਮ ਨੂੰ ਅੱਗੇ ਤੋਰਿਆ। ਇਸ ਦੌਰਾਨ ਸੰਸਦ ਮੈਂਬਰ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਸ਼ਹੀਦਾਂ ਦੇ ਸੁਫ਼ਨੇ ਪੂਰੇ ਕਰਨ ਲਈ ਪਾਰਟੀ ਦੀ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਦੇਸ਼ ਦੇ ਸ਼ਹੀਦਾਂ ਦੇ ਵਿਚਾਰਾਂ ’ਤੇ ਚੱਲਦਿਆਂ ਸਮਾਜ ਦੇ ਸਾਰੇ ਵਰਗਾਂ ਦੇ ਸਰਬਪੱਖੀ ਵਿਕਾਸ ਲਈ ਕੰਮ ਕੀਤਾ ਹੈ।



# ਜਲਾਲਾਬਾਦ ਦੇ ਨੌਜਵਾਨਾਂ ਨੂੰ ਵੱਡੀ ਸੌਗਾਤ, 1.5 ਕਰੋੜ ਰੁਪਏ ਨਾਲ ਬਣੇਗਾ ਬੈਡਮਿੰਟਨ ਸਿੰਥੈਟਿਕ ਕੋਰਟ



**ਜਲਾਲਾਬਾਦ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਵਿਕਸਿਤ ਕਰਨ ਲਈ ਲਗਾਤਾਰ ਠੋਸ ਉਪਰਾਲੇ ਕਰ ਰਹੀ ਹੈ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਜਲਾਲਾਬਾਦ ਦੇ ਨੌਜਵਾਨਾਂ ਨੂੰ ਵੱਡੀ ਸੌਗਾਤ ਦਿੱਤੀ ਗਈ ਹੈ। ਇਹ ਜਾਣਕਾਰੀ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦਿੱਤੀ। ਉਹ ਇੱਥੇ ਬਣਨ ਵਾਲੇ ਬੈਡਮਿੰਟਨ ਸਿੰਥੈਟਿਕ ਕੋਰਟ ਦੇ ਨੀਂਹ ਪੱਥਰ ਤੋਂ ਬਾਅਦ ਬੋਲ ਰਹੇ ਸਨ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਲਾਲਾਬਾਦ ਵਿਖੇ 1.5 ਕਰੋੜ ਰੁਪਏ ਦੀ ਲਾਗਤ ਨਾਲ ਇਹ ਬੈਡਮਿੰਟਨ ਸਿੰਥੈਟਿਕ ਕੋਰਟ ਬਣੇਗਾ ਜਿਸ ਨਾਲ ਜਲਾਲਾਬਾਦ ਇਲਾਕੇ ਦੇ ਖਿਡਾਰੀਆਂ ਨੂੰ ਇੱਕ ਵੱਡੀ ਸਹੂਲਤ ਮਿਲੇਗੀ ਅਤੇ ਵਿਸ਼ਵ ਪੱਧਰੀ ਮਿਆਰਾਂ ਦੇ ਅਨੁਸਾਰ ਉਨ੍ਹਾਂ ਨੂੰ ਆਪਣੀ ਖੇਡ ਤਿਆਰੀਆਂ ਲਈ ਬੈਡਮਿੰਟਨ ਸਿੰਥੈਟਿਕ ਕੋਰਟ ਮਿਲੇਗਾ। ਉਨਾਂ ਨੇ ਕਿਹਾ ਕਿ ਸੂਬਾ ਸਰਕਾਰ ਰਾਜ ’ਚ ਖੇਡ ਸੱਭਿਆਚਾਰ ਵਿਕਸਿਤ ਕਰ ਰਹੀ ਹੈ ਅਤੇ ਇਸੇ ਲਈ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਗਈਆਂ ਸਨ ਅਤੇ ਕੌਮਾਂਤਰੀ ਮੁਕਾਬਲਿਆਂ ਵਿੱਚ ਜੇਤੂ ਖਿਡਾਰੀਆਂ ਨੂੰ ਨਗਦ ਇਨਾਮ ਅਤੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਵਿਧਾਇਕ ਨੇ ਹਲਕੇ ਦੇ ਨੌਜਵਾਨਾਂ ਨੂੰ ਵਧਾਈ ਦਿੱਤੀ ਕਿ ਉਨ੍ਹਾਂ ਦੀ ਮੰਗ ਤੇ ਇਹ ਮਹੱਤਵਪੂਰਨ ਸਟੇਡੀਅਮ ਇੱਥੇ ਬਣਾਇਆ ਜਾ ਰਿਹਾ ਹੈ। ਵਿਧਾਇਕ ਨੇ ਕਿਹਾ ਕਿ ਇਹ ਸਟੇਡੀਅਮ ਜਲਦ ਹੀ ਬਣ ਕੇ ਤਿਆਰ ਹੋ ਜਾਵੇਗਾ ਜਿਸ ਦੇ ਨਾਲ ਬੈਡਮਿੰਟਨ ਖੇਡਣ ਵਾਲੇ ਨੌਜਵਾਨਾਂ ਨੂੰ ਇਸ ਦਾ ਬਹੁਤ ਲਾਭ ਹੋਵੇਗਾ।

# ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਦੇ ਅਹੁਦੇਦਾਰਾਂ ਤੇ ਵਰਕਰਾਂ ਦੀ ਜਲੰਧਰ ਵਿੱਚ ਇੱਕ ਵਿਸ਼ੇਸ਼ ਇਕੱਤਰਤਾ

**ਕਪੂਰਥਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਰਨਲਿਸਟ ਪ੍ਰੈੱਸ ਕਲੱਬ ਰਜਿ. ਪੰਜਾਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸ੍ਰੀ ਰਾਜੇਸ਼ ਕੁਮਾਰ ਤੇ ਜ਼ਿਲ੍ਹਾ ਜਲੰਧਰ ਦੇ ਚੇਅਰਮੈਨ ਸ੍ਰੀ ਅਸ਼ੋਕ ਲਾਡੀ ਦੀ ਅਗਵਾਈ ਹੇਠ ਜਲੰਧਰ ਮਾਡਲ ਟਾਊਨ ਦੇ ਇੱਕ ਨਿੱਜੀ ਹੋਟਲ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਦੇ ਸੂਬਾ ਪ੍ਰਧਾਨ ਸ਼੍ਰੀ ਮਨਜੀਤ ਮਾਨ ,ਸੂਬਾ ਸ੍ਰਪਰਸਤ ਜੇ ਐਸ ਸੰਧੂ ,ਸੂਬਾ ਕੋਆਰਡੀਨੇਟਰ ਪ੍ਰਿਤਪਾਲ ਸਿੰਘ, ਚੇਅਰਮੈਨ ਰਕੇਸ਼ ਖੰਨਾਂ ਸੂਬਾ, ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ,ਮੁੱਖ ਬੁਲਾਰਾ ਪੰਜਾਬ ਸ੍ ਰਾਮ ਸਿੰਘ ਭੱਟੀ,ਮਨਜੀਤ ਮਰਵਾਹਾ ਐਨ ਆਰ ਆਈਜ਼ ਵਿੰਗ ਦੇ ਸੂਬਾ ਪ੍ਰਧਾਨ ਰਣਯੋਧ ਯੋਧੂ,ਮੁੱਖ ਸਲਾਹਕਾਰ ਪੰਜਾਬ ਬਾਬਾ ਗੁਰਮੀਤ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਇਸ ਮੀਟਿੰਗ ਵਿੱਚ ਪੱਤਰਕਾਰਾਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੀਟਿੰਗ ਵਿੱਚ ਫੀਲਡ ਵਿੱਚ ਪੱਤਰਕਾਰ ਭਾਈਚਾਰੇ ਨੂੰ ਆਉਣ ਵਾਲੀਆਂ ਮੁਸਕਿਲਾਂ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ। ਮੀਟਿੰਗ ਵਿੱਚ ਸੂਬਾ ਪ੍ਰਧਾਨ ਮਨਜੀਤ ਮਾਨ ਨੇ ਆਪਣੇ ਪੱਤਰਕਾਰ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਪੱਤਰਕਾਰ ਸਾਥੀਆਂ ਦੇ ਹੱਕਾਂ ਵਾਸਤੇ ਸੰਘਰਸ਼ ਕਰਦੇ ਰਹਿਣਗੇ ਸੂਬਾ ਪ੍ਰਧਾਨ ਮਾਨ ਨੇ ਕਿਹਾ ਕਿ ਫ਼ੀਲਡ ਵਿੱਚ ਕੰਮ ਕਰਦਿਆਂ ਪੱਤਰਕਾਰ ਸਾਥੀਆਂ ਨੂੰ ਬਹੁਤ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਨ੍ਹਾਂ ਕਿਹਾ ਖੌਫ ਅਤੇ ਲਾਲਚ ਤਿਆਗ ਕੇ ਹੀ ਸੱਚੀ ਪੱਤਰਕਾਰੀ ਕੀਤੀ ਜਾ ਸਕਦੀ ਹੈ ਉਨ੍ਹਾਂ ਕਿਹਾ ਸਾਡਾ ਨੈਤਿਕ ਫਰਜ਼ ਬਣਦਾ ਹੈ ਕਿ ਸੱਚ ਨੂੰ ਸਾਹਮਣੇ ਲੈਕੇ ਆਉਣਾ ਸ਼੍ਰੀ ਮਨਜੀਤ ਮਾਨ ਨੇ ਮੌਜੂਦਾ ਆਪ ਸਰਕਾਰ ਕੋਲੋ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਪੱਤਰਕਾਰਾਂ ਨੂੰ ਬੱਸ ਅਤੇ ਰੇਲ ਸਫ਼ਰ ਏ ਸੀ ,ਪੱਤਰਕਾਰੀ ਦੇ ਖੇਤਰ ਵਿੱਚ 20ਸਾਲ ਸੇਵਾ ਕਰਨ ਵਾਲੇ ਪੱਤਰਕਾਰ ਸਾਥੀਆਂ ਨੂੰ ਸਰਕਾਰ ਘੱਟੋ ਘੱਟ 20 ਹਜ਼ਾਰ ਰੁਪਏ ਪੈਨਸ਼ਨ ਦੇਵੇ,ਸਰਕਾਰ ਪੱਤਰਕਾਰਾ 5 ,5 ਮਰਲੇ ਦੇ ਪਲਾਟ ਜਾ ਮਕਾਨ ਬਣਾਕੇ ਦੇਵੇ, ਬੱਚਿਆ ਦੀ ਐਜੂਕੇਸ਼ਨ ਫ੍ਰੀ ਕੀਤੀ ਜਾਵੇ , ਟੋਲ ਪਲਾਜਿਆਂ ਤੇ ਪੱਤਰਕਾਰਾਂ ਨੂੰ ਟੋਲ ਫ੍ਰੀ ਕੀਤਾ ਜਾਵੇ ਪੱਤਰਕਾਰ ਸਾਥੀਆਂ ਨੂੰ ਟੋਲ ਪਲਾਜਿਆ ਤੇ ਵੀ ਪੀ ਆਈ ਟਰੈਕ ਵਿੱਚੋਂ ਦੀ ਲੰਘਾਇਆ ਜਾਵੇ ਸਰਕਾਰ ਪੱਤਰਕਾਰ ਸਾਥੀਆਂ ਨੂੰ ਪੀਲੇ ਕਾਰਡਾਂ ਤੇ ਮਿਲ ਰਹੀ ਮੈਡੀਕਲ ਦੀ ਸਹੂਲਤ 5 ਲੱਖ ਰੁਪਏ ਤੋਂ ਇੰਨਸ਼ੋਰੈਂਸ ਵਧਾ ਕੇ ਘੱਟੋ ਘੱਟ 10 ਲੱਖ ਰੁਪਏ ਕੀਤੀ ਜਾਵੇ ਤੇ ਪੱਤਰਕਾਰਾਂ ਤੇ ਹੋ ਰਹੇ ਨਜਾਇਜ਼ ਝੂਠੇ ਪਰਚਿਆਂ ਨੂੰ ਰੱਦ ਕੀਤਾ ਜਾਵੇ ।ਇਸ ਮੌਕੇ ਸੂਬਾ ਪ੍ਰਧਾਨ ਮਨਜੀਤ ਮਾਨ ਨੇ ਹੋਰ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਪੰਜਾਬ ਅੰਦਰ ਜ਼ਿਲ੍ਹਾ, ਬਲਾਕ ਪੱਧਰ ਤੇ ਜੋਨ ਪੱਧਰ ਦੇ ਯੂਨਿਟ ਸਥਾਪਿਤ ਕੀਤੇ ਜਾ ਰਹੇ ਹਨ ਜਲੰਧਰ ਜਿਲ੍ਹੇ ਦੇ ਪ੍ਰਧਾਨ ਰਜੇਸ਼ ਕੁਮਾਰ ਚੇਅਰਮੈਨ ਅਸ਼ੋਕ ਲਾਡੀ ਨੇ ਜੀ ਆਇਆਂ ਆਖਿਆ ਉਕਤ ਆਗੂਆਂ ਨੇ ਕਿਹਾ ਕਿ ਉਹ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਇੱਕ ਕਰਨਗੇ ਇਸ ਮੌਕੇ ਸ੍ਰੀ ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਨੇ ਵੀ ਪੱਤਰਕਾਰ ਸਾਥੀਆਂ ਨੂੰ ਅਪੀਲ ਕੀਤੀ ਤੇ ਕਿਹਾ ਸਾਨੂੰ ਸਾਰਿਆਂ ਨੂੰ ਇਕ ਝੰਡੇ ਹੇਠ ਇੱਕਠੇ ਹੋਣ ਦੀ ਲੋੜ ਹੈ। ਸਾਨੂੰ ਸਾਰਿਆਂ ਨੂੰ ਜਰਨਲਿਸਟ ਪ੍ਰੈਸ ਕਲੱਬ ਦੀ ਮੈਂਬਰਸ਼ਿਪ ਲੈਣੀ ਚਾਹੀਦੀ ਹੈ। ਸੁਰਿੰਦਰ ਸੱਭਰਵਾਲ ,ਨਰਿੰਦਰ ਤਲਵਾੜ ਜਨਰਲ ਮੈਨੇਜਰ ਉੱਤਮ ਹਿੰਦੂ, ਪ੍ਰੀਤਮ ਸਿੰਘ ਪ੍ਰੀਤ ਲੋਹੀਆ, ਰੋਬਿਨ ਖੰਨਾ, ਨੇ ਵੀ ਆਪੋਂ ਆਪਣੇ ਵਿਚਾਰ ਪੇਸ਼ ਕੀਤੇ ਤੇ ਪੱਤਰਕਾਰ ਸਾਥੀਆਂ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਸਬੰਧੀ ਜਾਗਰੂਕ ਕੀਤਾ ਇਸ ਮੌਕੇ ਪਵਨ ਮੱਟੂ ਸੰਦੀਪ ਮਾਨ, ਗੁਰਦੀਪ ਸਿੰਘ ਹੀਰਾ ,ਦੇਵ ਰਾਜ ਸ਼ਰਮਾ, ਵਿਕਰਮ, ਚਿਰਾਗ ਸ਼ਰਮਾ, ਐਡਵੋਕੇਟ ਰਵੀ ਵਿਨਾਇਕ, ਅਮਰਪ੍ਰੀਤ ਕੌਰ,ਕਿਰਨ ਮਹਿਤਾ, ਸੁਖਵੀਰ ਚੱਠਾ ਪੀ ਆਰ ਓ, ਦੀਕਸ਼ਤ ਅਰੋੜਾ,ਸ਼ਾਮ ਨੰਦਾ, ਰਾਜੇਸ਼ ਕਾਲੀਆ ,ਵਰਿੰਦਰ, ਬਲਪ੍ਰੀਤ ਸਿੰਘ, ਖੁਸ਼ਵੰਤ ਕੌਰ, ਵਿਨੇ ਸਲਾਰੀਆ, ਰਾਹੁਲ ਗਿੱਲ, ਸੋਨੂੰ ਸਿੱਧੂ, ਪ੍ਰਦੀਪ ਗਾਂਧੀ ਤੋਂ ਇਲਾਵਾ ਹੋਰ ਆਗੂ ਵੀ ਇਸ ਮੀਟਿੰਗ ਵਿੱਚ ਹਾਜ਼ਰ ਹੋਏ।



# ਕਾਂਗਰਸ ਹਾਈਕਮਾਂਡ ਨੂੰ ਦਲ ਬਦਲੂਆਂ ਤੋਂ ਸੁਚੇਤ ਹੋਣ ਦੀ ਲੋੜ: ਦੂਲੋ



**ਮਾਛੀਵਾੜਾ ਸਾਹਿਬ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਨੇ ਅੱਜ ਇੱਥੇ ਕਿਹਾ ਕਿ ਦਲ ਬਦਲੂਆਂ ਦਾ ਕੋਈ ਆਧਾਰ ਨਹੀਂ ਹੁੰਦਾ ਕਿਉਂਕਿ ਇਨ੍ਹਾਂ ਨੇ ਆਪਣਾ ਵਪਾਰ ਚਲਾਉਣ ਲਈ ਸੱਤਾ ਧਿਰ ਨਾਲ ਸਾਂਝ ਪਾਉਣੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈਕਮਾਂਡ ਨੂੰ ਇਨ੍ਹਾਂ ਦਲ-ਬਦਲੂਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਸ਼ਮਸ਼ੇਰ ਦੂਲੋਂ ਅੱਜ ਨੇੜਲੇ ਪਿੰਡ ਉਧੋਵਾਲ ਵਿੱਚ ਆਪਣੇ ਪੁਰਾਣੇ ਸਾਥੀ ਸਾਬਕਾ ਸਰਪੰਚ ਪ੍ਰਕਾਸ਼ ਸਿੰਘ ਉਧੋਵਾਲ ਦੀ ਰਿਹਾਇਸ਼ ’ਤੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।

ਉਨ੍ਹਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ’ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਨ੍ਹਾਂ ਦੇ ਰਾਜ ਵਿੱਚ ਦਲ ਬਦਲੂ ਆਉਣੇ ਸ਼ੁਰੂ ਹੋਏ, ਜਿਸ ਕਾਰਨ ਪਾਰਟੀ ਨੂੰ 2022 ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਕਾਂਗਰਸ ਵੇਲੇ ਰਾਜ ਕਰਨ ਵਾਲੇ ਅੱਜ ਮੁੜ ਦੂਜੀਆਂ ਪਾਰਟੀਆਂ ਨਾਲ ਜਾ ਰਲੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈਕਮਾਂਡ ਨੂੰ ਟਕਸਾਲੀ ਤੇ ਪਾਰਟੀ ਹਿੱਤਾਂ ਲਈ ਕੰਮ ਕਰਨ ਵਾਲੇ ਆਗੂਆਂ ਤੇ ਵਰਕਰਾਂ ਦੀ ਪਛਾਣ ਕਰਨੀ ਚਾਹੀਦੀ ਹੈ।

ਵਿਧਾਨ ਸਭਾ ਦੇ ਸੈਸ਼ਨ ਸਬੰਧੀ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦਾ ਹੱਕ ਬਣਦਾ ਹੈ ਕਿ ਉਹ ਸਰਕਾਰ ਵੱਲੋਂ ਪੂਰੇ ਨਾ ਕੀਤੇ ਗਏ ਵਾਅਦਿਆਂ ’ਤੇ ਵਿਧਾਨ ਸਭਾ ਵਿੱਚ ਸਵਾਲ ਉਠਾਉਣ ਪਰ ਮੁੱਖ ਮੰਤਰੀ ਨੇ ਗਲਤ ਸ਼ਬਦਾਵਲੀ ਦੀ ਵਰਤੋਂ ਕਰਕੇ ਮਰਿਆਦਾ ਦਾ ਉਲੰਘਣ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਸਪੀਕਰ ਨੂੰ ਇਸ ਗੱਲ ਦਾ ਨੋਟਿਸ ਲੈ ਕੇ ਮੁੱਖ ਮੰਤਰੀ ਤੋਂ ਮੁਆਫ਼ੀ ਮੰਗਵਾਉਣੀ ਚਾਹੀਦੀ ਸੀ।

# ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਕੀਤੇ ਜਾ ਕੰਮਾਂ ਤੋਂ ਲੋਕਾਂ ਨੂੰ ਕਰਵਾਇਆ ਜਾ ਰਿਹੈ ਜਾਣੂੰ : ਸਾਹੀ



**ਕਪੂਰਥਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਉਦੇਸ਼ ਨਾਲ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਸਰਕਾਰ ਵੱਲੋਂ ਲੋਕਾਂ ਦੇ ਆਰਥਿਕ,ਸੱਭਿਆਚਾਰਕ ਅਤੇ ਸਮਾਜਿਕ ਮਸਲੇ ਹੱਲ ਕੀਤੇ ਜਾ ਰਹੇ ਹਨ।ਪੰਜਾਬ ਸਰਕਾਰ ਵੱਲੋਂ ਅਪਣੇ 2 ਸਾਲਾਂ ਦੇ ਕਾਰਜਕਾਲ ਦੌਰਾਨ ਅਹਿਮ ਫੈਸਲੇ ਲਏ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗੁਰਬਿੰਦਰ ਸਿੰਘ ਸਾਹੀ ਨੇ ਇੱਕ ਮੀਟਿੰਗ ਦੌਰਾਨ ਕੀਤਾ।ਸਾਹੀ ਵਲੋਂ ਲਗਾਤਾਰ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਲੋਕਾਂ ਨਾਲ ਸੰਪਰਕ ਕਰਕੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੀਆਂ ਲੋਕ ਭਲਾਈ ਨੀਤੀਆਂ ਅਤੇ ਪੰਜਾਬ ਸਰਕਾਰ ਵਲੋਂ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਕੀਤੇ ਜਾ ਕੰਮਾਂ ਜਾਣੂ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਸਾਹੀ ਨੇ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਅੱਜ ਕੋਈ ਵੀ ਨਾਗਰਿਕ 1076 ਨੰਬਰ ਡਾਇਲ ਕਰਕੇ 43 ਤਰ੍ਹਾਂ ਦੀ ਸਰਕਾਰੀ ਸੇਵਾਵਾਂ ਘਰ ਬੈਠੇ ਹੀ ਪ੍ਰਾਪਤ ਕਰ ਸਕਦੇ ਹਨ,ਪਿਛਲੇ ਦੋ ਸਾਲਾਂ ਦੇ ਕਾਰਜਕਾਲ ਦੋਰਾਨ ਲੋਕਾਂ ਨੂੰ ਦਿੱਤੀ ਆਮ ਆਦਮੀ ਕਲੀਨਿਕਾਂ ਦੀ ਸੁਵਿਧਾ,ਪੰਜਾਬ ਦੇ ਨੌਜਵਾਨਾਂ ਨੂੰ 40 ਹਜ਼ਾਰ ਨੌਕਰੀਆਂ ਦਿੱਤੀਆਂ ਗਈਆਂ ਅਤੇ ਹੋਰ ਵੀ ਵਧੇਰੀਆਂ ਯੋਜਨਾਵਾਂ ਲੋਕ ਹਿੱਤ ਲਈ ਚਲਾਈਆਂ ਜਾ ਰਹੀਆਂ ਹਨ।

ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਚ ਸਿੱਖਿਆ ਨੂੰ ਲੈ ਕੇ ਅਤੇ ਹੈਲਥ ਡੀਪਾਰਟਮੈਂਟ ਨੂੰ ਲੈ ਕੇ ਕਈ ਵੱਡੇ ਕਦਮ ਚੁੱਕੇ ਗਏ ਹਨ ਅਤੇ ਲਗਾਤਾਰ ਹੀ ਪੰਜਾਬ ਵਿੱਚ ਲੋਕਾਂ ਦੇ ਭਲੇ ਲਈ ਕੰਮ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਆਉਣ ਵਾਲਿਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਵੱਲੋਂ ਮਿਹਨਤ ਕੀਤੀ ਜਾ ਰਹੀ ਹੈ ਅਤੇ ਆਮ ਆਦਮੀ ਪਾਰਟੀ ਆਪਣੇ ਹੇਠਲੇ ਵਰਕਰਾਂ ਨੂੰ ਵੀ ਮਾਣ ਸਨਮਾਨ ਦੇ ਰਹੀ ਹੈ। ਜਿਸ ਤਹਿਤ ਆਉਣ ਵਾਲਿਆਂ ਇਲੈਕਸ਼ਨਾਂ ਵਿੱਚ ਵੀ ਆਮ ਆਦਮੀ ਪਾਰਟੀ ਚੰਗਾ ਪ੍ਰਦਰਸ਼ਨ ਕਰੇਗੀ ਅਤੇ ਇਸ ਨੂੰ ਲੈ ਕੇ ਪੂਰੇ ਹਲਕੇ ਦੇ ਵਿੱਚ ਹਰ ਵਰਕਰ ਤਨਦੇਹੀ ਦੇ ਨਾਲ ਕੰਮ ਕਰੇਗਾ।

# ਕਾਤਲਾਨਾ ਹਮਲੇ ਦੇ 4 ਆਰੋਪੀਆਂ ਖਿਲਾਫ ਪਰਚਾ ਦਰਜ

**ਜਲਾਲਾਬਾਦ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਾਲਾਬਾਦ— ਥਾਣਾ ਸਿਟੀ ਪੁਲਿਸ ਨੇ ਕਾਤਲਾਨਾ ਹਮਲੇ ਨੂੰ ਅੰਜਾਮ ਦੇਣ ਵਾਲੇ 4 ਆਰੋਪੀਆਂ ਖਿਲਾਫ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਜਗਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਧਰਮਿੰਦਰ ਸਿੰਘ ਵਾਸੀ ਛਿੰਦਰਪਾਲ ਐੱਮ.ਸੀ. ਵਾਲੀ ਗਲੀ, ਦਸਮੇਸ਼ ਨਗਰੀ, ਜਲਾਲਾਬਾਦ ਨੇ ਸਿ ?ਕਾਇਤ ਦਰਜ ਕਰਵਾਈ ਸੀ ਕਿ ਉਹ ਦੁਕਾਨ ’ਤੇ ਬਿਸਕੁਟਾਂ ਦਾ ਪੈਕੇਟ ਜਿਸ ’ਤੇ ਉੱਲੀ ਲੱਗਾ ਹੋਈ ਸੀ, ਵਾਪਸ ਕਰਨ ਗਿਆ ਸੀ, ਜਿੱਥੇ ਉਸ ਨੂੰ ਅਸ਼ੋਕ ਸ਼ਰਮਾ, ਸੰਜੀਵ ਸ਼ਰਮਾ, ਪਾਰਸ, ਨੀਲਮ ਰਾਣੀ ਵਾਸੀ ਛੋਟੀ ਟਿਵਾਣਾ ਰੋਡ ਨੇੜੇ ਵਾਲਮੀਕਿ ਮੰਦਰ ਜਲਾਲਾਬਾਦ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਅਤੇ ਗੁੱਸੇ ’ਚ ਆ ਕੇ ਅਸ਼ੋਕ ਸ਼ਰਮਾ ਨੇ ਆਪਣੇ ਘਰ ’ਚ ਪਈ 12 ਬੋਰ ਦੀ ਬੰਦੂਕ ਕੱਢ ਕੇ ਉਸ ’ਤੇ ਸਿੱਧੀ ਗੋਲੀ ਚਲਾ ਦਿੱਤੀ ਪਰ ਉਹ ਬੈਠ ਗਿਆ, ਜਿਸ ਕਾਰਨ ਜਿਸ ਤੋਂ ਬਾਅਦ ਫਾਇਰ ਉਸ ਦੇ ਉਪਰੋਂ ਲੰਘ ਗਿਆ ।

ਜਿਸ ਤੋਂ ਬਾਅਦ ਜਦੋਂ ਉਸ ’ਤੇ ਦੂਸਰਾ ਫਾਇਰ ਕੀਤਾ ਗਿਆ ਤਾਂ ਉਹ ਅਚਾਨਕ ਖੜ੍ਹਾ ਹੋ ਗਿਆ, ਜਿਸ ਕਾਰਨ ਉਸ ਦੇ ਸੱਜੇ ਪੱਟ ’ਤੇ ਫਾਇਰ ਲੱਗਿਆ ਅਤੇ ਉਸ ਨੂੰ ਇਲਾਜ ਲਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਦਾਖਲ ਕਰਵਾਇਆ ਗਿਆ।

# ਮੋਦੀ ਸਰਕਾਰ ਨੇ ਦਸ ਸਾਲਾਂ ਚ ਸੜਕਾਂ ਦਾ ਵਿਛਾਇਆ ਜਾਲ : ਸਿਧਾਰਥ ਰਾਜ

**ਫਗਵਾੜਾ, 14 ਮਾਰਚ**
**ਗੌਰਵ ਮੜੀਆ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਪਿਛਲੇ ਦਸ ਸਾਲਾਂ ਵਿੱਚ ਭਾਰਤ ਦੇ ਬੁਨਿਆਦੀ ਢਾਂਚੇ ਖਾਸ ਕਰਕੇ ਹਾਈਵੇਜ਼ ਵਿੱਚ ਕ੍ਰਾਂਤੀ ਲਿਆਉਣ ਵਿੱਚ ਸਫਲ ਰਹੀ ਹੈ।ਸੰਪਰਕ ਵਧਾਉਣ,ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਅਤੇ ਨਾਗਰਿਕਾਂ ਲਈ ਜੀਵਨ ਦੀ ਸਮੁੱਚੀ ਗੁਣਵੱਤਾ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ,ਸਰਕਾਰ ਨੇ ਦੇਸ਼ ਦੇ ਸੜਕੀ ਨੈੱਟਵਰਕ ਨੂੰ ਬਦਲਣ ਲਈ ਇੱਕ ਅਭਿਲਾਸ਼ੀ ਮਿਸ਼ਨ ਸ਼ੁਰੂ ਕੀਤਾ ਹੈ।ਇਹ ਗੱਲਾਂ ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਸਿਧਾਰਥ ਰਾਜ ਨੇ ਸੋਮਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀਆਂ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਸਰਕਾਰ ਨੇ ਹਾਈਵੇਅ ਨੈੱਟਵਰਕ ਦੇ ਵਿਸਥਾਰ ਅਤੇ ਆਧੁਨਿਕੀਕਰਨ ਤੇ ਧਿਆਨ ਕੇਂਦਰਿਤ ਕੀਤਾ ਹੈ, ਜਿਸ ਕਾਰਨ ਸੜਕੀ ਸੰਪਰਕ ਦੇਸ਼ ਭਰ ਵਿੱਚ ਮਹੱਤਵਪੂਰਨ ਬਣ ਗਿਆ ਹੈ। ਸੁਧਾਰ ਹੋਇਆ ਹੈ। 2014 ਅਤੇ 2024 ਦੇ ਵਿਚਕਾਰ ਸਰਕਾਰ ਨੇ ਹਜ਼ਾਰਾਂ ਕਿਲੋਮੀਟਰ ਤੱਕ ਫੈਲੇ ਹਾਈਵੇਅ ਦੇ ਇੱਕ ਵਿਆਪਕ ਨੈਟਵਰਕ ਦਾ ਨਿਰਮਾਣ ਅਤੇ ਅਪਗ੍ਰੇਡ ਕੀਤਾ ਹੈ।ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦੇਸ਼ ਦੇ ਗਰੀਬਾਂ ਨੂੰ ਉੱਚਾ ਚੁੱਕਣ ਲਈ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਗਰੀਬ ਪੱਖੀ ਯੋਜਨਾਵਾਂ ਨੇ ਦੇਸ਼ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ।ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਗਰੀਬਾਂ ਨੂੰ ਸੁਰੱਖਿਆ ਅਤੇ ਸਨਮਾਨ ਦੇਣ ਲਈ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਗਰੀਬ,ਵੰਚਿਤ,ਮੱਧ ਵਰਗ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਦੇ ਜੀਵਨ ਵਿੱਚ ਪ੍ਰਤੱਖ ਤਬਦੀਲੀਆਂ ਦੇਖਣ ਨੂੰ ਮਿਲ ਰਹੀਆਂ ਹਨ।ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਇਹ ਮਹਿਸੂਸ ਕਰਵਾਇਆ ਗਿਆ ਕਿ ਉਹ ਦੇਸ਼ ਤੇ ਬੋਝ ਹਨ, ਉਹ ਹੁਣ ਵਿਕਾਸ ਨੂੰ ਗੱਤੀ ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਅੱਜ ਉਹ ਯੋਜਨਾਬੱਧ ਤਰੀਕੇ ਨਾਲ ਅਤੇ ਮਿਸ਼ਨ ਮੋਡ ਨਾਲ ਕੰਮ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਬਦਲਾਅ ਹੁਣ ਜ਼ਮੀਨੀ ਪੱਧਰ ਤੇ ਦਿਖਾਈ ਦੇ ਰਿਹਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਜਦੋਂ ਦੁਨੀਆ ਦੀਆਂ ਵੱਡੀਆਂ ਅਰਥ ਵਿਵਸਥਾਵਾਂ ਠੱਪ ਪਈਆਂ ਸਨ, ਭਾਰਤ ਸੰਕਟ ਤੋਂ ਬਾਹਰ ਆਇਆ ਅਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।



# ਅਕਾਲੀ ਦਲ ਨੂੰ ਤਕੜਾ ਹੋਣ ਲਈ ਵਰਕਰਾਂ ਨੂੰ ਲਾਮਬੰਦ ਕਰਨਾ ਹੋਵੇਗਾ : ਲਵਲੀ

**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਕੁਲਵਿੰਦਰ ਸਿੰਘ ਲਵਲੀ ਦੇ ਗ੍ਰਹਿ ਵਿਖੇ ਸ਼ਹਿਰੀ ਵਰਕਰਾਂ ਦੀ ਮੀਟਿੰਗ ਹੋਈ। ਜਿਸ ਵਿਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਤਕੜਾ ਹੋਣ ਲਈ ਵਰਕਰਾਂ ਨੂੰ ਲਾਮਬੰਦ ਕਰਨਾ ਹੋਵੇਗਾ। ਜਿਸ ਪਾਰਟੀ ਦਾ ਵਰਕਰ ਤਕੜਾ ਹੈ ਉਸ ਨੂੰ ਕੋਈ ਨਹੀਂ ਹਰਾ ਸਕਦਾ। ਅਕਾਲੀ ਦਲ ਦੀ ਲਗਾਤਾਰ 2 ਵਾਰ ਸਰਕਾਰ ਰਿਪੀਟ ਹੋਈ ਸੀ ਪਰ ਵਿਰੋਧੀ ਪਾਰਟੀਆਂ ਨੇ ਬੇਅਦਬੀ ਅਤੇ ਨਸ਼ੇ ਤੇ ਮਾਮਲੇ ਵਿਚ ਝੂਠ ਬੋਲ ਕੇ ਅਕਾਲੀ ਦਲ ਨੂੰ ਬਦਨਾਮ ਕੀਤਾ ਸੀ। ਹੁਣ ਪੰਜਾਬ ਦੇ ਲੋਕ ਇਸ ਬਾਰੇ ਚੰਗੀ ਤਰ੍ਹਾਂ ਜਾਣਦੇ ਹਨ।

ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਲੋਕ ਸਭਾ ਚੋਣਾਂ ਵਿਚ ਹੂੰਝਾ ਫੇਰ ਜਿੱਤ ਹਾਸਲ ਕਰੇਗਾ। ਅਕਾਲੀ ਦਲ 103 ਸਾਲ ਪੁਰਾਣੀ ਪਾਰਟੀ ਹੋਣ ਦੇ ਨਾਲ ਪਾਰਟੀ ਦੀ ਲੀਡਰਸ਼ਿਪ ਵੀ ਕਾਬਲ ਹੈ। ਲੋਕ ਅਕਾਲੀ ਦਲ ਦਾ ਰਾਜ ਯਾਦ ਕਰਦੇ ਹਨ। ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿਚ ਪੰਜਾਬ ਨੇ ਤਰੱਕੀ ਕੀਤੀ ਅਤੇ ਅਕਾਲੀ ਵਰਕਰਾਂ ਦਾ ਮਾਣ ਸਨਮਾਨ ਵੀ ਵਧਿਆ, ਜਿਸ ਤੋਂ ਪੰਜਾਬ ਦਾ ਹਰ ਵਰਗ ਖੁਸ਼ ਸੀ। ਇਸ ਸਮੇਂ ਕ੍ਰਿਸ਼ਨ ਮੁਰਾਰੀ, ਸਰਬਜੀਤ ਲਾਡੀ ਸਹਿਗਲ, ਭੁਪਿੰਦਰ ਸਿੰਘ, ਦੀਪਕ ਸਹਿਗਲ, ਜਸਬੀਰ ਸਿੰਘ, ਅਮਰਜੀਤ ਸਿੰਘ ਲਾਂਬਾ, ਅਮਰਜੀਤ ਸਿੰਘ ਚੋਪੜਾ, ਜਸਬੀਰ ਸਿੰਘ ਮੰਗਾ, ਰਾਜਬੀਰ ਸਿੰਘ ਰਿੰਕੂ, ਅਮਰਇਕਬਾਲ ਸਿੰਘ ਸਾਹਨੀ ਆਦਿ ਹਾਜ਼ਰ ਸਨ।

# ਪੇਅ ਸਕੇਲ ਲਾਗੂ ਕਰਾਉਣ ਲਈ ਮੁਲਾਜ਼ਮਾਂ ਨੇ ਖ਼ੂਨ ਨਾਲ ਲਿਖਿਆ ਮੰਗ ਪੱਤਰ

**ਸੰਗਰੂਰ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਦੀ ਅਗਵਾਈ ਹੇਠ ਅੱਜ ਪੰਜਾਬ ਦੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੀ ਕੋਠੀ ਅੱਗੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਆਪਣੇ ਖ਼ੂਨ ਨਾਲ ਨਾਅਰੇ ਲਿਖੇ ਤੇ ਖ਼ੂਨ ਨਾਲ ਲਿਖਿਆ ਇੱਕ ਮੰਗ ਪੱਤਰ ਵੀ ਪੰਜਾਬ ਵਿਧਾਨ ਸਭਾ ਲਈ ਭੇਜਿਆ। ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ 17 ਜੁਲਾਈ 2020 ਦਾ ਨੋਟੀਫਿਕੇਸ਼ਨ ਰੱਦ ਕਰਕੇ ਸਮੂਹ ਮੁਲਾਜ਼ਮਾਂ ’ਤੇ ਪੰਜਾਬ ਦਾ ਤਨਖਾਹ ਸਕੇਲ ਬਹਾਲ ਕੀਤਾ ਜਾਵੇ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਪੰਜਾਬ ਭਰ ਤੋਂ ਪੁੱਜੇ ਮੁਲਾਜ਼ਮ ਸਥਾਨਕ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ, ਜਿੱਥੋਂ ਉਹ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੀ ਕੋਠੀ ਵੱਲ ਵਧੇ। ਉਥੇ ਤਾਇਨਾਤ ਪੁਲੀਸ ਨੇ ਪ੍ਰਦਰਸ਼ਨਕਾਰੀਆਂ ਨੂੰ ਕਲੋਨੀ ਦੇ ਗੇਟ ’ਤੇ ਰੋਕ ਲਿਆ ਜਿਥੇ ਮੁਲਾਜ਼ਮਾਂ ਨੇ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੱਤਾ। ਫਰੰਟ ਦੇ ਸੂਬਾ ਆਗੂਆਂ ਹਰਜਿੰਦਰ ਸਿੰਘ, ਯਸ਼ਪਾਲ ਸਿੰਘ, ਯੁੱਧਜੀਤ ਸਿੰਘ, ਨਿਰਮਲ ਸਿੰਘ ਜ਼ੀਰਾ, ਜੱਗਾ ਬੋਹਾ, ਜੁਝਾਰ ਸਿੰਘ ਤੇ ਰਛਪਾਲ ਸਿੰਘ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ’ਤੇ ਅਧੂਰੇ ਪੇਅ-ਸਕੇਲ ਲਾਗੂ ਕੀਤੇ ਗਏ ਹਨ ਜੋ ਪੂਰਨ ਰੂਪ ਵਿੱਚ ਨਾ ਕੇਂਦਰ ਦੇ ਹਨ ਤੇ ਨਾ ਹੀ ਸੂਬਾ ਸਰਕਾਰ ਦੇ। ਇਨ੍ਹਾਂ ਪੇਅ ਸਕੇਲਾਂ ਨਾਲ ਮੁਲਾਜ਼ਮਾਂ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਮੰਗਾਂ ਨਾ ਮੰਨੀਆਂ ਗਈਆਂ ਤਾਂ ਲੋਕ ਸਭਾ ਚੋਣਾਂ ਦੌਰਾਨ ‘ਆਪ’ ਵਿਰੁੱਧ ਰੈਲੀਆਂ ਕੀਤੀਆਂ ਜਾਣਗੀਆਂ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਨੇ ਕੈਬਨਿਟ ਸਬ-ਕਮੇਟੀ ਨਾਲ ਚੰਡੀਗੜ੍ਹ ਵਿੱਚ 14 ਮਾਰਚ ਦੀ ਮੀਟਿੰਗ ਤੈਅ ਕਰਵਾਈ, ਜਿਸ ਮਗਰੋਂ ਧਰਨਾ ਸਮਾਪਤ ਕੀਤਾ ਗਿਆ।


ਸੰਗਰੂਰ ’ਚ ਧਰਨੇ ਦੌਰਾਨ ਆਪਣੇ ਖ਼ੂਨ ਨਾਲ ਨਾਅਰੇ ਲਿਖਦੇ ਹੋਏ ਮੁਲਾਜ਼ਮ।

**ਪੁਲੀਸ ਵੱਲੋਂ ਬੇਰੁਜ਼ਗਾਰ ਈਟੀਟੀ ਅਧਿਆਪਕਾਂ ’ਤੇ ਲਾਠੀਚਾਰਜ**

ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਪਿੰਡ ਕਿੱਲਿਆਂਵਾਲੀ ਦੇ ਦੌਰੇ ਦੌਰਾਨ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਬੇਰੁਜ਼ਗਾਰ ਈਟੀਟੀ ਅਧਿਆਪਕਾਂ ’ਤੇ ਅੱਜ ਪੁਲੀਸ ਨੇ ਲਾਠੀਚਾਰਜ ਕੀਤਾ। ਇਸ ਦੌਰਾਨ ਬੇਰੁਜ਼ਗਾਰ ਅਧਿਆਪਕਾਂ ਤੇ ਪੁਲੀਸ ਵਿਚਾਲੇ ਧੱਕਾ-ਮੁੱਕੀ ਹੋਈ। ਪੁਲੀਸ ਨੇ 9 ਅਧਿਆਪਕਾਂ ਨੂੰ ਹਿਰਾਸਤ ਵਿੱਚ ਵੀ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਹਲਕਾ ਬੱਲੂਆਣਾ ’ਚ ਪੈਂਦੇ ਪਿੰਡ ਕਿਲਿਆਂਵਾਲੀ ਵਿੱਚ ਅੱਜ ਸਵੇਰੇ ਖੇਤੀਬਾੜੀ ਮੰਤਰੀ ਦੇ ਪੁੱਜਣ ਦੀ ਸੂਚਨਾ ਮਿਲਣ ’ਤੇ ਅਧਿਆਪਕ ਯੂਨੀਅਨ 5694 ਦੇ ਮੈਂਬਰ ਅਤੇ ਬੇਰੁਜ਼ਗਾਰ ਈਟੀਟੀ ਅਧਿਆਪਕਾਂ ਨੇ ਭਰਵਾਂ ਇਕੱਠ ਕੀਤਾ ਤੇ ਮੰਤਰੀ ਦੇ ਪੁੱਜਣ ’ਤੇ ਨਾਅਰੇਬਾਜ਼ੀ ਕਰਦਿਆਂ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਮੌਜੂਦ ਅਧਿਕਾਰੀਆਂ ਨੇ ਮੰਤਰੀ ਨਾਲ ਬੇਰੁਜ਼ਗਾਰ ਅਧਿਆਪਕਾਂ ਦੀ ਮੀਟਿੰਗ ਕਰਵਾਉਣ ਦਾ ਫ਼ੈਸਲਾ ਵੀ ਲਿਆ ਪਰ ਗੱਲ ਸਿਰੇ ਨਾ ਚੜ੍ਹਨ ’ਤੇ ਬੇਰੁਜ਼ਗਾਰ ਅਧਿਆਪਕਾਂ ਦੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਮੌਕੇ ’ਤੇ ਹਾਜ਼ਰ ਅਧਿਆਪਕ ਆਗੂਆਂ ਨੇ ਕਿਹਾ ਕਿ ਪਿਛਲੇ 150 ਦਿਨਾਂ ਤੋਂ ਬੇਰੁਜ਼ਗਾਰ ਈਟੀਟੀ ਅਧਿਆਪਕ ਚੰਡੀਗੜ੍ਹ ਵਿੱਚ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਅਣਮਿੱਥੇ ਸਮੇਂ ਦਾ ਧਰਨਾ ਲਾ ਕੇ ਆਪਣੀਆਂ ਮੰਗਾਂ ਮਨਵਾਉਣ ਲਈ ਸੰਘਰਸ਼ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਬੀਤੇ ਸਾਲ ਪੰਜ ਮਾਰਚ ਨੂੰ ਸਰਕਾਰ ਨੇ ਈਟੀਟੀ ਅਧਿਆਪਕਾਂ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਲਈ ਸੀ ਪਰ ਇੱਕ ਸਾਲ ਬੀਤਣ ਦੇ ਬਾਵਜੂਦ ਹਾਲੇ ਤੱਕ ਉਪਰੋਕਤ ਅਧਿਆਪਕਾਂ ਨੂੰ ਜੁਆਇਨ ਨਹੀਂ ਕਰਵਾਇਆ ਗਿਆ।

ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਹਾਲੇ ਵੀ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇਵੇਗੀ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਕਰੋੜਾਂ ਰੁਪਏ ਦੇ ਵਿਕਾਸ ਪ੍ਰਾਜੈਕਟ ਸ਼ੁਰੂ ਕਰਕੇ ਸੂਬੇ 'ਚ ਲਿਆਂਦੀ ਵਿਕਾਸ ਕਰਾਂਤੀ : ਚੇਤਨ ਸਿੰਘ ਜੌੜਾਮਾਜਰਾ

**ਸਮਾਣਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

"ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਸੂਬੇ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਪ੍ਰਾਜੈਕਟ ਸ਼ੁਰੂ ਕਰਕੇ ਸੂਬੇ ਅੰਦਰ ਵਿਕਾਸ ਕਰਾਂਤੀ ਲਿਆਂਦੀ ਹੈ।" ਇਹ ਪ੍ਰਗਟਾਵਾ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸਮਾਣਾ ਹਲਕੇ ਦੇ ਪਿੰਡਾਂ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਕੈਬਨਿਟ ਮੰਤਰੀ ਨੇ 60 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਦੁਘਾਟ ਵਿਖੇ ਛੱਪੜ ਦਾ ਨਵੀਨੀਕਰਨ ਤੇ ਤਰਲ ਅਤੇ ਠੋਸ ਵੇਸਟ ਪ੍ਰਬੰਧਨ ਦੇ ਪ੍ਰਾਜੈਕਟ ਦਾ ਉਦਘਾਟਨ ਕੀਤਾ। ਇਸਦੇ ਨਾਲ ਹੀ ਉਨ੍ਹਾਂ ਨੇ ਪਿੰਡ ਕਲਿਆਣ ਵਿਖੇ ਲੋਕਾਂ ਦੇ ਇਕੱਠੇ ਹੋਕੇ ਬੈਠਣ ਲਈ ਮਾਡਰਨ ਸੱਥ ਦੀ ਉਸਾਰੀ, ਸੀਵਰੇਜ ਤੇ ਸਟਰੀਟ ਲਾਇਟਾਂ ਦਾ ਉਦਘਾਟਨ ਸਮੇਤ ਗਾਜੇਵਾਸ ਤੇ ਚੁਤੈਹਰਾ ਵਿਖੇ ਮਗਨਰੇਗਾ ਸਕੀਮ ਨਾਲ ਬਣਾਈ ਆਂਗਣਵਾੜੀ ਤੋਂ ਇਲਾਵਾ ਫਿਰਨੀ ਤੋਂ ਸਮਸ਼ਾਨਘਾਟ ਨੂੰ ਜਾਂਦੇ ਰਸਤੇ ਨੂੰ ਪੱਕਾ ਕਰਨ ਆਦਿ ਦੇ ਕੰਮਾਂ ਦਾ ਵੀ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ।



ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਪਿੰਡਾਂ ਵਿਖੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਦੇ ਹੋਏ।

ਇਸ ਮੌਕੇ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨਾਲ ਕੀਤਾ ਹਰੇਕ ਵਾਅਦਾ ਪੂਰਾ ਕਰ ਰਹੀ ਹੈ ਅਤੇ ਉਨ੍ਹਾਂ ਵੱਲੋਂ ਚੋਣਾਂ ਤੋਂ ਪਹਿਲਾਂ ਦਿੱਤੀ ਹਰੇਕ ਗਰੰਟੀ 'ਤੇ ਖਰ੍ਹਾ ਉਤਰਿਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਉਹ ਸਮਾਣਾ ਹਲਕੇ ਦੇ ਸਮੁੱਚੇ ਵਿਕਾਸ ਲਈ ਆਪਣੀ ਵਚਨਬੱਧਤਾ ਪੂਰੀ ਕਰ ਰਹੇ ਹਨ ਅਤੇ ਅੱਜ ਅੱਧੀ ਦਰਜਨ ਪਿੰਡਾਂ 'ਚ ਕਰੋੜਾਂ ਰੁਪਏ ਦੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ ਹਨ।

ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਜਿਨ੍ਹਾਂ ਕੋਲ, ਜਲ ਸਰੋਤ, ਖਣਣ ਤੇ ਭੂ-ਵਿਗਿਆਨ, ਜਲ ਤੇ ਭੂਮੀ ਰੱਖਿਆ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਬਾਰੇ ਵਿਭਾਗ ਵੀ ਹਨ, ਨੇ ਦੱਸਿਆ ਕਿ ਸੂਬੇ ਦਾ ਚਹੁੰ ਤਰਫ਼ਾ ਵਿਕਾਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀ ਮੁਢਲੀ ਤਰਜੀਹ ਹੈ।

ਇਸ ਦੌਰਾਨ ਉਨ੍ਹਾਂ ਨੇ ਪਿੰਡ ਲਲੌਛੀ ਵਿਖੇ ਨੌਜਵਾਨਾਂ ਨੂੰ ਕ੍ਰਿਕਟ ਦੀ ਕਿੱਟ ਸੌਂਪੀ ਅਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ।

ਇਸ ਮੌਕੇ ਹਰਜਿੰਦਰ ਸਿੰਘ ਮਿੱਠੂ ਜੌੜਾਮਾਜਰਾ, ਪੀਏ ਗੁਰਦੇਵ ਸਿੰਘ ਟਿਵਾਣਾ, ਬਲਕਾਰ ਸਿੰਘ ਗੱਜੂਮਾਜਰਾ, ਓ.ਐਸ.ਡੀ. ਗੁਲਜ਼ਾਰ ਸਿੰਘ ਵਿਰਕ, ਸੁਰਜੀਤ ਸਿੰਘ ਦਹੀਆ, ਸੁਰਜੀਤ ਸਿੰਘ ਫ਼ੌਜੀ, ਸੋਨੂੰ ਥਿੰਦ, ਬੀਡੀਪੀਓ ਬਲਜੀਤ ਸਿੰਘ ਸੋਹੀ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

# ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਹਰਚੰਦ ਸਿੰਘ ਬਰਸਟ ਨੇ ਕੀਤਾ ਸਨਮਾਨਿਤ




**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਰਕਾਰੀ ਸਟੇਟ ਕਾਲਜ ਆਫ ਐਜੂਕੇਸ਼ਨ ਵਿਖੇ ਵਿਸ਼ਵ ਮਹਿਲਾ ਦਿਵਸ ਮੌਕੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸ. ਹਰਚੰਦ ਸਿੰਘ ਬਰਸਟ, ਚੇਅਰਮੈਨ, ਪੰਜਾਬ ਮੰਡੀ ਬੋਰਡ ਅਤੇ ਸੂਬਾ ਜਨਰਲ ਸਕੱਤਰ, ਆਮ ਆਦਮੀ ਪਾਰਟੀ, ਪੰਜਾਬ ਨੇ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸ਼ਹਿਰ ਦੀਆਂ ਹੋਰ ਸਖਸੀਅਤਾਂ ਨੂੰ ਵੀ ਸਨਮਾਨਿਤ ਕੀਤਾ।

ਇਸ ਮੌਕੇ ਸ. ਹਰਚੰਦ ਸਿੰਘ ਬਰਸਟ ਨੇ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਮਾਜ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਾਡੇ ਸਮਾਜ ਵਿੱਚ ਮਹਿਲਾਵਾਂ ਹਮੇਸ਼ਾ ਤੋਂ ਹੀ ਸਤਿਕਾਰ ਯੋਗ ਰਹੀਆਂ ਹਨ, ਪਰ ਇਸ ਦੇ ਨਾਲ ਹੀ ਇਨ੍ਹਾਂ ਤੇ ਜ਼ਿਆਦਤੀਆਂ ਵੀ ਹੁੰਦੀਆਂ ਰਹੀਆਂ ਹਨ। ਇਸ ਲਈ ਔਰਤਾਂ ਦਾ ਆਰਥਿਕ ਤੌਰ ਤੇ ਆਪਣੇ ਪੈਰਾਂ ਤੇ ਖੜਾ ਹੋਣਾ ਬਹੁਤ ਜਰੂਰੀ ਹੈ, ਤਾਂ ਜੋ ਉਨ੍ਹਾਂ ਨੂੰ ਸਮਾਜ ਵਿੱਚ ਸਤਿਕਾਰ ਮਿਲ ਸਕੇ। ਸਮਾਜ ਨੂੰ ਚਲਾਉਣ ਵਿੱਚ ਪੁਰਸ਼ਾਂ ਦੇ ਨਾਲ ਮਹਿਲਾਵਾਂ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ, ਜਿਸ ਦਾ ਸਬੂਤ ਅੱਜ ਦੇਸ਼ ਵਿੱਚ ਵੱਡੇ ਅਹੁਦਿਆਂ ਤੇ ਬੈਠੀਆਂ ਮਹਿਲਾਵਾਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਮਹਿਲਾਵਾਂ ਦੇ ਹੱਕ ਅਤੇ ਭਲਾਈ ਲਈ ਹਮੇਸ਼ਾ ਖੜੀ ਹੈ। ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਨੂੰ ਬੱਸਾਂ ਵਿੱਚ ਮੁਫ਼ਤ ਸਫ਼ਰ ਦੀ ਸਹੂਲਤ ਦਿੱਤੀ ਹੋਈ ਹੈ ਅਤੇ ਮਹਿਲਾਵਾਂ ਨੂੰ ਕੀਤਾ ਇੱਕ ਹਜਾਰ ਰੁਪਏ ਮਹੀਨਾ ਦੇਣ ਦਾ ਵਾਅਦਾ ਵੀ ਜਲਦ ਹੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਜਿੱਥੇ ਸਿਹਤ ਅਤੇ ਸਿੱਖਿਆ ਖੇਤਰ ਵਿੱਚ ਕਾਰਜ ਕਰ ਰਹੀ ਹੈ, ਉੱਥੇ ਹੀ ਮਹਿਲਾਵਾਂ ਨੂੰ ਨੌਕਰੀਆਂ ਵਿੱਚ ਵੀ ਅੱਗੇ ਵਧਣ ਦੇ ਮੌਕੇ ਦਿੱਤੇ ਜਾ ਰਹੇ ਹਨ।

ਇਸ ਮੌਕੇ ਮੁੱਖ ਮਹਿਮਾਨ ਵੱਲੋਂ ਪਦਮ ਸ੍ਰੀ ਪ੍ਰਾਣ ਸਬਰਵਾਲ, ਵਿਜੈ ਗੋਇਲ ਪ੍ਰਧਾਨ, ਡਾ. ਪੂਨਮ ਗੁਪਤਾ, ਨੀਤਾ ਅਹਿਸਾਸ, ਕਿਰਨ ਗਰਗ, ਪ੍ਰਸ਼ੋਤਮ ਗੋਇਲ ਜਰਨਲ ਸਕੱਤਰ, ਕਮਲ ਗੋਇਲ ਵਿੱਤ ਸਕੱਤਰ, ਐਸ.ਐਸ. ਰੇਖੀ, ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਅਤੇ ਸਮੂਹ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ।

# ਮਹਿਲਾਵਾਂ ਦਾ ਭਾਜਪਾ ਤੇ ਭਰੋਸਾ, ਪੂਰੇ ਬਹੁਮਤ ਨਾਲ ਬਣੇਗੀ ਮੋਦੀ ਸਰਕਾਰ : ਰਿੰਪੀ ਸ਼ਰਮਾ

**ਕਪੂਰਥਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਭਰ ਚ ਭਾਰਤੀ ਜਨਤਾ ਪਾਰਟੀ ਮਹਿਲਾ ਮੋਰਚਾ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਮੋਰਚਿਆਂ ਤੇ ਨਿਯੁਕਤੀਆਂ ਦਾ ਸਿਲਸਿਲਾ ਜਾਰੀ ਹੈ,ਇਸੇ ਤਹਿਤ ਭਾਜਪਾ ਮਹਿਲਾ ਮੋਰਚਾ ਦੀ ਮਿਹਨਤੀ ਆਗੂ ਰਿੰਪੀ ਸ਼ਰਮਾ ਨੂੰ ਤੀਜੀ ਵਾਰ ਭਾਜਪਾ ਸੂਬਾ ਕਾਰਜਕਾਰਣੀ ਦੀ ਮੈਂਬਰ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਦੀ ਇਹ ਨਿਯੁਕਤੀ ਭਾਜਪਾ ਮਹਿਲਾ ਮੋਰਚਾ ਦੀ ਸੂਬਾ ਪ੍ਰਧਾਨ ਜੈਇੰਦਰ ਕੌਰ ਵਲੋਂ ਕੀਤੀ ਗਈ ਹੈ।ਆਪਣੀ ਇਸ ਨਿਯੁਕਤੀ ਤੇ ਰਿੰਪੀ ਸ਼ਰਮਾ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਹ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਿੰਪੀ ਸ਼ਰਮਾ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਮਹਿਲਾ ਵੋਟਰਾਂ ਤੇ ਧੀਆਂ ਕੇਂਦਰਿਤ ਕਰਨ ਦੀ ਗੱਲ ਕਹਿ।



ਉਨ੍ਹਾਂ ਕਿਹਾ ਕਿ ਮਹਿਲਾ ਵੋਟਰ ਦੇ ਸਮਰਥਨ ਨੂੰ ਬਰਕਰਾਰ ਰੱਖਣ ਲਈ ਹਰ ਲੋੜੀਂਦੇ ਯਤਨ ਕੀਤੇ ਜਾਣੇ ਜਰੂਰੀ ਹਨ।ਉਨ੍ਹਾਂ ਕਿਹਾ ਕਿ ਚੋਣਾਂ ਨੂੰ ਲੈ ਕੇ ਪਿਛਲੀ ਵਾਰ ਔਰਤਾਂ ਨੇ ਭਾਜਪਾ ਤੇ ਜੋ ਭਰੋਸਾ ਦਿਖਾਇਆ ਹੈ,ਉਹ ਪੂਰੇ ਦੇਸ਼ ਦੇ ਸਾਹਮਣੇ ਹੈ,ਅਸੀਂ ਉਸ ਸਮਰਥਨ ਨੂੰ ਕਾਇਮ ਰੱਖਣ ਲਈ ਆਪਣੀ ਪੂਰੀ ਤਾਕਤ ਲਗਾ ਦੇਵਾਂਗੇ।ਉਨ੍ਹਾਂ ਅੱਗੇ ਕਿਹਾ ਕਿ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਕੋਈ ਵੀ ਮਹਿਲਾ ਸਮਰਥਕ ਭਾਜਪਾ ਦਾ ਸਮਰਥਨ ਕੀਤੇ ਬਿਨਾਂ ਪਿੱਛੇ ਨਾ ਰਹੇ।ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਦੀਆਂ ਸਾਰੀਆਂ ਯੋਜਨਾਵਾਂ ਵਿੱਚ 50 ਫੀਸਦੀ ਤੋਂ ਵੱਧ ਔਰਤਾਂ ਲਾਭਪਾਤਰੀਆਂ ਹਨ।ਰਿੰਪੀ ਸ਼ਰਮਾ ਨੇ ਕਿਹਾ ਕਿ ਮਹਿਲਾ ਮੋਰਚਾ ਜ਼ਿਲ੍ਹੇ ਦੇ ਹਰ ਮਹਿਲਾ ਵੋਟਰ ਤੱਕ ਪਹੁੰਚਣ ਲਈ ਰਣਨੀਤੀ ਤਿਆਰ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਅਸੀਂ ਪਹਿਲੀ ਵਾਰ ਵੋਟਰਾਂ ਤੇ ਵੀ ਧਿਆਨ ਕੇਂਦਰਿਤ ਕਰ ਰਹੇ ਹਾਂ।ਅਸੀਂ ਉਨ੍ਹਾਂ ਲਈ ਵੱਖਰੇ ਆਊਟਰੀਚ ਪ੍ਰੋਗਰਾਮ ਬਣਾ ਰਹੇ ਹਾਂ।ਅਸੀਂ ਉਨ੍ਹਾਂ ਨੂੰ ਦੱਸਾਂਗੇ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਜਗ੍ਹਾ ਔਰਤਾਂ ਨੂੰ ਕਿਸ ਤਰ੍ਹਾਂ ਮਹੱਤਵ ਦਿੱਤਾ ਹੈ।

ਉਨ੍ਹਾਂ ਥਾਵਾਂ ਤੇ ਵੀ ਜਿੱਥੇ ਪਹਿਲਾਂ ਬਹੁਤ ਘੱਟ ਔਰਤਾਂ ਨਜ਼ਰ ਆਉਂਦੀਆਂ ਸਨ ਉੱਥੇ ਵੀ ਮਹਿਲਾ ਸਸ਼ਕਤੀਕਰਨ ਹੋਇਆ ਹੈ।ਜ਼ਿਕਰਯੋਗ ਹੈ ਕਿ ਭਾਜਪਾ ਦਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਤੇ ਮਹਿਲਾਵਾਂ ਵੱਡੀ ਗਿਣਤੀ ਚ ਬੀਜੇਪੀ ਨੂੰ ਵੋਟ ਪਾਉਂਦੀਆਂ ਹਨ।ਪ੍ਰਧਾਨ ਮੰਤਰੀ ਮੋਦੀ ਵੀ ਹਰ ਚੋਣ ਤੋਂ ਬਾਅਦ ਮਹਿਲਾ ਵੋਟਰਾਂ ਦਾ ਧੰਨਵਾਦ ਕਰਨਾ ਨਹੀਂ ਭੁੱਲਦੇ।ਉਨ੍ਹਾਂ ਦੇ ਹਰ ਭਾਸ਼ਣ ਵਿੱਚ ਔਰਤਾਂ ਦਾ ਜ਼ਿਕਰ ਹੁੰਦਾ ਹੈ।ਬੀਜੇਪੀ ਦੇ ਇੱਕ ਨੇਤਾ ਨੇ ਕਿਹਾ ਸੀ ਕਿ ਇੱਕ ਦੌਰ ਵਿੱਚ ਜਦੋਂ ਮਹਿਲਾ ਵੋਟਰ ਇੰਦਰਾ ਗਾਂਧੀ ਦੇ ਨਾਮ ਉੱਤੇ ਵੋਟ ਪਾਉਂਦੇ ਸਨ,ਉੱਥੇ ਹੀ ਹੁਣ ਉਹ ਮਜ਼ਬੂਤ ਵੋਟ ਬੈਂਕ ਪੀਐਮ ਮੋਦੀ ਦੇ ਨਾਮ ਤੇ ਇਕੱਠਾ ਹੋਇਆ ਹੈ।

# ਔਰਤਾਂ ਨੂੰ ਆਤਮ- ਨਿਰਭਰ ਬਣਾਉਣ ਲਈ ਮਾਨ ਸਰਕਾਰ ਯੋਗ ਕਦਮ ਚੁੱਕ ਰਹੀ ਹੈ: ਪ੍ਰੀਤੀ ਮਲਹੋਤਰਾ

## ਖੁਖਰੈਣ ਬਰਾਦਰੀ ਐਸੋਸੀਏਸ਼ਨ ਵੱਲੋਂ ਸਨਮਾਨ ਸਮਾਰੋਹ ਆਯੋਜਤ

**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਲਈ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਯੋਗ ਕਦਮ ਚੁੱਕ ਰਹੀ ਹੈ ਤੇ ਸਮਾਜ 'ਚ ਔਰਤਾਂ ਨੂੰ ਉਨਾ ਦਾ ਮਾਣ ਸਤਿਕਾਰ ਦਿਵਾਉਣ ਲਈ ਯਤਨਸ਼ੀਲ ਹੈ । ਇਨਾਂ ਗੱਲਾਂ ਦਾ ਪ ?ਗਟਾਵਾ ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਪੰਜਾਬ ਦੀ ਪ ?ਧਾਨ ਪ੍ਰੀਤੀ ਮਲਹੋਤਰਾ ਨੇ ਉਨਾ ਦੇ ਮਾਣ 'ਚ ਖੁਖਰੈਣ ਬਰਾਦਰੀ ਵਲੋਂ
ਪੰਜਾਬ ਕਲਾਸਿਕ 'ਚ ਰਖੇ ਸਨਮਾਨ ਸਮਾਰੋਹ ਮੌਕੇ ਕੀਤਾ ।ਉਨਾ ਕਿਹਾਕਿ ਔਰਤਾਂ ਦੀ ਭਲਾਈ ਲਈ ਕਈ ਸਕੀਮਾਂ ਉਲੀਕੀਆਂ ਜਾ ਰਹੀਆਂ ਹਨ । ਤੇ ਸਰਕਾਰੀ ਨੌਕਰੀਆਂ 'ਚ ਵੀ ਔਰਤਾਂ ਦੀ ਭਰਤੀ ਕੀਤੀ ਜਾ ਰਹੀ ਹੈ ਤੇ ਖਾਸ ਕਰਕੇ ਦਿਹਾਤੀ ਖੇਤਰਾਂ 'ਚ ਔਰਤਾਂ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਮਾਨ ਸਰਕਾਰ ਯਤਨਸ਼ੀਲ ਹੈ ।



ਇਸ ਮੌਕੇ ਹਰਿੰਦਰਪਾਲ ਸਿੰਘ ਸਭਰਵਾਲ ਚੇਅਰਮੈਨ , ਨਰਿੰਦਰਪਾਲ ਸਿੰਘ ਭਸੀਨ ਪ੍ਰਧਾਨ ਨੇ ਪ੍ਰੀਤੀ ਮਲਹੋਤਰਾ ਨੂੰ ਸਿਰੋਪਾਉ ਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਉਨਾ ਪ੍ਰੀਤੀ ਮਲਹੋਤਰਾ ਨੂੰ ਵਧਾਈ ਦਿਤੀ ਤੇ ਕਿਹਾਕਿ ਉਹ ਔਰਤਾਂ ਦੇ ਹੱਕਾਂ 'ਚ ਆਵਾਜ਼ ਬੁਲੰਦ ਕਰਦੇ ਰਹਿਣਗੇ । ਸਭਰਵਾਲ ਨੇ ਕਿਹਾਕਿ ਗੁਰੂ ਸਾਹਿਬਾਨ ਨੇ ਵੀ ਔਰਤਾਂ ਨੂੰ ਬਹੁਤ ਉਚਾ ਦਰਜਾ ਦਿਤਾ ਹੈ। ਇਸ ਮੌਕੇ ਕੁਲਵੰਤ ਸਿੰਘ ਕੋਹਲੀ ਵਾਇਸ ਪ ?ਧਾਨ , ਦਰਸ਼ਨ ਸਿੰਘ ਅਨੰਦ , ਸੁਰਜੀਤ ਸਿੰਘ ਕੋਹਲੀ , ਸੁਰਿੰਦਰ ਸਿੰਘ ਕੋਹਲੀ , ਭੁਪਿੰਦਰਪਾਲ ਸਿੰਘ ਭਸੀਨ ,ਐਡਵੋਕੇਟ ਜਗਜੀਤ ਸਿੰਘ ਭਸੀਨ ਜਨਰਲ ਸੈਕਟਰੀ ਲੀਗਲ ,ਅੰਗਰੇਜ ਸਿੰਘ ਮੈਂਬਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਕੰਵਲਜੀਤ ਸਿੰਘ ਮਲਹੋਤਰਾ ਬਲਾਕ ਸ਼ੋਸ਼ਲ ਮੀਡੀਆ ਪ੍ਰਧਾਨ ( ਪਟਿਆਲਾ ਸ਼ਹਿਰੀ), ਮੌਜੂਦ ਸਨ ।

# ਅਮਨ ਅਰੋੜਾ ਨੇ ਰੇਲਵੇ ਲਾਈਨ ਨਾਲ ਲਗਦੀ ਇੰਦਰਾ ਬਸਤੀ ਵਾਲੀ ਸੜਕ ਨੂੰ ਚੌੜਾ ਕਰਨ ਦੇ ਕੰਮ ਦੀ ਕਰਵਾਈ ਸ਼ੁਰੂਆਤ

**➢ 3.17 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਦੇ ਦੂਜੇ ਪੜਾਅ ਨੂੰ ਤਿੰਨ ਮਹੀਨਿਆਂ 'ਚ ਕਰਵਾਇਆ ਜਾਵੇਗਾ ਮੁਕੰਮਲ ➢ ਰੇਲਵੇ ਲਾਈਨ ਦੇ ਦੋਵੇਂ ਪਾਸੇ ਸੜਕ ਚੌੜੀ ਕਰਨ ਦੀ ਲੋਕਾਂ ਦੀ ਦਹਾਕਿਆਂ ਪੁਰਾਣੀ ਮੰਗ ਨੂੰ ਪਿਛਲੀਆਂ ਸਰਕਾਰਾਂ ਨੇ ਪੂਰੀ ਤਰ੍ਹਾਂ ਅਣਗੌਲਿਆ: ਅਮਨ ਅਰੋੜਾ**

**ਸੁਨਾਮ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬ ਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਸੁਨਾਮ ਊਧਮ ਸਿੰਘ ਵਾਲਾ ਸ਼ਹਿਰ ਵਿੱਚ ਪੰਜਾਬ ਸਰਕਾਰ ਵੱਲੋਂ 3 ਕਰੋੜ 17 ਲੱਖ ਰੁਪਏ ਦੀ ਲਾਗਤ ਨਾਲ ਸ਼ਹਿਰ ਦੀ ਨੁਹਾਰ ਬਦਲਣ ਲਈ ਸ਼ੁਰੂ ਕੀਤੇ ਗਏ ਰੇਲਵੇ ਲਾਈਨ ਦੇ ਨਾਲ ਲਗਦੀਆਂ ਸੜਕਾਂ ਨੂੰ ਚੌੜਾ ਕਰਨ ਦੇ ਪ੍ਰੋਜੈਕਟ ਦੇ ਦੂਸਰੇ ਪੜਾਅ ਦੀ ਸ਼ੁਰੂਆਤ ਕਰਵਾਈ। ਸ਼ਹਿਰ ਦੀ ਇੰਦਰਾ ਬਸਤੀ ਵਾਲੇ ਪਾਸੇ ਵਾਲੀ ਸੜਕ ਨੂੰ ਚੌੜਾ ਕਰਵਾਉਣ ਦੇ ਕੰਮ ਦੀ ਸ਼ੁਰੂਆਤ ਕਰਨ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ 2500 ਫੁੱਟ ਲੰਬੀ ਇਸ ਸੜਕ ਨੂੰ ਅਤੇ ਮਾਲ ਗੁਦਾਮ ਵਾਲੀ 850 ਫੁੱਟ ਲੰਬੀ ਸੜਕ ਨੂੰ 10-10 ਫੁੱਟ ਹੋਰ ਚੌੜਾ ਕਰਨ 'ਤੇ 2 ਕਰੋੜ 41 ਲੱਖ ਰੁਪਏ ਖ਼ਰਚੇ ਜਾ ਰਹੇ ਹਨ ਜਦਕਿ ਇਸ ਜਗ੍ਹਾ ਦੀ ਲੀਜ਼ ਵਜੋਂ ਰੇਲਵੇ ਨੂੰ ਤਕਰੀਬਨ 76 ਲੱਖ ਰੁਪਏ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪਹਿਲੇ ਪੜਾਅ ਤਹਿਤ ਆਰੰਭ ਕੀਤਾ ਗਿਆ ਚਾਰਦੀਵਾਰੀ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ ਅਤੇ ਦੂਜੇ ਪੜਾਅ ਨੂੰ ਆਉਣ ਵਾਲੇ ਤਿੰਨ-ਚਾਰ ਮਹੀਨਿਆਂ ਦੇ ਅੰਦਰ-ਅੰਦਰ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ ਜਿਸ ਤੋਂ ਬਾਅਦ ਸ਼ਹਿਰ ਦੇ ਇਸ ਹਿੱਸੇ ਵਿੱਚ ਟ੍ਰੈਫ਼ਿਕ ਦੀ ਸਮੱਸਿਆ ਦਾ ਪੂਰਾ ਹੱਲ ਹੋ ਜਾਵੇਗਾ। ਅਮਨ ਅਰੋੜਾ ਨੇ ਕਿਹਾ ਕਿ ਇਸ ਇਲਾਕੇ ਵਿੱਚ ਪਾਣੀ ਭਰਨ ਦੇ ਮਸਲੇ ਨੂੰ ਸੁਲਝਾਉਣ ਦੀ ਤਜਵੀਜ਼ ਵੀ ਇਸ ਪ੍ਰੋਜੈਕਟ ਵਿੱਚ ਰੱਖੀ ਗਈ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਬਣਨ ਤੋਂ ਪਹਿਲਾਂ ਜਿਹੜੇ ਵਾਅਦੇ ਉਨ੍ਹਾਂ ਵੱਲੋਂ ਹਲਕਾ ਵਾਸੀਆਂ ਨਾਲ ਕੀਤੇ ਗਏ ਸਨ, ਹੁਣ ਉਨ੍ਹਾਂ ਸਾਰਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੇਲਵੇ ਲਾਈਨ ਦੇ ਦੋਵੇਂ ਪਾਸੇ ਸੜਕ ਦੇ ਨਾਲ ਵਸਦੇ ਪਰਿਵਾਰਾਂ ਦੀ ਦਹਾਕਿਆਂ ਤੋਂ ਲਟਕ ਰਹੀ ਸੜਕ ਨੂੰ ਚੌੜਾ ਕਰਨ ਦੀ ਮੰਗ ਨੂੰ ਪਿਛਲੀਆਂ ਸਰਕਾਰਾਂ ਨੇ ਅਣਗੌਲਿਆ ਹੋਇਆ ਸੀ ਜਿਸਨੂੰ ਹੁਣ ਉਨ੍ਹਾਂ ਵੱਲੋਂ ਖੁਦ ਆਪਣੀ ਦੇਖਰੇਖ ਹੇਠ ਪੂਰਾ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਚੀਮਾ ਕਸਬੇ ਵਿੱਚ ਵੀ ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਪੌਣੇ 12 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਪੇਂਡੂ ਹਸਪਤਾਲ ਦੀ 30 ਬਿਸਤਰਿਆਂ ਵਾਲੀ ਨਵੀਂ ਇਮਾਰਤ ਦਾ ਨੀਂਹ ਪੱਥਰ ਵੀ ਰੱਖਿਆ ਜਾ ਚੁੱਕਾ ਹੈ।



ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਚੀਮਾ ਮੰਡੀ ਵਿੱਚ ਹਾਲ ਹੀ ਵਿੱਚ ਉਨ੍ਹਾਂ ਵੱਲੋਂ ਨਵੇਂ ਆਮ ਆਦਮੀ ਕਲੀਨਿਕ ਦੀ ਸ਼ੁਰੂਆਤ ਵੀ ਕਰਵਾਈ ਗਈ ਹੈ ਜਿੱਥੇ ਹਜ਼ਾਰਾਂ ਲੋੜਵੰਦ ਮਰੀਜ਼ਾਂ ਦਾ ਮਿਆਰੀ ਇਲਾਜ ਮੁਫ਼ਤ ਕੀਤਾ ਜਾ ਰਿਹਾ ਹੈ।

ਇਸ ਅਹਿਮ ਉਪਰਾਲੇ ਲਈ ਮੰਤਰੀ ਅਮਨ ਅਰੋੜਾ ਨੂੰ ਵਾਰਡ ਨੰਬਰ 16, 17, 18, 19 ਅਤੇ 20 ਦੇ ਨਿਵਾਸੀਆਂ ਦੇ ਨਾਲ ਨਾਲ ਰਾਮ ਆਸ਼ਰਮ ਮੰਦਿਰ ਕਮੇਟੀ ਦੇ ਪ੍ਰਧਾਨ ਤਰੁਨ ਬਾਂਸਲ ਅਤੇ ਮੈਬਰਾਂ,

ਸੁਨਾਮ ਵਿਕਾਸ ਸੰਘਰਸ਼ ਸਮਿਤੀ ਤੋਂ ਮਹੇਸ਼ ਦਿਵਾਨ, ਸ਼ਸ਼ੀ ਅਤੇ ਪ ?ਮੋਦ ਜਦਕਿ ਬ੍ਰਹਮਾਕੁਮਾਰੀਜ਼ ਮੰਦਿਰ ਵਲੋਂ ਮੀਰਾਂ ਦੀਦੀ ਵੱਲੋਂ ਸਨਮਾਨ ਕੀਤਾ ਗਿਆ।

ਇਸ ਮੌਕੇ ਨਿਸ਼ਾਨ ਸਿੰਘ ਟੋਨੀ ਪ੍ਰਧਾਨ ਨਗਰ ਕੌਂਸਲ, ਮੁਕੇਸ਼ ਜੁਨੇਜਾ ਚੇਅਰਮੈਨ ਮਾਰਕੀਟ ਕਮੇਟੀ, ਜਤਿੰਦਰ ਜੈਨ, ਮਨਪ੍ਰੀਤ ਬਾਂਸਲ, ਆਸ਼ਾ ਬਜਾਜ, ਗੁਰਤੇਜ ਸਿੰਘ ਨਿੱਕਾ, ਸੁਨੀਲ ਕੁਮਾਰ ਆਸ਼ੂ ਐਮ ਸੀ, ਬਲਾਕ ਪ੍ਰਧਾਨ ਸੰਦੀਪ ਜਿੰਦਲ, ਬਲਾਕ ਪ੍ਰਧਾਨ ਸਾਹਿਬ ਸਿੰਘ, ਰਵੀ ਕਮਲ ਗੋਇਲ, ਭਾਨੂੰ ਪ੍ਰਤਾਪ, ਸੰਨੀ ਖੱਟਕ, ਵਿਕਰਮ ਗਰਗ ਵਿੱਕੀ, ਦੀਪਿਕਾ ਗੋਇਲ ਐਮਸੀ, ਸੋਨੀ ਖੜਿਆਲੀਆ, ਨਿਰਮਲਾ ਦੇਵੀ, ਹਰਮੀਤ ਵਿਰਕ, ਕੁਲਵੀਰ ਸੋਧੇ, ਜਰਨੈਲ ਬੱਬੂ ਵੀ ਹਾਜ਼ਰ ਸਨ।

# ਪਟਿਆਲਾ ਲੋਕ ਸਭਾ ਸੀਟ ਤੋਂ ਕਾਂਗਰਸ ਦੀ ਟਿਕਟ ਲਈ ਦਿੱਗਜਾਂ ਵੱਲੋਂ ਦਾਅਵੇ ਪੇਸ਼

**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਰਨੀਤ ਕੌਰ ਦੀ ਕਾਂਗਰਸ ਵੱਲੋਂ ਟਿਕਟ ਕੱਟੇ ਜਾਣ ਤੋਂ ਬਾਅਦ ਪਟਿਆਲਾ ਲੋਕ ਸਭਾ ਹਲਕੇ ਲਈ ਹੁਣ ਕਾਂਗਰਸ ਦੇ ਵੱਡੇ ਆਗੂਆਂ ਵੱਲੋਂ ਉਮੀਦਵਾਰ ਬਣਨ ਲਈ ਦਾਅਵੇ ਠੋਕਣੇ ਸ਼ੁਰੂ ਕਰ ਦਿੱਤੇ ਗਏ ਹਨ। ਇਨ੍ਹਾਂ ਵਿੱਚ ਸਾਬਕਾ ਮੰਤਰੀ ਲਾਲ ਸਿੰਘ ਵੀ ਸ਼ੁਮਾਰ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਜੋ ਆਗੂ ਨਵਾਂ ਮੋਤੀ ਬਾਗ਼ ਦੇ ਹਮੇਸ਼ਾ ਹੀ ਵਫ਼ਾਦਾਰ ਰਹੇ ਹਨ, ਉਹ ਵੀ ਹੁਣ ਪਟਿਆਲਾ ਲੋਕ ਸਭਾ ਦੀ ਕਾਂਗਰਸ ਹਾਈਕਮਾਂਡ ਤੋਂ ਟਿਕਟ ਮੰਗ ਰਹੇ ਹਨ।

ਸਿਆਸੀ ਸਫ਼ਾਂ ਵਿਚ ਇਹ ਚਰਚਾ ਹੈ ਕਿ ਕਾਂਗਰਸ ਵੱਲੋਂ ਮੁਅੱਤਲ ਕੀਤੀ ਹੋਈ ਪਟਿਆਲਾ ਦੀ ਕਾਂਗਰਸੀ ਲੋਕ ਸਭਾ ਮੈਂਬਰ ਪਰਨੀਤ ਕੌਰ ਹੁਣ ਭਾਜਪਾ ਵਿਚ ਸ਼ਾਮਲ ਹੋ ਜਾਵੇਗੀ ਤੇ ਉਨ੍ਹਾਂ ਦੇ ਪਟਿਆਲਾ ਤੋਂ ਲੋਕ ਸਭਾ ਲਈ ਭਾਜਪਾ ਦੇ ਉਮੀਦਵਾਰ ਹੋਣ ਦੇ ਵੀ ਚਰਚੇ ਹਨ। ਸਾਬਕਾ ਮੰਤਰੀ ਲਾਲ ਸਿੰਘ ਤੋਂ ਇਲਾਵਾ ਬਹੁਜਨ ਸਮਾਜ ਪਾਰਟੀ ਤੋਂ ਆਪਣਾ ਸਿਆਸੀ ਕਰੀਅਰ ਸ਼ੁਰੂ ਕਰਨ ਵਾਲੇ ਤੇ ਐੱਮਪੀ ਪਰਨੀਤ ਕੌਰ ਦੇ ਵਫ਼ਾਦਾਰ ਰਹੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਵੀ ਪਟਿਆਲਾ ਤੋਂ ਆਪਣਾ ਦਾਅਵਾ ਠੋਕਿਆ ਹੈ। ਉਨ੍ਹਾਂ ਕਿਹਾ ਕਿ ਉਹ 20 ਸਾਲ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਰਹੇ ਤੇ ਉਸ ਨੇ ਕਾਂਗਰਸ ਪਾਰਟੀ ਲਈ ਦਿਨ-ਰਾਤ ਇਕ ਕੀਤਾ। ਰਾਜਪੁਰਾ ਦੇ ?ਵਿਧਾਇਕ ਹੁੰਦਿਆਂ ਉਸ ਦੀ ਮਿਹਨਤ ਸਦਕਾ ਕੇਂਦਰ ਸਰਕਾਰ ਨੇ ਰਾਜਪੁਰਾ ਨੂੰ ਕਈ ਸਨਮਾਨ ਦਿੱਤੇ। ਕਦੇ ਮੋਤੀ ਮਹਿਲ ਦੇ ਵਫਾਦਾਰ ਰਹੇ ਤੇ ਅੱਜ ਕੱਲ੍ਹ ਮਹਿਲਾ ਕਾਂਗਰਸ ਦੇ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਵੀ ਲੋਕ ਸਭਾ ਦੀ ਟਿਕਟ ਲੈਣ ਲਈ ਆਪਣਾ ਦਾਅਵਾ ਪੇਸ਼ ਕੀਤਾ ਹੈ।



ਲਾਲ ਸਿੰਘ, ਹਰਦਿਆਲ ਸਿੰਘ ਕੰਬੋਜ, ਗੁਰਸ਼ਰਨ ਕੌਰ ਰੰਧਾਵਾ

ਉਨ੍ਹਾਂ ਕਿਹਾ ਹੈ ਕਿ ਉਸ ਦੇ ਸਹੁਰਾ ਤੇ ਪੇਕਾ ਪਰਿਵਾਰ ਨੇ ਸ਼ੁਰੂ ਤੋਂ ਕਾਂਗਰਸ ਵਿਚ ਹੀ ਆਪਣਾ ਜੀਵਨ ਗੁਜ਼ਾਰਿਆ ਤੇ ਉਸ ਨੂੰ ਆਸ ਹੈ ਕਿ ਉਸ ਨੂੰ ਕਾਂਗਰਸ ਹਾਈਕਮਾਂਡ ਜ਼ਰੂਰ ਵਿਚਾਰੇਗੀ। ਇਸ ਤੋਂ ਇਲਾਵਾ ਕਾਂਗਰਸ ਦੇ ਸਾਬਕਾ ਮੰਤਰੀ ਵਿਜੈਇੰਦਰ ਸਿੰਗਲਾ ਦਾ ਨਾਂ ਵੀ ਚਰਚਾ ਵਿਚ ਹੈ।

ਵਿਜੈਇੰਦਰ ਦੇ ਪਿਤਾ ਸੰਤ ਰਾਮ ਸਿੰਗਲਾ ਕਾਂਗਰਸੀ ਸੰਸਦ ਮੈਂਬਰ ਰਹੇ ਤੇ ਉਨ੍ਹਾਂ ਕਾਂਗਰਸ ਦੇ ਕਈ ਉਚ ਅਹੁਦਿਆਂ 'ਤੇ ਕੰਮ ਕੀਤਾ। ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਦਾ ਨਾਂ ਵੀ ਲੋਕ ਸਭਾ ਉਮੀਦਵਾਰ ਵਜੋਂ ਚੱਲ ਰਿਹਾ ਹੈ ਪਰ ਉਨ੍ਹਾਂ ਕਿਹਾ ਕਿ ਉਹ ਇਸ ਦੌੜ ਵਿਚ ਸ਼ਾਮਲ ਨਹੀਂ ਹਨ। ਇਕ ਵਾਰ ਚਰਚਾ ਨਵਜੋਤ ਸਿੱਧੂ ਦੀ ਵੀ ਚੱਲੀ ਸੀ ਪਰ ਉਨ੍ਹਾਂ ਨੇ ਅੰਮ੍ਰਿਤਸਰ ਤੋਂ ਬਾਹਰ ਕਿਤੋਂ ਹੋਰ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਹੈ।

# ਦੋ ਮੁਲਜ਼ਮ ਤੀਹ ਹਜ਼ਾਰ ਲਿਟਰ ਸਪਿਰਟ ਸਮੇਤ ਕਾਬੂ

**ਦੇਵੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਚੌਕੀ ਰੌਹੜ ਜਾਗੀਰ ਦੀ ਪੁਲੀਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਤੀਹ ਹਜ਼ਾਰ ਸਪਿੱਰਟ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਜਸਵੀਰ ਸਿੰਘ ਵਾਸੀ ਪਿੰਡ ਡਾਹਰ ਜ਼ਿਲ੍ਹਾ ਪਾਣੀਪਤ ਅਤੇ ਦੀਪਕ ਕੁਮਾਰ ਵਾਸੀ ਬਿਦਰ ਜ਼ਿਲਾ ਸੋਨੀਪਤ ਹਰਿਆਣਾ ਆਪਣੇ ਹੋਰ ਸਾਥੀਆਂ ਨਾਲ ਮਿਲ ਕੇ ਪੰਜਾਬ ਵਿੱਚ ਸਪਿਰਟ/ਅਲਕੋਹਲ ਭਾਰੀ ਮਾਤਰਾ ਵਿੱਚ ਟਰੱਕਾਂ 'ਤੇ ਸਪਲਾਈ ਲੈ ਕੇ ਅੱਗੇ ਵੇਚਦੇ ਹਨ ਜੋ ਅੱਜ ਵੀ ਟਰੱਕ ਅਤੇ ਪਿੰਡ ਬਿੰਜਲ ਵਿਖੇ ਮਹਿੰਦਰਾ ਪਿੱਕਅਪ ਡਾਲਾ ਵਿੱਚ ਸਿਪਰਿਟ/ਅਲਕੋਹਲ ਲੈਣ ਦੀ ਉਡੀਕ ਵਿੱਚ ਖੜ੍ਹੇ ਹਨ। ਜੇਕਰ ਇਨ੍ਹਾਂ 'ਤੇ ਰੇਡ ਕੀਤੀ ਜਾਵੇ ਤਾਂ ਉਕਤ ਟਰੱਕਾਂ ਵਿੱਚੋਂ ਭਾਰੀ ਮਾਤਰਾ ਵਿੱਚ ਸਪਿਰਿੱਟ/ਅਲਕੋਹਲ ਸਮੇਤ ਇਹ ਵਿਅਕਤੀ ਕਾਬੂ ਆ ਸਕਦੇ ਹਨ। ਇਸ 'ਤੇ ਸਹਾਇਕ ਥਾਦੇਦਾਰ ਨਿਸ਼ਾਨ ਸਿੰਘ ਨੇ ਜਸਵੀਰ ਸਿੰਘ ਵਾਸੀ ਪਿੰਡ ਡਾਹਰ ਜ਼ਿਲ੍ਹਾ ਪਾਣੀਪਤ ਅਤੇ ਦੀਪਕ ਕੁਮਾਰ ਵਾਸੀ ਬਿਦਰ ਜ਼ਿਲ੍ਹਾ ਸੋਨੀਪਤ ਹਰਿਆਣਾ ਅਤੇ ਨਾਮਾਲੂਮ ਸਾਥੀਆਂ 'ਤੇ ਛਾਪਾ ਮਾਰਕੇ ਇਸ ਸਪਰਿੱਟ ਨੂੰ ਪਾਈਪਾਂ ਰਾਹੀਂ ਇੱਕ ਟਰੱਕ ਵਿਚੋਂ ਦੂਜੀ ਮਹਿੰਦਰਾ ਪਿੱਕਅਪ ਨੂੰ ਬੈਕ ਲਗਾ ਕੇ ਪਲਾਸਟਿਕ ਦੇ ਡਰੰਮਾਂ ਵਿੱਚ ਪਾਉਂਦਿਆਂ ਨੂੰ ਕਾਬੂ ਕਰ ਲਿਆ ਹੈ। ਇਸ ਸਬੰਧੀ ਜੁਲਕਾਂ ਦੀ ਪੁਲੀਸ ਨੇ ਉਕਤ ਦੋ ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

# ਮੁਲਾਜ਼ਮਾਂ ਵੱਲੋਂ ਮੰਤਰੀ ਡਾ. ਬਲਵੀਰ ਸਿੰਘ ਦੀ ਰਿਹਾਇਸ਼ ਨੇੜੇ ਰੈਲੀ

**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੰਗਾਂ ਦੀ ਪੂਰਤੀ ਲਈ ਦੋ ਸਾਲਾਂ ਤੋਂ ਪੰਜਾਬ ਸਰਕਾਰ ਨਾਲ ਰਾਬਤਾ ਸਾਧਦੇ ਆ ਰਹੇ ਸਿਹਤ ਵਿਭਾਗ ਨਾਲ ਸਬੰਧਤ ਮੁਲਾਜ਼ਮਾਂ ਨੇ ਅੱਜ ਇੱਥੇ ਸਥਿਤ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਰਿਹਾਇਸ਼ ਨੇੜੇ ਅੱਜ ਰੋਸ ਰੈਲੀ ਕੀਤੀ। 'ਨਸ਼ਾ ਛੁਡਾਓ ਮੁਲਾਜ਼ਮ ਯੂਨੀਅਨ ਪੰਜਾਬ' ਦੇ ਸੂਬਾ ਪ੍ਰਧਾਨ ਪਰਮਿੰਦਰ ਸਿੰਘ ਦੀ ਅਗਵਾਈ ਹੇਠਾਂ ਝੰਡਿਆਂ ਨਾਲ ਲੈਸ ਹੋ ਕੇ ਨਾਅਰੇ ਮਾਰਦਾ ਹੋਇਆ ਇੱਥੇ ਪਾਸੀ ਰੋਡ 'ਤੇ ਪੁੱਜੇ ਮੁਲਾਜ਼ਮਾਂ ਦਾ ਇਹ ਕਾਫਲਾ ਜਦੋਂ ਮੰਤਰੀ ਦੀ ਕੋਠੀ ਵੱਲ ਵਧ ਰਿਹਾ ਸੀ ਤਾਂ ਪੁਲੀਸ ਨੇ ਪਹਿਲਾਂ ਤੋਂ ਹੀ ਕੀਤੀ ਗਈ ਨਾਕੇਬੰਦੀ ਕਰ ਕੇ ਰੋਕ ਲਿਆ ਪਰ ਮੁਲਾਜ਼ਮ ਕੋਠੀ ਤੱਕ ਅੱਪੜਨ ਲਈ ਬਜ਼ਿੱਦ ਰਹੇ। ਇਸ ਦੇ ਚੱਲਦਿਆਂ ਤੁਰੰਤ ਹੀ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਉਨ੍ਹਾਂ ਦੀ ਮੰਤਰੀ ਨਾਲ 19 ਮਾਰਚ ਲਈ ਮੀਟਿੰਗ ਮੁਕੱਰਰ ਕਰਵਾਈ ਪਰ ਫੇਰ ਮੁਲਾਜ਼ਮ ਇਸ ਮੀਟਿੰਗ ਦਾ ਲਿਖਤੀ ਸੱਦੇ ਲੈਣ 'ਤੇ ਅੜ ਗਏ। ਪ੍ਰਸ਼ਾਸਨ ਤੋਂ ਮੀਟਿੰਗ ਦਾ ਲਿਖਤੀ ਭਰੋਸਾ ਲੈਣ ਮਗਰੋਂ ਹੀ ਮੁਲਾਜ਼ਮਾਂ ਨੇ ਆਪਣੇ ਇਹ ਪ੍ਰਦਰਸ਼ਨ ਸਮਾਪਤ ਕੀਤਾ। ਮੁਲਾਜ਼ਮਾਂ ਦੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾਈ ਪ੍ਰਧਾਨ ਪਰਮਿੰਦਰ ਸਿੰਘ ਦਾ ਕਹਿਣਾ ਸੀ ਕਿ 2 ਸਾਲਾਂ ਦੌਰਾਨ ਸਰਕਾਰ ਨਾਲ ਯੂਨੀਅਨ ਦੀਆਂ 25 ਮੀਟਿੰਗਾਂ ਹੋ ਚੁੱਕੀਆਂ ਹਨ। ਇਸ ਦੇ ਬਾਵਜੂਦ ਉਨ੍ਹਾਂ ਦੀ ਇੱਕ ਨੁਕਾਤੀ ਮੰਗ ਦੀ ਵੀ ਪੂਰਤੀ ਨਹੀਂ ਹੋ ਸਕੀ। ਉਨ੍ਹਾਂ ਦਾ ਤਰਕ ਸੀ ਕਿ 2014 ਵਿੱਚ ਉਨ੍ਹਾਂ ਦੀ ਭਰਤੀ ਰੈਗੂਲਰ ਮੁਲਾਜ਼ਮਾਂ ਵਾਂਗ ਹੀ ਸਾਰੀਆਂ ਸ਼ਰਤਾਂ ਅਤੇ ਨਿਯਮਾਂ ਨੂੰ ਪੂਰਾ ਕਰਦਿਆਂ ਹੋਈ ਸੀ ਪਰ ਇਸ ਦੇ ਬਾਵਜੂਦ ਉਨ੍ਹਾਂ ਤੋਂ ਉਦੋਂ ਤੋਂ ਹੀ ਨਿਗੂਣੀਆਂ ਤਨਖਾਹਾਂ 'ਤੇ ਹੀ ਕੰਮ ਲਿਆ ਜਾ ਰਿਹਾ ਹੈ। ਇਸ ਨੂੰ ਉਨ੍ਹਾਂ ਦਾ ਸ਼ੋਸਣ ਕਰਨ ਦੇ ਤੁਲ ਕਰਾਰ ਦਿੰਦਿਆਂ ਮੁਲਾਜ਼ਮ ਆਗੂਆਂ ਦਾ ਕਹਿਣਾ ਸੀ ਕਿ ਹਰੇਕ ਮੀਟਿੰਗ 'ਚ ਹੀ ਉਨ੍ਹਾਂ ਨੂੰ ਇਸ ਮੰਗ ਦੀ ਪੂਰਤੀ ਦਾ ਭਰੋਸਾ ਦਿੱਤਾ ਜਾਂਦਾ ਹੈ ਪਰ ਫੇਰ ਵੀ ਕੋਈ ਹੱਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜੇਕਰ ਐਤਕੀ ਦੀ ਮੀਟਿੰਗ ਵਿੱਚ ਵੀ ਮਸਲੇ ਦਾ ਹੱਲ ਨਾ ਹੋਇਆ, ਤਾਂ ਉਨ੍ਹਾਂ ਨੂੰ ਮਜਬੂਰਨ ਹੋਰ ਵੀ ਤਿੱਖਾ ਐਕਸ਼ਨ ਕਰਨ ਲਈ ਮਜਬੂਰ ਹੋਣਾ ਪੈਣਾ ਹੈ।




ਪਟਿਆਲਾ ਵਿੱਚ ਸਿਹਤ ਮੰਤਰੀ ਦੀ ਰਿਹਾਇਸ਼ ਨੇੜੇ ਧਰਨਾ ਦਿੰਦੇ ਹੋਏ ਮੁਲਾਜ਼ਮ।

ਇਸ ਮੌਕੇ ਕਰਮਵੀਰ ਸਿੰਘ ਮੀਤ ਪ੍ਰਧਾਨ, ਪ੍ਰਸ਼ਾਂਤ ਆਦਿਆ ਜਨਰਲ ਸਕੱਤਰ ਅਤੇ ਨਵਦੀਪ ਸਿੰਘ ਵਿਰਕ ਐਡਵਾਈਜ਼ਰ ਸਮੇਤ ਕਈ ਹੋਰ ਅਹੁਦੇਦਾਰਾਂ ਨੇ ਵੀ ਸੰਬੋਧਨ ਕੀਤਾ।

# ਸ਼੍ਰੀ ਸਨਾਤਨ ਧਰਮ ਸਭਾ (ਰਜਿ.) ਪਟਿਆਲਾ ਵੱਲੋਂ 17 ਅਪ੍ਰੈਲ ਨੂੰ ਸ਼੍ਰੀ ਰਾਮ ਨੌਮੀ ਸ਼ੋਭਾ ਯਾਤਰਾ ਕੱਢੀ ਜਾਵੇਗੀ



**ਪਟਿਆਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਸਨਾਤਨ ਧਰਮ ਸਭਾ (ਰਜਿ.) ਪਟਿਆਲਾ ਦੀ ਸਰਪ੍ਰਸਤੀ ਹੇਠ ਸ਼੍ਰੀ ਰਾਮ ਨੌਮੀ ਸ਼ੋਭਾ ਯਾਤਰਾ ਕਮੇਟੀ ਦੀ ਮੀਟਿੰਗ ਪ੍ਰਧਾਨ ਲਾਲ ਚੰਦ ਜਿੰਦਲ, ਸੀਨੀਅਰ ਮੀਤ ਪ੍ਰਧਾਨ ਵਿਜੇ ਮੋਹਨ ਗੁਪਤਾ ਅਤੇ ਜਨਰਲ ਸਕੱਤਰ ਅਨਿਲ ਗੁਪਤਾ ਦੀ ਯੋਗ ਅਗਵਾਈ ਹੇਠ ਐਸ.ਡੀ.ਐਸ.ਈ. ਸਕੂਲ ਪਟਿਆਲਾ ਵਿਖੇ ਹੋਈ। ਇਸ ਮੀਟਿੰਗ ਵਿੱਚ ਮਿਤੀ 17—04—2024 ਨੂੰ ਸ਼ਹਿਰ ਵਿੱਚ ਵਿਸ਼ਾਲ ਸ਼੍ਰੀ ਰਾਮ ਨੌਮੀ ਸ਼ੋਭਾ ਯਾਤਰਾ ਦਾ ਆਯੋਜਨ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਸ਼ਹਿਰ ਦੀਆਂ ਸਮੂਹ ਧਾਰਮਿਕ, ਸਮਾਜਿਕ ਜਥੇਬੰਦੀਆਂ, ਮੰਦਿਰ ਕਮੇਟੀਆਂ, ਸੰਕੀਰਤਨ ਮੰਡਲੀਆਂ ਅਤੇ ਮਾਰਕੀਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਸਭਾ ਦੇ ਜਨਰਲ ਸਕੱਤਰ ਅਨਿਲ ਗੁਪਤਾ ਨੇ ਸਾਰਿਆਂ ਦੇ ਵਿਚਾਰ ਸੁਣਨ ਤੋਂ ਬਾਅਦ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੀ ਸਨਾਤਨ ਧਰਮ ਸਭਾ ਸ਼੍ਰੀ ਰਾਮ ਨੌਮੀ ਸ਼ੋਭਾ ਯਾਤਰਾ ਦੇ ਇਸ ਪਵਿੱਤਰ ਤਿਉਹਾਰ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਉਣ ਦੀ ਬੇਨਤੀ ਕਰਦੀ ਹੈ ਅਤੇ ਸਾਰਿਆਂ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।

ਸ਼੍ਰੀ ਰਾਮ ਨੌਮੀ ਸ਼ੋਭਾ ਯਾਤਰਾ ਦੇ ਕੋਆਰਡੀਨੇਟਰ ਵਰੁਣ ਜਿੰਦਲ ਨੇ ਸਾਰਿਆਂ ਨੂੰ ਦੱਸਿਆ ਕਿ ਸ਼੍ਰੀ ਰਾਮ ਨੌਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਜਾਵੇਗਾ ਅਤੇ ਸਮੂਹ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਸਾਲ ਵੀ ਸ਼੍ਰੀ ਰਾਮ ਨੌਮੀ ਸ਼ੋਭਾ ਯਾਤਰਾ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਕੱਢੀ ਜਾਵੇਗੀ। ਇਸ ਮੌਕੇ ਪਹੁੰਚੇ ਸਮੂਹ ਧਾਰਮਿਕ, ਸਮਾਜਿਕ ਸੰਸਥਾਵਾਂ, ਮੰਦਰ ਕਮੇਟੀਆਂ, ਸੰਕੀਰਤਨ ਜੱਥੇਬੰਦੀਆਂ ਅਤੇ ਮਾਰਕੀਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੇ ਸ਼ੋਭਾ ਯਾਤਰਾ ਨੂੰ ਸ਼ਾਨਦਾਰ ਰੂਪ ਦੇਣ ਲਈ ਆਪਣੇ ਸੁਝਾਅ ਦਿੱਤੇ ਅਤੇ ਉਨ੍ਹਾਂ ਇਸ ਵਾਰ ਪੂਰੇ ਉਤਸ਼ਾਹ ਨਾਲ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਇਸ ਮੌਕੇ ਵਾਈਸ ਪ੍ਰਧਾਨ ਡਾ: ਰਜਿੰਦਰ ਕੁਮਾਰ, ਦਕਸ਼ ਕੁਮਾਰ ਖੰਨਾ, ਤ੍ਰਿਭੁਵਨ ਗੁਪਤਾ, ਧਾਰੀਜ ਅਗਰਵਾਲ, ਡਾ: ਐਨ.ਦੇ.ਸ਼ਰਮਾ, ਰਾਜ ਕੁਮਾਰ ਜੋਸ਼ੀ, ਡਾ: ਆਰ. ਆਰ. ਗੁੱਪਤਾ, ਸਜੀਵ ਕੁਮਾਰ ਗੁਪਤਾ, ਸੰਜੇ ਜਿੰਦਲ, ਵਿਸ਼ਨੂੰ ਦੱਤ ਮਹਾਰਾਜ, ਐਸ.ਡੀ.ਐਸ.ਈ.ਸਕੂਲ ਦੇ ਪ੍ਰਿੰਸੀਪਲ ਰਿੰਪੁਦਮਨ ਸਿੰਘ, ਸਕੂਲ ਦੇ ਅਧਿਆਪਕਾ ਸਹਿਤ, ਸੁਰਭਵਨ ਪੰਡਿਤ, ਰਾਜਿੰਦਰ ਸਿੰਘ, ਪਵਨ ਗੋਇਲ, ਸੁਸ਼ੀਲ ਨਾਇਰ, ਹਰਮੇਸ਼ ਸਿੰਗਲਾ, ਕੁਲਦੀਪ ਕੰਦੋਲੀ, ਵਿਨੋਦ ਕੁਮਾਰ, ਰਮੇਸ਼ ਵਰਮਾ, ਸੰਦੀਪ ਸ਼ਰਮਾ, ਨੀਰਜ ਚਾਂਦਲਾ, ਆਸ਼ੂ ਸੇਠ, ਗਣੇਸ਼ ਸ਼ਰਮਾ, ਨਵਦੀਪ। ਗੁਪਤਾ, ਵੰਸ਼ ਸਚਦੇਵਾ, ਵਿਕਾਸ ਕਪੂਰ, ਚਿੰਟੂ ਕੱਕੜ, ਰਾਜੇਸ਼ ਸਿੰਘ, ਗੌਰਵ ਬਾਂਸਲ, ਜਤਿਨ, ਰੋਹਿਤ ਜਲੋਟੇ, ਮੁਕੇਸ਼ ਕੁਮਾਰ, ਵਿਕਰਮ ਭੱਲਾ, ਅਸ਼ੀਸ਼ ਕੌਸ਼ਲ, ਪਿਯੂਸ਼, ਚਰਨਜੀਤ, ਅਸ਼ੀਸ਼ ਗੁਪਤਾ, ਵਿਪਨ ਭੱਲਾ, ਪੁਨੀਤ ਗਰਗ ਆਦਿ ਹਾਜ਼ਰ ਸਨ।

# ਰਿਆਜ਼ ਮਿਊਜ਼ੀਕਲ ਫੋਰਮ, ਪਟਿਆਲਾ ਵਲੋਂ ਸ਼ਿਵਰਾਤਰੀ ਦਾ ਤਿਉਹਾਰ ਅਤੇ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ

**ਪਟਿਆਲਾ, 14 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਆਜ਼ ਮਿਊਜ਼ੀਕਲ ਫੋਰਮ, ਪਟਿਆਲਾ ਵਲੋਂ ਸ਼ਿਵਰਾਤਰੀ ਦਾ ਤਿਉਹਾਰ ਅਤੇ ਅੰਤਰਰਾਸ਼ਟਰੀ ਮਹਿਲਾ ਦਿਵਸ ਸੰਗੀਤਮਈ ਢੰਗ ਨਾਲ ਭਜਨ ਗਾ ਕੇ ਅਤੇ ਔਰਤਾਂ ਨੂੰ ਸਨਮਾਨਤ ਕਰਕੇ ਭਾਸ਼ਾ ਭਵਨ, ਪਟਿਆਲਾ ਵਿਖੇ ਮਨਾਇਆ ਗਿਆ । ਕਲੱਬ ਦੇ ਪ੍ਰਧਾਨ ਸ੍ਰੀ ਸੁਸ਼ੀਲ ਕੁਮਾਰ ਅਤੇ ਪ੍ਰੈਸ ਸਕੱਤਰ ਜਗਪ੍ਰੀਤ ਸਿੰਘ ਮਹਾਜਨ ਨੇ ਦੱਸਿਆ ਕਿ ਦੂਰੋਂ ਨੇੜੇਉਂ ਆਏ ਲਗਭਗ 40 ਸਿੰਗਰਾਂ ਨੇ ਭਜਨ ਅਤੇ ਹੋਰ ਗੀਤ ਗਾਏ । ਕਲੱਬ ਦੇ ਪ੍ਰਧਾਨ ਸ੍ਰੀ ਸੁਸ਼ੀਲ ਕੁਮਾਰ ਅਤੇ ਮੈਂਬਰ ਪ੍ਰਮੋਦ ਕੋਹਲੀ, ਐਨ.ਕੇ.ਸ਼ਾਹੀ, ਦਵਿੰਦਰ ਸਿੰਘ ਸੇਠੀ, ਵਿਜੈ ਖੁਰਾਨਾ, ਸੁਰਿੰਦਰ ਸ਼ਰਮਾਂ, ਸ੍ਰੀ ਏ.ਕੇ.ਸੂਦ ਆਦਿ ਵਲੋਂ ਅੰਤਰਰਾਸ਼ਟੀ ਮਹਿਲਾ ਦਿਵਸ ਮੌਕੇ ਸ੍ਰੀਮਤੀ ਪ੍ਰਮਜੀਤ ਕੌਰ (ਐਨ.ਆਈ.ਐਸ), ਮੇਡਮ ਅਰਵਿੰਦਰ ਕੌਰ, ਸ੍ਰੀਮਤੀ ਅਨੂਦੀਪ ਬ੍ਰਾੜ, ਸ੍ਰੀਮਤੀ ਅਮ੍ਰਿੰਤਾ ਸਿੰਘ, ਸ੍ਰੀਮਤੀ ਮਨਜੀਤ ਕੌਰ, ਸ੍ਰੀਮਤੀ ਰੰਜਨਾ, ਸ੍ਰੀਮਤੀ ਬਿੰਦੂ ਅਰੋੜਾ, ਸ੍ਰੀਮਤੀ ਸੋਨੀਆ, ਸ੍ਰੀਮਤੀ ਪ੍ਰੇਮ ਗੁਪਤਾ, ਸ੍ਰੀਮਤੀ ਏ.ਕੇ.ਸੂਦ, ਸ੍ਰੀਮਤੀ ਪਰਵਿੰਦਰ ਕੌਰ ਖੁਰੱਲ, ਸ੍ਰੀਮਤੀ ਬਬਲ ਅਰੋੜਾ ਅਤੇ ਸ੍ਰੀਮਤੀ ਸੁਮਨ ਨੂੰ ਸਨਮਾਨਿਤ ਕੀਤਾ ਗਿਆ । ਸ੍ਰੀ ਸੁਸ਼ੀਲ ਕੁਮਾਰ ਅਤੇ ਜਗਪ੍ਰੀਤ ਸਿੰਘ ਮਹਾਜਨ ਵਲੋਂ ਚਲਦੇ ਪ੍ਰੋਗਰਾਮ ਵਿੱਚ ਗੀਤਾਂ ਤੇ ਅਧਾਰਿਤ ਕੁਈਜ਼ ਪ੍ਰੋਗਰਾਮ ਬੜੀ ਖੂਬਸੂਰਤੀ ਨਾਲ ਕਰਵਾਇਆ ਗਿਆ, ਜਿਸ ਦੇ ਜੇਤੂਆਂ ਨੂੰ ਪੁਰਸਕਾਰਾਂ ਨਾਲ ਸਨਮਾਨਿਤ ਵੀ ਕੀਤਾ ਗਿਆ । ਉਚੇਚੇ ਤੌਰ ਤੇ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਪਹੁੰਚੇ ਸ੍ਰੀ ਅਖਿਲੇਸ਼ ਬਾਤਿਸ਼, ਲੇਖਕ ਸ੍ਰੀ ਜੰਗਾ ਰੰਗੂਵਾਲਾ, ਸ੍ਰੀ ਅਸ਼ੋਕ ਅਰੋੜਾ, ਰੌਆਇਲ ਪਟਿਆਲਾ ਕਲਚਰ ਐਂਡ ਵੈਲਫੇਅਰ ਸੋਸਾਇਟੀ ਦੇ ਚੀਫ ਪੇਟਰਨ ਕਰਨਲ ਸੁਰਿੰਦਰ ਸਿੰਘ, ਬਰਿੰਦਰ ਸਿੰਘ ਖੁਰੱਲ, ਡਾ. ਬ੍ਰਿਜੇਸ਼ ਮੋਦੀ, ਭਗਵਾਨ ਦਾਸ ਗੁਪਤਾ (ਸੋਸ਼ਲ ਵਰਕਰ) ਅਤੇ ਸ੍ਰੀਮਤੀ ਅਮਿ ?ਤਾ ਸਿੰਘ । ਸਟੇਜ਼ ਸੈਕਟ੍ਰੀ ਦੀ ਭੂਮਿਕਾ ਸ੍ਰੀਮਤੀ ਪਰਮਜੀਤ ਕੌਰ (ਐਨ.ਆਈ.ਐਸ) ਵਲੋਂ ਬਾਖੂਬੀ ਨਿਭਾਈ ਗਈ । ਸ੍ਰੀ ਸੁਸ਼ੀਲ ਕੁਮਾਰ ਦੀ ਸਾਊਂਡ ਸਿਸਟਮ ਦੀ ਭਰਪੂਰ ਸਲਾਗਾ ਕੀਤੀ ਗਈ ।



# ਰਿਸ਼ਤਿਆਂ ਤੋਂ ਉਚਾਟ ਹੋਇਆ ਮਨ

ਹਰਪ੍ਰੀਤ ਕੌਰ



ਗੱਲ ਉਨ੍ਹਾਂ ਸਮਿਆਂ ਦੀ ਹੈ ਜਦੋਂ ਕਹਾਣੀਕਾਰ ਆਪਣੇ ਪਰਿਵਾਰ ਨਾਲ ਪਿੰਡ ਰਹਿੰਦਾਂ ਸੀ। ਉਸ ਦੀ ਉਮਰ 10-ਸਾਲ ਸੀ। ਜਿਉਂ-ਜਿਉਂ ਕਹਾਣੀਕਾਰ ਜਵਾਨ ਹੁੰਦਾ ਗਿਆ ਲੋਕਾਂ ਨਾਲ ਉਸ ਦੀ ਸਾਂਝ ਵਧਦੀ ਗਈ ਸਮਾਂ ਕਿਵੇਂ ਲੰਘ ਰਿਹਾ ਸੀ ਕੁਝ ਵੀ ਪਤਾ ਨਹੀ ਸੀ ਚੱਲ ਰਿਹਾ। ਸਮਾਂ ਲੰਘਣ ਦੇ ਨਾਲ-ਨਾਲ ਕਹਾਣੀਕਾਰ ਜਵਾਨ ਹੁੰਦਾਂ ਗਿਆ ਅਤੇ ਉਸ ਨੂੰ ਪੜ੍ਹ ਲਿਖਕੇ ਇਕ ਸਰਕਾਰੀ ਮਹਿਕਮੇ ਵਿਚ ਨੌਕਰੀ ਮਿਲ ਗਈ। ਉਹ ਨੌਕਰੀ ਕਰਨ ਲਈ ਪਿੰਡ ਤੋਂ ਦੂਰ ਚਲਾ ਗਿਆ ਪਰ ਉਸ ਦਾ ਪਰਿਵਾਰ, ਭੈਣ/ਭਰਾਂ ਉਸ ਪਿੰਡ ਵਿਚ ਹੀ ਰਹਿੰਦੇ ਸਨ। ਕਹਾਣੀਕਾਰ ਦੇ ਮਨ ਵਿਚ ਲੋਕਾਂ ਨਾਲ ਮਿਲਵਰਤਨ ਦੀ ਤੀਬਰ ਇੱਛਾਂ ਸੀ। ਜਦੋਂ ਵੀ ਉਹ ਆਪਣੇ ਪਿੰਡ ਆਉਂਦਾ ਤਾਂ ਉਹ ਲੋਕਾਂ ਅਤੇ ਆਪਣੇ ਸਾਕ-ਸਬੰਧੀਆਂ ਅਤੇ ਗਲ਼ੀ ਮੁਹੱਲੇ ਵਾਲਿਆਂ ਨਾਲ ਖ਼ੂਬ ਮਿਲਵਰਤਨ ਰੱਖਦਾ ਪਰ ਕੁਝ ਲੋਕ ਉਸ ਨੂੰ ਘੱਟ ਪਸੰਦ ਕਰਦੇ ਸਨ ਅਤੇ ਉਹ ਹਰ ਸਮੇਂ ਉਸ ਨੂੰ ਨੀਵਾਂ ਦਿਖਾਉਣਾ ਚਾਹੁੰਦੇ ਸਨ ਪਰ ਕਹਾਣੀਕਾਰ ਦੇ ਪਿਆਰ ਵਿਚ ਕੋਈ ਫ਼ਰਕ ਨਾ ਪੈਂਦਾਂ। ਜਿੱਥੇ ਕਹਾਣੀਕਾਰ ਰਹਿੰਦਾ ਸੀ ਉਸ ਦੇ ਮਕਾਨ ਦੀ ਕੰਧ ਦੂਜੇ ਗੁਆਂਢੀ ਨਾਲ ਸਾਂਝੀ ਸੀ ਜਦੋਂ ਕਹਾਣੀਕਾਰ ਬਦਲੀ ਕਰਵਾ ਕੇ ਆਪਣੇ ਪਿੰਡ ਰਹਿਣ ਆ ਗਿਆ ਤਾਂ ਉਸ ਨੇ ਆਪਣੀ ਸਾਂਝ ਦਾ ਸਿਲਸਿਲਾ ਕਾਇਮ ਰੱਖਿਆ।

ਕੁਝ ਸਾਲ ਬੀਤੇ ਕਹਾਣੀਕਾਰ ਦਾ ਵਿਆਹ ਹੋ ਗਿਆ। ਕਹਾਣੀਕਾਰ ਦਾ ਆਪਣਾ ਵੀ ਪਰਿਵਾਰ ਹੋ ਗਿਆ ਅਤੇ ਉਸ ਨੇ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਪਿੰਡ ਤੋਂ ਸ਼ਹਿਰ ਪਾ ਦਿੱਤਾ। ਪਿੰਡ ਤੋ ਸ਼ਹਿਰ ਦੂਰ ਹੋਣ ਕਰਕੇ ਆਉਣ-ਜਾਣ ਲਈ ਕਾਫ਼ੀ ਮੁਸੀਬਤਾ ਦਾ ਸਾਹਮਣਾ ਕਰਨਾ ਪੈਂਦਾ ਸੀ। ਜਿਸ ਕਰਕੇ ਕਹਾਣੀਕਾਰ ਨੇ ਸ਼ਹਿਰ ਰਹਿਣ ਦਾ ਮਨ ਬਣਾ ਲਿਆ। ਉਹ ਆਪਣੇ ਪਿੰਡ ਵਾਲੇ ਘਰ ਨੂੰ ਵੇਚਣਾ ਚਾਹੁੰਦਾ ਸੀ ਪਰ ਉਸ ਦਾ ਗੁਆਂਢੀ ਜਿਸ ਦੀ ਕੰਧ ਉਸ ਦੇ ਘਰ ਨਾਲ ਸਾਂਝੀ ਸੀ। ਉਸ ਨੇ ਮਕਾਨ ਵੇਚਣ ਵਿਚ ਅੜਿਕਾ ਖੜ੍ਹਾ ਕਰ ਦਿੱਤਾ। ਜਿਸ ਦੇ ਚਲਦਿਆ ਕਹਾਣੀਕਾਰ ਨੂੰ ਬੜੀਆ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਗੱਲ ਥਾਣੇ ਕਚਹਿਰੀਆਂ ਤੱਕ ਪੁੱਜ ਗਈ ਪਰ ਹਾਲੇ ਵੀ ਕਹਾਣੀਕਾਰ ਦੇ ਮਨ ਵਿਚ ਦੁਸ਼ਮਣੀ ਦੀ ਭਾਵਨਾ ਨਹੀ ਸੀ ਪਰ ਗੁਵਾਂਢੀ ਨੇ ਅੱਤ ਕਰ ਦਿੱਤੀ ਜਦ ਗੱਲ ਮੁਕਦਮੇ ਤਕ ਪੁੱਜ ਗਈ। ਹੁਣ ਕਹਾਣੀਕਾਰ ਦੇ ਸਿਰ ਤੋਂ ਪਾਣੀ ਨਿਕਲ ਚੁੱਕਾ ਸੀ। ਉਸ ਨੇ ਮਕਾਨ ਵੇਚਣ ਦਾ ਪੱਕਾ ਇਰਾਦਾ ਕਰ ਲਿਆਂ। ਉਸ ਦਾ ਵਿਸ਼ਵਾਸ ਰਿਸ਼ਤਿਆਂ ਤੋਂ ਉਠ ਗਿਆ। ਮੁਕਦਮਾ ਕਹਾਣੀਕਾਰ ਦੇ ਹੱਕ ਵਿਚ ਹੋ ਗਿਆ ਅਤੇ ਉਹ ਆਪਣਾ ਮਕਾਨ ਵੇਚ ਕੇ ਸ਼ਹਿਰ ਆ ਗਿਆ। ਉਸ ਦੀ ਪਿੰਡ ਨਾਲੋਂ ਸਾਂਝ ਟੁੱਟ ਗਈ।

ਨਵੀ ਜਗ੍ਹਾਂ ਤੇ ਆ ਕੇ ਕਹਾਣੀਕਾਰ ਨੇ ਨਵੇਂ ਰਿਸ਼ਤੇ ਬਣਾਉਣੇ ਸ਼ੁਰੂ ਕੀਤੇ। ਥੋੜ੍ਹੇ ਹੀ ਸਮੇਂ ਵਿਚ ਉਸ ਨੇ ਲੋਕਾਂ ਨਾਲ ਗੂੜ੍ਹਾ ਪਿਆਰ ਪਾ ਲਿਆ। ਨਵੀ ਜਗ੍ਹਾਂ 'ਤੇ ਆ ਕੇ ਉਸ ਨੇ ਆਪਣੀਆਂ ਕੌੜੀਆਂ ਯਾਦਾਂ ਨੂੰ ਖ਼ਤਮ ਕਰਨਾ ਚਾਹਿਆ। ਸਮਾਂ ਬੜੇ ਹੀ ਖ਼ੁਸ਼ਹਾਲ ਤਰੀਕੇ ਨਾਲ ਬੀਤ ਰਿਹਾ ਸੀ ਅਤੇ ਉਸ ਦੇ ਆਪਣੇ ਸਾਰੇ ਹੀ ਗੁਆਂਢੀਆਂ ਨਾਲ ਬੜੇ ਗੂੜ੍ਹੇ ਸਬੰਧ ਬਣ ਗਏ ਸਨ। ਉਸ ਨੂੰ ਇਹ ਅੰਦਾਜ਼ਾ ਵੀ ਨਹੀ ਸੀ ਕਿ ਗੁਆਂਢੀ ਉਸ ਨਾਲ ਖਾਰ ਖਾਂਦੇ ਹੋਣਗੇ ਪਰ ਉਸ ਦਾ ਪਤਾ ਉਦੋਂ ਹੀ ਲੱਗਾਂ ਜਦੋਂ ਉਨਾਂ ਨੇ ਕਹਾਣੀਕਾਰ ਦੀ ਪਿੱਠ ਪਿੱਛੇ ਵਾਰ ਕੀਤਾ। ਕਹਾਣੀਕਾਰ ਦਾ ਮਨ ਰਿਸ਼ਤਿਆਂ ਤੋਂ ਉਚਾਟ ਹੋ ਗਿਆ। ਉਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਸਬੰਧ ਸੁਧਰ ਜਾਣ ਪਰ ਤਾਣੀ ਉਲਝਦੀ ਹੀ ਗਈ। •

87258-36884

### ਮੋਹ-ਪਿਆਰ

*ਹੁਣ ਉਹ ਨਿੱਘ, ਸਤਿਕਾਰ ਤੇ ਮੋਹ-ਪਿਆਰ ਕਿਧਰੇ ਨਹੀਂ ਮਿਲਦਾ ਜੋ ਪੁਰਾਤਨ ਸਮੇਂ ਰਿਸ਼ਤਿਆਂ 'ਚ ਹੁੰਦਾ ਸੀ। ਮਨੁੱਖ ਖ਼ੁਦ ਨੂੰ ਅੱਗੇ ਦਿਖਾਉਣ ਦੀ ਦੌੜ 'ਚ ਰਿਸ਼ਤਿਆਂ ਦੀ ਕਦਰ ਭੁੱਲ ਗਿਆ ਹੈ। ਅੱਜ ਪਰਿਵਾਰ ਵਿਖਰ ਰਹੇ ਹਨ ਤੇ ਰਿਸ਼ਤੇ ਖ਼ਤਮ ਹੋ ਰਹੇ ਹਨ।*



# ਪੱਛਮੀ ਸੱਭਿਅਤਾ ਦੀ ਗ਼ੁਲਾਮ ਅਜੋਕੀ ਪੀੜ੍ਹੀ

**ਸਮੇਂ ਦੇ ਨਾਲ ਚਲਣਾ ਬਹੁਤ ਜ਼ਰੂਰੀ ਹੈ। ਇਸ ਨਾਲ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਤੁਰਦੇ-ਤੁਰਦੇ ਅਸੀਂ ਇੰਨੇ ਵੀ ਅੱਗੇ ਨਾ ਨਿਕਲ ਜਾਈਏ ਕਿ ਕਿੱਧਰੇ ਆਪਣੇ ਵਜੂਦ ਅਤੇ ਜੜ੍ਹਾਂ ਤੋਂ ਟੁੱਟ ਕੇ ਰਸਤਾ ਭਟਕ ਕੇ ਗੁਆਚ ਹੀ ਨਾ ਜਾਈਏ...**

ਦਵਿੰਦਰ ਕੌਰ



ਸੱਭਿਆਚਾਰ ਪੁਰਾਤਨ ਪੀੜ੍ਹੀਆਂ ਦੀਆਂ ਕਦਰਾਂ-ਕੀਮਤਾਂ, ਜੀਵਨ, ਰੀਤ-ਰਿਵਾਜ, ਕਲਾ, ਰਹਿਣ-ਸਹਿਣ ਤੇ ਸਾਡੇ ਵਜੂਦ ਦਾ ਨਾਂ ਹੈ ਜੋ ਸਾਨੂੰ, ਸਾਡੀਆਂ ਜੜ੍ਹਾਂ ਤੋਂ ਜਾਣੂ ਕਰਵਾਉਂਦਾ ਹੈ ਕਿ ਅਸੀ ਕੀ ਹਾਂ? ਸੱਭਿਅਤਾ ਤੋਂ ਬਿਨਾਂ ਜ਼ਿੰਦਗੀ ਇਕ ਖ਼ਾਲੀ ਫੋਟੋ ਦੇ ਫਰੇਮ ਵਾਂਗ ਹੈ। ਸੱਭਿਆਚਾਰ ਉੱਚਾ-ਸੁੱਚਾ ਤੇ ਅਮੀਰ ਹੈ। ਗੱਲ ਕੀ ਸੱਭਿਆਚਾਰ ਹੀ ਸਾਡੀ ਪਛਾਣ ਹੈ। ਭਾਰਤ ਦੀ ਉੱਤਰ-ਪੱਛਮ ਦੀ ਧਰਤੀ ਦੀ ਸੁਹਾਵਣੀ ਗੋਦ ਵਿਚ ਵਸਦਾ ਸਾਡਾ ਪੰਜਾਬ ਪੰਜ ਦਰਿਆਵਾਂ ਦੀ ਪਵਿੱਤਰ ਧਰਤੀ ਹੈ। ਗੁਰੂਆਂ-ਪੀਰਾਂ ਅਤੇ ਮਹਾਂਪੁਰਖਾਂ ਦੀ ਸਿੰਜੀ ਇਸ ਜ਼ਰਖ਼ੇਜ਼ ਧਰਤੀ ਵਿੱਚੋਂ ਖ਼ੁਸ਼ੀਆਂ ਦੇ ਸੋਮੇਂ ਫੁਟਦੇ ਹਨ। ਆਦਿ ਕਾਲ ਤੋਂ ਲੈ ਕੇ ਅੱਜ ਤਕ ਪੰਜਾਬੀਆਂ ਨੇ ਜਨਮ ਤੋਂ ਲੈ ਕੇ ਮੌਤ ਤੱਕ ਹਰ ਥਾਂ ਵੱਖਰੀ ਹੀ ਟੌਹਰ ਕਾਇਮ ਕੀਤੀ ਹੈ।

ਹਰ ਰੀਤ-ਰਿਵਾਜ ਦੀ ਸ਼ੁਰੂਆਤ ਅਤੇ ਅੰਤ ਲੋਕ-ਗੀਤਾਂ ਨਾਲ ਹੁੰਦਾ ਹੈ। 'ਹਰਿਆ ਨੀ ਮਾਲਣ, ਹਰਿਆ ਨੀ ਭੈਣੇਂ' ਲੋਕ-ਗੀਤ ਨਾਲ ਮਨੁੱਖ ਜਨਮ ਲੈਂਦਾ ਹੈ ਤੇ ਮਿੱਠੀਆਂ ਲੋਰੀਆਂ ਸੁਣ ਕੇ ਵੱਡਾ ਹੁੰਦਾ ਹੈ। ਪ੍ਰੀਤ ਦੇ ਵਲਵਲਿਆਂ ਦੇ ਗੀਤ ਗਾਉਂਦਾ ਹੋਇਆ ਜਵਾਨੀ ਦੇ ਰੰਗ ਮਾਣਦਾ ਹੈ, ਫਿਰ ਸੁਹਾਗ ਅਤੇ ਘੋੜੀਆਂ ਨਾਲ ਵਿਆਹਿਆ ਜਾਂਦਾ ਹੈ। ਫਿਰ ਉਹ 'ਹਰਿਆ ਨੀ ਮਾਲਣ' ਵਰਗੇ ਗੀਤਾਂ ਨਾਲ ਔਲਾਦ ਨੂੰ ਜਨਮ ਦਿੰਦਾ ਹੈ। ਉਸ ਨੂੰ ਪਾਲਦਾ ਵਿਆਹੁਦਾ ਅਤੇ ਅੰਤ ਨੂੰ ਕੀਰਨੇ ਅਤੇ ਅਲਾਹੁਣੀਆਂ ਨਾਲ ਇਸ ਸੰਸਾਰ ਤੋਂ ਵਿਦਾ ਲੈਂਦਾ ਹੈ। ਲੋਕ-ਗੀਤਾਂ ਵਿਚ ਰੰਗਲਾ ਪੰਜਾਬ ਵਸਦਾ ਹੈ। ਇਹ ਸਮੁੱਚੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੈ।

ਇਸੇ ਤਰ੍ਹਾਂ ਮੇਲੇ ਵੀ ਪੰਜਾਬੀਆਂ ਦੀ ਜਿੰਦ-ਜਾਨ ਹਨ, ਜਿਨ੍ਹਾਂ ਵਿਚ ਪੰਜਾਬੀ ਸੰਸਕ੍ਰਿਤੀ ਦੀ ਝਲਕ ਵੇਖਣ ਨੂੰ ਮਿਲਦੀ ਹੈ। ਮੇਲੇ ਸਾਡੇ ਚਾਅ-ਸੱਧਰਾਂ ਦੀ ਪੂਰਤੀ ਕਰਦੇ ਹਨ। ਮੌਜ-ਮਸਤੀ, ਪਿਆਰਿਆਂ ਦੇ ਮੇਲ ਅਤੇ ਪੰਜਾਬਣਾਂ ਦੇ ਹਾਰ-ਸ਼ਿੰਗਾਰ ਮੇਲਿਆਂ ਦੀ ਖ਼ਾਸ ਨਿਸ਼ਾਨੀ ਹੈ।

ਆਪਣੀ ਵਿਰਾਸਤ 'ਤੇ ਮਾਣ ਕਰਨਾ ਸਵੈ-ਵਿਸ਼ਵਾਸ ਦੀ ਬੁਨਿਆਦ ਹੈ। ਸਾਡਾ ਵਿਰਸਾ ਬਹੁਤ ਅਮੀਰ, ਪੁਰਾਣਾ ਅਤੇ ਮਾਣਮੱਤਾ ਹੈ। ਪੁਰਾਣੇ ਸਮੇਂ ਹੱਥੀਂ ਕਿਰਤ ਕਰਨ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ। ਇਹੀ ਮਿਹਨਤ-ਮੁਸ਼ੱਕਤ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੀ ਸੀ ਨਾਲ ਹੀ ਇਹ ਰੁਝੇਵਾਂ ਨਸ਼ਿਆਂ ਅਤੇ ਹੋਰ ਭੈੜੀਆਂ ਆਦਤਾਂ ਤੋਂ ਬਚਣ ਦਾ ਸਬੱਬ ਵੀ ਬਣਦਾ ਸੀ। ਅੱਜ ਇਹ ਸਭ ਕੁਝ ਵਿਸਰਦਾ ਜਾ ਰਿਹਾ ਹੈ। ਹਲ ਵਾਹੁੰਣਾ, ਖੂਹਾਂ ਤੋਂ ਪਾਣੀ ਭਰਨਾ, ਉੱਖਲੀਆਂ ਵਿਚ ਦਾਣੇ ਪੀਹਣਾ, ਚੱਕੀ ਪੀਹਣਾ, ਚਰਖਾ ਕੱਤਣਾ, ਤੰਦੂਰ 'ਚ ਰੋਟੀਆਂ ਲਾਉਣਾ ਆਦਿ ਕੰਮ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੇ ਸਨ। ਅੱਜ ਸਭ ਕੁਝ ਬਣਾਵਟੀ ਹੋ ਚੁੱਕਾ ਹੈ। 'ਚਰਖੇ ਦੀ ਘੂਕਰ' ਸੁਣਨੀ ਤਾਂ ਦੂਰ' ਚਰਖਾ ਹੀ ਨਹੀ ਦਿਖਾਈ ਦਿੰਦਾ। ਉਸ ਨੂੰ ਬੇਲੋੜੀਆਂ ਚੀਜ਼ ਸਮਝ ਕੇ ਕਿਸੇ ਕੋਨੇ ਵਿਚ ਕਬਾੜ ਸਮਝ ਕੇ ਸੁੱਟ ਦਿੱਤਾ ਜਾਂਦਾ ਹੈ।

ਪੁਰਾਤਨ ਵਿਰਸੇ ਨੂੰ ਸੰਭਾਲਣ ਦੀ ਜਦ ਗੱਲ ਤੁਰਦੀ ਹੈ ਤਾਂ ਅਸੀਂ ਚਾਹੁੰਦੇ ਹਾਂ ਕਿ ਹਰ ਪਾਸੇ ਵਿਰਸੇ ਦੀ ਤਸਵੀਰ ਦਿਸੇ ਪਰ ਇਹ ਤਾਂ ਤਸਵੀਰ ਜੀਵਨ ਜਿਉਣ ਦੇ ਢੰਗਾਂ ਤੋਂ ਉਪਜ ਸਕਦੀ ਹੈ, ਨਾ ਕਿ ਗੱਲਾਂ ਨਾਲ।

ਹੁਣ ਨਾ ਤਾਂ ਮਧਾਣੀਆਂ ਦੀ ਲੋੜ ਰਹੀ ਤੇ ਨਾ ਫੁਲਕਾਰੀਆਂ ਦੀ ਤੇ ਨਾ 20-20 ਗਜ਼ ਦੇ ਘੱਗਰੇ ਹੀ ਰਹੇ। ਅੱਜ ਕੱਲ੍ਹ ਮਹਿੰਗੇ ਮੁੱਲ ਦੀਆਂ ਫੁਲਕਾਰੀਆਂ ਖ਼ਰੀਦ ਤਾਂ ਲੈਂਦੇ ਹਾਂ ਪਰ ਇਕ ਵਾਰ ਪੇਟੀ 'ਚ ਰੱਖ ਕੇ ਦੁਬਾਰਾ ਕੱਢ ਕੇ ਲੈਣ ਦਾ ਸਮਾਂ ਨਹੀਂ ਰਹਿੰਦਾ। 'ਪੱਗ ਬੰਨਣ' ਨੂੰ ਸਮੇਂ ਦੀ ਬਰਬਾਦੀ ਦੱਸਿਆ ਜਾਂਦਾ ਹੈ। ਆਪਣੇ ਆਪ ਨੂੰ ਆਧੁਨਿਕ ਕਹਿਣ ਵਾਲੇ ਲੋਕ ਲਈ 'ਚੁੰਨੀ ਲੈਣਾ ' ਅਤੇ 'ਪੰਜਾਬੀ ਪਹਿਰਾਵਾ' ਪਾਉਣਾ 'ਬੈਕਵਰਡ' ਹੈ।

ਪੰਜਾਬਣ ਮੁਟਿਆਰ ਦੇ ਪੈਰਾਂ ਵਿਚਲੀ 'ਜੁੱਤੀ ਕਸੂਰੀ' ਤਾਂ ਸਮੇਂ ਦੇ ਨਾਲ ਚੱਲਣ ਕਰਕੇ ਘਸ ਗਈ ਹੈ ਕਿਉਂਕਿ ਆਧੁਨਿਕ ਜ਼ਮਾਨੇ ਦੇ ਉਖੜੇ ਜਿਹੇ ਰਾਹਾਂ 'ਤੇ ਚਲਦੀ-ਚਲਦੇ ਆਪਣੀ ਪਛਾਣ ਗਵਾ ਬੈਠੀ ਹੈ। ਪੰਜਾਬਣ ਮਾਣ-ਮਰਿਆਦਾ ਨੂੰ ਭੁਲਦੀ ਜਾ ਰਹੀ ਹੈ ਅਤੇ ਪੱਛਮੀ ਸੱਭਿਆਚਾਰ ਦਾ ਰੰਗ ਗੂੜਾ ਹੁੰਦਾ ਜਾ ਰਿਹਾ ਹੈ। ਅਸੀ ਅੰਗਰੇਜ਼ੀ ਲੋਕਾਂ ਦੀ ਗ਼ੁਲਾਮੀ ਤੋਂ ਆਜ਼ਾਦ ਹੋਏ ਹਾਂ ਪਰ ਅੰਗਰੇਜ਼ੀ ਸੱਭਿਅਤਾ ਅੱਜ ਵੀ ਗ਼ੁਲਾਮ ਹਾਂ।

ਇਹ ਵੀ ਠੀਕ ਹੈ ਕਿ ਸੱਭਿਅਤਾ ਕਿਸੇ ਵੀ ਦੇਸ਼ ਦੀ ਬੁਰੀ ਨਹੀਂ ਹੁੰਦੀ ਪਰ ਬੁਰੀ ਗੱਲ ਹੈ ਆਪਣੀ ਸੱਭਿਅਤਾ ਨੂੰ ਨਕਾਰ ਕੇ ਦੂਜੀ ਨੂੰ ਅਪਨਾਉਣਾ ਹੈ। ਹਰੇਕ ਦੇਸ਼ ਦੀਆਂ ਚੰਗੀਆਂ ਗੱਲਾਂ ਨੂੰ ਅਪਣਾਓ ਪਰ ਆਪਣਾ ਵਿਰਸਾ ਵੀ ਨਾ ਵਿਸਾਰੋ।

ਜਿਹੜੇ ਲੋਕ ਮਾਂ ਬੋਲੀ ਨੂੰ ਨੀਵੇਂ ਦਰਜੇ ਦਾ ਸਮਝ ਕੇ ਹੋਰ ਭਾਸ਼ਾਵਾਂ ਨੂੰ ਪਹਿਲ ਦੇ ਰਹੇ ਹਨ ਉਹ ਆਉਣ ਵਾਲੀ ਪੀੜ੍ਹੀ ਨੂੰ ਵਿਰਸੇ ਤੋਂ ਦੂਰ ਕਰ ਰਹੇ ਹਨ। ਇਹ ਲੋਕ ਮਾਤ ਭਾਸ਼ਾ ਨੂੰ ਵਿਸਰ-ਵਿਸਾਰ ਕੇ ਖ਼ੁਦ ਹੀ ਉਲਾਂਭਾ ਦੇਣਗੇ ਕਿ ਸਾਡੀ ਔਲਾਦ ਸਾਨੂੰ ਸਮਝਦੀ ਨਹੀਂ। ਸਮਝੇਗੀ ਕਿਵੇਂ ਜਦ ਭਾਵਨਾਵਾਂ ਦੀ ਭਾਸ਼ਾ ਹੀ ਉਨ੍ਹਾਂ ਨੂੰ ਨਹੀਂ ਆਉਂਦੀ ਹੋਵੇਗੀ? ਉਨ੍ਹਾਂ ਕੋਲ ਤਾਂ ਸਿਰਫ਼ ਆਰਥਿਕ ਤੇ ਕੰਮਕਾਜੀ ਭਾਸ਼ਾ ਹੀ ਰਹਿ ਜਾਵੇਗੀ।

ਸਮੇਂ ਦੇ ਨਾਲ ਚਲਣਾ ਬਹੁਤ ਜ਼ਰੂਰੀ ਹੈ ਪਰ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਤੁਰਦੇ-ਤੁਰਦੇ ਅਸੀ ਇੰਨੇ ਵੀ ਅੱਗੇ ਨਾ ਨਿਕਲ ਜਾਈਏ ਕਿ ਕਿੱਧਰੇ ਆਪਣੇ ਵਜੂਦ ਅਤੇ ਜੜ੍ਹਾਂ ਤੋਂ ਟੁੱਟ ਕੇ ਰਸਤਾ ਭਟਕ ਕੇ ਗੁਆਚ ਹੀ ਨਾ ਜਾਈਏ। ਆਪਣੀ ਸੱਭਿਅਤਾ 'ਤੇ ਮਾਣ ਹੋਣਾ ਚਾਹੀਦਾ ਹੈ। ਮੈਂ ਇਹ ਨਹੀਂ ਕਹਾਂਗੀ ਕਿ ਚਾਦਰੇ ਬੰਨ੍ਹ ਕੇ ਜਾਂ ਘੱਗਰੇ-ਫੁਲਕਾਰੀਆਂ ਪਾ ਕੇ ਹੀ ਤੁਰੇ ਫਿਰੋ, ਕਹਿਣ ਦਾ ਭਾਵ ਹੈ ਕਿ ਆਧੁਨਿਕ ਸਮੇਂ ਦੇ ਹਾਣੀ ਬਣ ਕੇ ਅਸੀ ਆਪਣਾ ਵਿਰਸਾ ਵੀ ਦਿਲ 'ਚ ਵਸਾਈ ਰੱਖੀਏ। •

82838-32839

## ਕਵਿਤਾਵਾਂ

### ਬਸੰਤ

ਰੁੱਤ ਹੈ ਮੌਲੀ ਸਜੱਣਾ
ਜਿਸ ਨੇ ਆਸਾਂ ਨੂੰ ਜਗਾਇਆ।
ਹਰ ਟਾਹਣੀ 'ਤੇ ਹੁਣ
ਬੂਰ ਹੈ ਆਇਆ।
ਪੰਛੀ ਚਹਿਕਣ ਅੰਬਰੀ
ਸਮਾਂ ਸੁਹਾਵਣਾ ਆਇਆ।
ਰੰਗ ਬਿਰੰਗੇ ਫੁੱਲਾਂ ਨੇ
ਫੁਲਵਾੜੀ ਨੂੰ ਮਹਿਕਾਇਆ।
ਬਾਲਾਂ ਤੇ ਗੱਭਰੂਆਂ ਮਿਲ
ਪਤੰਗਾਂ ਨੂੰ ਉਡਾਇਆ।
ਲਾ ਕੇ ਪੇਚੇ ਅਸਮਾਨ 'ਚ
ਸਭ ਨੇ ਦਿਲ ਬਹਿਲਾਇਆ।
ਕਰ ਪੂਜਾ ਸਰਸਵਤੀ ਦੀ
ਕਾਦਰ ਦਾ ਗੁਣਗਾਣ ਗਾਇਆ।
ਰੰਗ ਬਸੰਤੀ ਨੇ ਸੀ ਸਾਨੂੰ
ਦੇਸ਼ ਭਗਤੀ ਦਾ ਰੰਗ ਚੜ੍ਹਾਇਆ।
ਜਾਂਦੀ ਠੰਡ ਵੇਖ ਕੇ
ਗ਼ਰੀਬਾਂ ਨੇ ਸ਼ੁਕਰ ਮਨਾਇਆ।
ਕ੍ਰਿਪਾ ਕਰੀਂ ਦਾਤਿਆ
ਬਸੰਤ ਬਹਾਰ ਲੈ ਕੇ ਆਇਆ।
ਜੀਵਨ ਹੋ ਜਾਵੇ ਰੰਗਲਾ
ਭਾਗਾਂ ਵਾਲਾ ਦਿਨ ਹੈ ਆਇਆ।
ਹੋਵੇ ਵਿਚ ਨਸੀਬਾ ਦੇ ਦਿਨ ਇਹ
'ਫ਼ਕੀਰਾ' ਸੁੱਖਾਂ ਸੰਗ ਜਾਵੇ
ਮਨਾਇਆ।
ਰੁੱਤ ਹੈ ਮੌਲੀ ਸਜੱਣਾ
ਜਿਸ ਨੇ ਆਸਾਂ ਨੂੰ ਜਗਾਇਆ।



• ਵਿਨੋਦ ਫ਼ਕੀਰਾ
98721 97326

### ਮੁਹੱਬਤ

ਤੇਰੇ ਨਾਲ ਮੁਹੱਬਤ ਕਿੰਨੀ ਏ
ਤੈਨੂੰ ਕੀ ਸਮਝਾਵਾਂ ਅੜੀਏ ਨੀ
ਕੋਈ ਵਰਕਾ ਇਸ਼ਕ ਮੁਹੱਬਤ ਦਾ
ਅੱਜ 'ਕੱਠਿਆਂ ਹੋ ਕੇ ਪੜ੍ਹੀਏ ਨੀ।

ਤੂੰ ਕਿਸੇ ਸ਼ਾਇਰ ਦੀ ਨਜ਼ਮ ਜਿਹੀ
ਰੂਹਦਾਰੀ ਦੇ ਵਿਚ ਗੜੀਏ ਨੀ
ਲਿਖਾਂ ਮੁਹੱਬਤ ਪਾਕ ਤੈਨੂੰ
ਰੱਬ ਦੇ ਘਰ ਦੀਏ ਪਰੀਏ ਨੀ

ਦੋ ਜਿਸਮਾਂ ਇਕ ਜਾਨ ਦੇ ਵਾਂਗੂ
ਹੋ ਜੁਦਾ ਜੁਦਾ ਨਾ ਮਰੀਏ ਨੀ

ਨਾਮ ਖ਼ੁਦਾ ਦੇ ਵਾਂਗੂ ਤੈਨੂੰ
ਵਿਚ ਇਬਾਦਤ ਪੜ੍ਹੀਏ ਨੀ

ਜਿੰਨੀ ਉਮਰ ਹੈ ਬਾਕੀ ਸਾਨੂੰ
ਦਿਲ ਤੇਰੇ ਵਿਚ ਘਰ ਕਰੀਏ ਨੀ
ਸਾਥ ਤੇਰਾ ਮੈਨੂੰ ਸਾਹਾਂ ਦੇ ਵਾਂਗੂ
ਸਾਹਾਂ ਬਿਨਾਂ ਦੱਸ ਕੀ ਕਰੀਏ ਨੀ



• ਗੁਰਮੀਤ ਸਿੰਘ
98727-13109

### ਕੁੰਡਲੀ

ਕੀ ਹੈ ਇਹ ਕੁੰਡਲੀ ਰੋਗ
ਪਖੰਡੀ ਬਾਬਿਆਂ ਨੂੰ ਦੇ ਰਹੇ ਹੋ
ਤਰਜੀਹ
ਫਸ ਰਹੇ ਹੋ ਉਨ੍ਹਾਂ ਦੇ ਜਾਲ 'ਚ
ਸੰਵਾਰੋ ਆਪਣੇ ਬੱਚਿਆਂ ਦਾ ਭਵਿੱਖ
ਛੱਡੋ ਕੁੰਡਲੀ ਦਾ ਰੋਗ।

ਕੌਣ ਬਣਾਉਂਦਾ ਸੀ ਕੁੰਡਲੀ
ਤੇਰੇ ਤੇ ਮੇਰੇ ਜ਼ਮਾਨੇ 'ਚ
ਉਦੋਂ ਕਿਤੇ ਚੰਗੇ ਸੀ ਰਿਸ਼ਤੇ
ਨਿਭਦੇ ਸੀ ਸਾਰੇ ਲੋਕ
ਛੱਡੋ ਕੁੰਡਲੀ ਦਾ ਰੋਗ।

ਉਂਜ ਤਾਂ ਅੱਜ ਦਾ ਜ਼ਮਾਨਾ
ਅਖਵਾ ਰਿਹਾ ਹੈ ਖ਼ੁਦ ਨੂੰ ਆਧੁਨਿਕ
ਪਰ ਫਸੇ ਹੋਏ ਨੇ ਲੋਕ
ਰੂੜੀਵਾਦੀ ਰੁਚੀਆਂ 'ਚ
ਛੱਡੋ ਕੁੰਡਲੀ ਦਾ ਰੋਗ।

ਕੁੰਡਲੀ ਦੇ ਚੱਕਰ 'ਚ
ਪਹਿਲਾਂ ਤਾਂ ਹੁੰਦਾ ਹੈ
ਮੁਸ਼ਕਿਲ ਨਾਲ ਸੰਜੋਗ
ਜੇ ਹੋ ਜਾਂਦਾ ਹੈ ਸੰਯੋਗ
ਤਾਂ ਮਨ ਨਾ ਮਿਲਣ ਦਾ ਹੁੰਦਾ ਹੈ
ਵਿਯੋਗ
ਛੱਡੋ ਕੁੰਡਲੀ ਦਾ ਰੋਗ।

ਦੇਸ਼ ਦੇ ਲੋਕੋ ਬਣੋ ਸਮਝਦਾਰ
ਕਰ ਕੇ ਦੇਖੋ ਪ੍ਰਯੋਗ
ਕਰੋ ਆਦਤਾਂ ਅਤੇ ਵਿਚਾਰਾਂ ਦਾ ਮੇਲ
ਸੰਵਾਰੋ ਬੱਚਿਆਂ ਦਾ ਭਵਿੱਖ
ਛੱਡੋ ਕੁੰਡਲੀ ਦਾ ਰੋਗ।



• ਰਜਨੀਸ਼ ਗੋਇਲ
99712-16567

# ਨਰੋਈ ਸੋਚ ਦਾ ਬੀਜ

ਅਤਿੰਦਰਪਾਲ ਸਿੰਘ ਪਰਮਾਰ



ਔਰਤ ਸਮਾਜ ਦਾ ਖ਼ਾਸ ਹਿੱਸਾ ਹੈ। ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਦਾ ਸਫ਼ਰ ਔਰਤ ਦੇ ਰਾਹੀਂ ਮੁਕੰਮਲ ਹੁੰਦਾ ਹੈ। ਜਿਸ ਕੁੱਖ ਵਿੱਚੋਂ ਸਮਾਜਿਕ ਰਿਸ਼ਤਿਆਂ ਦਾ ਜਨਮ ਹੁੰਦਾ ਹੈ। ਔਰਤ ਸ਼ਕਤੀ, ਸਬਰ ਤੇ ਤਿਆਗ ਦਾ ਰੂਪ ਹੈ। ਭਾਵੇਂ ਸਾਡਾ ਦੇਸ਼ ਆਜ਼ਾਦ ਹੋ ਚੁੱਕਾ ਹੈ ਪਰ ਇਹ ਕਹਿੰਦੇ ਬੜਾ ਦੁੱਖ ਲੱਗ ਰਿਹਾ ਹੈ ਕਿ ਔਰਤ ਅੱਜ ਵੀ ਗ਼ੁਲਾਮ ਹੈ। ਉਸ ਨੂੰ ਇਸ ਗ਼ੁਲਾਮੀ ਦਾ ਅਹਿਸਾਸ ਸਮਾਜ ਦੀ ਤੰਗ ਸੋਚ ਤੇ ਕੁਰੀਤੀਆਂ ਪਰ ਵੇਲੇ ਕਰਵਾਉਂਦੀਆਂ ਰਹਿੰਦੀਆਂ ਹਨ। ਮਰਦ ਪ੍ਰਧਾਨ ਸਮਾਜ ਔਰਤ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ 'ਚ ਕੈਦ ਕਰਕੇ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ। ਔਰਤ ਇੱਜ਼ਤ ਦੀ ਉਮੀਦ ਰੱਖਦੀ ਹੈ ਪਰ ਕਿਤੇ ਨਾ ਕਿਤੇ ਉਸ ਨੂੰ ਬਣਦਾ ਮਾਣ ਸਤਿਕਾਰ ਨਹੀਂ ਮਿਲਦਾ। ਔਰਤ ਪ੍ਰਤੀ ਜ਼ੁਲਮ ਲਗਾਤਾਰ ਵਧ ਰਿਹਾ ਹੈ। ਇਸ ਲਈ ਜ਼ਿੰਮੇਵਾਰ ਮਰਦ ਦੀ ਤੰਗ ਸੋਚ ਹੁੰਦੀ ਹੈ। ਸਮਾਜ ਦੇ ਹਾਲਾਤ ਤੇ ਕਦਰਾਂ-ਕੀਮਤਾਂ ਦਾ ਮਿਆਰ ਬਹੁਤ ਮਾੜੇ ਪੱਧਰ 'ਚੋਂ ਗੁਜ਼ਰ ਰਿਹਾ ਹੈ। ਔਰਤ ਆਪਣੇ ਆਪ ਨੂੰ ਹਰ ਜਗ੍ਹਾ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ। ਉਹ ਭਾਵੇਂ ਸ਼ਹਿਰ ਦੀਆਂ ਸੜਕਾਂ ਹੋਣ ਜਾਂ ਕਿਸੇ ਪਿੰਡ ਦੀ ਫਿਰਨੀ ਜਾਂ ਕੋਈ ਦਫ਼ਤਰ। ਕੁੜੀਆਂ ਪੜ੍ਹ ਲਿਖ ਕੇ ਹਰ ਸੈਕਟਰ ਵਿਚ ਮੁੰਡਿਆਂ ਨੂੰ ਪਛਾੜ ਰਹੀਆਂ ਹਨ।

ਹੁਣ ਲੋੜ ਹੈ ਆਪਣੀ ਖ਼ੁਦ ਦੀ ਪਛਾਣ ਤੇ ਇੱਜ਼ਤ ਲਈ ਇਕਜੁੱਟ ਹੋ ਕੇ ਸਮਾਜ ਦੀ ਤੰਗ ਸੋਚ ਨੂੰ ਪਛਾੜਨ ਦੀ। ਜਿਸ ਤਰ੍ਹਾਂ ਦੇ ਵਿਵਹਾਰ ਤੇ ਇੱਜ਼ਤ ਦੀ ਅਸੀਂ ਲੋਕਾਂ ਤੋਂ ਆਸ ਆਪਣੀਆਂ ਮਾਵਾਂ, ਭੈਣਾਂ ਲਈ ਰੱਖਦੇ ਹਾਂ ਕਿ ਅਸੀ ਇਹ ਇੱਜ਼ਤ ਹਰ ਔਰਤ ਨੂੰ ਨਹੀਂ ਦੇ ਸਕਦੇ। ਜੇ ਮੁੰਡਾ ਕੁੜੀ ਨਾਲ ਬਤਮੀਜ਼ੀ ਕਰਦਾ ਹੈ ਤਾਂ ਘਰੋਂ ਨਿਕਲਣਾ ਬੰਦ ਕੁੜੀ ਦਾ ਕੀਤਾ ਜਾਂਦਾ ਹੈ। ਇਕ ਕੁੜੀ ਘਰੇ ਬੈਠ ਸਕਦੀ ਹੈ ਪਰ ਉਸ ਦੀ ਸ਼ਿਕਾਰ ਕੋਈ ਦੂਸਰੀ ਹੋਵੇਗੀ। ਜੇ ਨੂੰਹਾਂ ਤੋਂ ਦਾਜ ਮੰਗਣ ਦਾ ਸੌਕ ਹੈ ਤਾਂ ਧੀਆਂ ਨੂੰ ਦਾਜ ਦੇਣ ਦੀ ਹਿੰਮਤ ਵੀ ਰੱਖੋ। ਹਰ ਰੀਤ ਰਸਮ ਨੂੰ ਇੱਕੋ ਨਜ਼ਰੀਏ ਨਾਲ ਵੇਖਣਾ ਚਾਹੀਦੀ ਹੈ। ਇਕ ਕੁੜੀ ਲਈ ਉਸ ਦਾ ਦਾਜ ਉਸ ਨੂੰ ਇੱਜ਼ਤ ਦੇ ਰੂਪ ਵਿਚ ਦੇਣਾ ਚਾਹੀਦਾ ਹੈ। ਕਿਸੇ ਵਿਤਕਰੇ ਨਾਲ ਕੀਤਾ ਫ਼ੈਸਲਾ ਸਿਰਫ਼ ਸਾਡੀ ਤੰਗ ਸੋਚ ਨੂੰ ਤੱਸਲੀ ਦੇ ਸਕਦਾ ਹੈ ਪਰ ਇਹ ਸਮਾਜ ਨੂੰ ਗਿਰਾਵਟ ਵੱਲ ਲੈ ਜਾਵੇਗਾ। ਸਮਾਜ ਵਿਚ ਕੁਝ ਵੀ ਸਥਿਰ ਤੇ ਟਿਕਾਊ ਨਹੀ ਹੁੰਦਾ। ਸਮੇਂ-ਸਮੇਂ ਇਸ ਵਿਚ ਤਬਦੀਲੀ ਦੀ ਲੋੜ ਹੁੰਦੀ ਹੈ। ਇਹ ਸਾਡੀ ਸੋਚ ਉੱਪਰ ਨਿਰਭਰ ਕਰਦਾ ਹੈ ਕਿ ਅਸੀ ਸਮਾਜ ਦੇ ਕਦਮ ਸਹੀ ਜਾਂ ਗ਼ਲਤ ਰਸਤੇ ਵੱਲ ਵਧਾਉਣੇ ਹਨ।

ਕੁੜੀਆਂ ਨੂੰ ਬਚਪਨ ਤੋਂ ਹੀ ਹੀਣ ਭਾਵਨਾ ਦਾ ਅਹਿਸਾਸ ਕਰਵਾਇਆ ਜਾਂਦਾ ਹੈ, ਜਿਹੜਾ ਸਿੱਧੇ ਜਾਂ ਅਸਿੱਧੇ ਰੂਪ ਨਾਲ ਔਰਤ ਨੂੰ ਕਮਜ਼ੋਰ ਕਰ ਰਿਹਾਂ ਹੈ। ਜੇ ਅਸੀਂ ਨਰੋਈ ਸੋਚ ਦਾ ਬੀਜ ਬੀਜਾਂਗੇ ਤਾਂ ਚੰਗੇ ਸਮਾਜ ਵਿਚ ਸਾਡੀਆਂ ਧੀਆਂ, ਭੈਣਾਂ ਆਜ਼ਾਦੀ ਦੀ ਹਵਾ ਵਿਚ ਸਾਹ ਲੈ ਸਕਣ ਗਈਆਂ। •

81468-08995

### ਪਛਾਣ ਮਿਲਣ ਦਾ ਜਾਦੂ

ਇਕ ਫ਼ਿਲਮ 'ਚ ਬੇਘਰੇ, ਭੁੱਖੇ, ਪਿਆਸੇ, ਗ਼ਰੀਬ, ਉਦਾਸ ਲੋਕਾਂ ਦੇ ਆਲੇ-ਦੁਆਲੇ ਦਾ ਦ੍ਰਿਸ਼ ਫ਼ਿਲਮਾਇਆ ਜਾਣਾ ਸੀ। ਨਿਰਦੇਸ਼ਕ ਨੇ ਸਹਾਇਕ ਨੂੰ ਕਿਹਾ ਕਿ ਸ਼ਹਿਰ ਦੀ ਇਕ ਗੰਦੀ ਬਸਤੀ 'ਚ ਸੁਨੇਹਾ ਦੇ ਆਉ ਕਿ ਕੱਲ੍ਹ ਇਹ ਦ੍ਰਿਸ਼ ਫਿਲਮਾਇਆ ਜਾਵੇਗਾ ਅਤੇ ਹਰ ਕਿਸੇ ਨੂੰ ਸੌ ਰੁਪਇਆ ਦਿੱਤਾ ਜਾਵੇਗਾ।



ਪਛਾਣ ਮਿਲਣ ਦਾ ਆਪਣਾ ਜਾਦੂ ਹੁੰਦਾ ਹੈ। ਅਗਲੇ ਦਿਨ ਫ਼ਿਲਮ 'ਚ ਦਿਸਣ ਦੇ ਚਾਅ ਨਾਲ ਲੋਕਾਂ ਨੇ ਰਾਤੋ-ਰਾਤ ਬਸਤੀ ਸਾਫ਼ ਕਰ ਦਿੱਤੀ, ਕੱਪੜੇ ਧੋ ਕੇ ਸੁਕਾ ਲਏ। ਜਦੋਂ ਦ੍ਰਿਸ਼ ਫਿਲਮਾਉਣ ਵਾਲਾ ਅਮਲਾ ਪਹੁੰਚਿਆ ਤਾਂ ਕਿਸੇ ਦੇ ਚਿਹਰੇ 'ਤੇ ਬੇਵਸੀ, ਗ਼ਰੀਬੀ, ਮੰਦੇਹਾਲੀ ਆਦਿ ਦਾ ਨਾਂ-ਨਿਸ਼ਾਨ ਨਹੀ ਸੀ। ਉੱਥੇ ਹਜ਼ਾਰ ਲੋਕਾਂ ਦੇ ਚਮਕਦੇ, ਧੋਤੇ ਹੋਏ, ਨਿਖਰੇ ਚਿਹਰਿਆਂ 'ਤੇ ਇਕ ਕੰਨ ਤੋਂ ਦੂਜੇ ਕੰਨ ਤੱਕ ਮੁਸਕਰਾਹਟ ਫੈਲੀ ਹੋਈ ਸੀ। ਉਹ ਫ਼ਿਲਮੀ ਟੁਕੜੀ ਨੂੰ ਵੇਖ ਕੇ ਬੜੇ ਖ਼ੁਸ਼ ਹੋਏ ਪਰ ਫ਼ਿਲਮੀ ਟੁਕੜੀ, ਉਸ ਦ੍ਰਿਸ਼ ਨੂੰ ਵੇਖ ਕੇ ਉਦਾਸ ਸੀ ਕਿਉਂਕਿ ਜਿਹੜਾ ਦ੍ਰਿਸ਼ ਫਿਲਮਾਇਆ ਜਾਣਾ ਸੀ, ਉਹ ਦ੍ਰਿਸ਼ ਤਾਂ ਉਥੇ ਹੈ ਹੀ ਨਹੀ ਸੀ।

• ਨਰਿੰਦਰ ਸਿੰਘ ਕਪੂਰ, 98158-80435

# ਅਣਚਾਹੇ ਰਿਵਾਜਾਂ ਦਾ ਬੋਝ

**ਪੁਰਾਤਨ ਸਮੇਂ ਵਿਚ ਰਿਸ਼ਤੇਦਾਰ ਸਿਰਫ਼ ਘਰ ਅਫ਼ਸੋਸ ਕਰਨ ਆਉਂਦੇ ਸਨ। ਉਨ੍ਹਾਂ ਨੂੰ ਆਂਢ-ਗੁਆਂਢ ਦੇ ਲੋਕਾਂ ਵੱਲੋਂ ਖਾਣਾ ਵਰਤਾਇਆ ਜਾਂਦਾ ਸੀ ਪਰ ਹੁਣ ਅਫ਼ਸੋਸ ਕਰਨ ਆਏ ਹਰ ਬੰਦੇ ਨੂੰ ਖਾਣਾ ਖਵਾਇਆ ਜਾਂਦਾ ਹੈ...**

ਪੀ.ਡੀ. ਸ਼ਰਮਾ



ਜਾਨਵਰ ਆਪਣੇ ਸਾਥੀਆਂ ਦੀ ਮੌਤ ਦਾ ਸੋਗ ਮਨਾਉਂਦੇ ਹਨ ਪਰ ਮਨੁੱਖ ਜਸ਼ਨ ਮਨਾਉਂਦਾ ਹੈ। ਇਸ ਵਿਚ ਇਹ ਬੁਰਾਈ ਕਿਵੇਂ ਪਨਪ ਗਈ ਇਸ ਬਾਰੇ ਸ਼ਾਇਦ ਹੀ ਕੋਈ ਜਾਣਦਾ ਹੋਵੇ। ਇਕ ਵਿਅਕਤੀ ਕਿਵੇਂ ਸਾਥੀ ਅਤੇ ਰਿਸ਼ਤੇਦਾਰਾਂ ਦੀ ਮੌਤ 'ਤੇ ਵਧੀਆਂ ਕਿਸਮ ਦੇ ਖਾਣੇ ਬਣਾਉਂਦਾ ਹੈ ਜਿਵੇਂ ਘਰ ਵਿਚ ਕੋਈ ਖ਼ੁਸ਼ੀਆਂ ਭਰਿਆ ਮੌਕਾ ਹੋਵੇ ਪਰ ਇੱਥੇ ਸਥਿਤੀ ਕੁਝ ਹੋਰ ਹੀ ਹੈ। ਸਮਝਿਆ ਜਾਂਦਾ ਹੈ ਕਿ ਜਦੋਂ ਘਰ ਵਿਚ ਕੋਈ ਖ਼ੁਸ਼ੀ ਦਾ ਮੌਕਾ ਹੋਵੇ ਮਿੱਠਾ ਖਾਣਾ ਬਣਾਇਆ ਜਾਂਦਾ ਹੈ ਜੋ ਖ਼ੁਸ਼ੀ ਪ੍ਰਗਟ ਕਰਨ ਦਾ ਸਾਧਨ ਬਣਦਾ ਹੈ ਪਰ ਜਦੋਂ ਕੋਈ ਵਿਅਕਤੀ ਮਰ ਜਾਂਦਾ ਹੈ ਤਾਂ ਫਿਰ ਵੀ ਮਨੁੱਖ ਮਿਠਾਈਆਂ ਬਣਾਉਣਾ, ਵਧੀਆ ਖਾਣੇ-ਖਾਂਦਾ ਹੈ। ਇਸ ਸ਼ਰਮਨਾਕ ਪਰੰਪਰਾ ਨੂੰ ਮਾਨਵਤਾ ਦੀ ਕਿਹੜੀ ਸ਼੍ਰੇਣੀ ਵਿਚ ਰੱਖਿਆ ਜਾਵੇ? ਅੱਜ ਮਨੁੱਖ ਨੂੰ ਮਾਪਣ ਦਾ ਪੈਮਾਨਾ ਕਿੱਥੋਂ ਲਿਆਂਦਾ ਜਾਵੇ? ਇਸ ਦਾਅਵਤ ਦੇ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਢੰਗ ਵੀ ਹਨ। ਕਿਤੇ ਇਹ ਇੱਕੋ ਦਿਨ ਵਿਚ ਕੀਤਾ ਜਾਂਦਾ ਹੈ ਤੇ ਕਿਤੇ ਤੀਜੇ ਦਿਨ, ਕਿਤੇ ਇਹ ਬਾਰ੍ਹਵੇਂ ਦਿਨ ਹੁੰਦਾ ਹੈ।

ਕਈ ਥਾਵਾਂ ਸਮੇਤ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਭੋਜਨ ਦੀ ਰਸਮ ਸ਼ਮਸ਼ਾਨ ਘਾਟ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਿਸ ਨੂੰ ਸ਼ਾਇਦ ਸਾਡੇ ਸਮਾਜ ਵਿਚ ਕੌੜਾ ਵੱਟਾ ਦਾ ਨਾਂ ਦਿੱਤਾ ਹੋਇਆ ਹੈ। ਇਹ ਖਾਣਾ ਕੁੜਮਾ ਭਾਵ ਪੁੱਤਰਾਂ ਤੇ ਪੋਤਰਿਆਂ ਦੇ ਸਹੁਰਾ ਪਰਿਵਾਰ ਵੱਲੋਂ ਦਿੱਤੇ ਜਾਂਦੇ ਹਨ। ਕਈ ਇਲਾਕਿਆ ਵਿਚ ਤਾਂ ਲੋਕ ਹੱਦਾਂ ਹੀ ਟੱਪ ਗਏ ਹਨ । ਰਿਸ਼ਤੇਦਾਰਾਂ ਅਤੇ ਪਿੰਡ ਨੂੰ ਛੱਡੋ ਪਿੰਡ ਦੇ ਆਲੇ-ਦੁਆਲੇ ਦੇ ਲੋਕ ਉਸ ਖਾਣੇ 'ਤੇ ਟੁੱਟ ਪੈਂਦੇ ਹਨ। ਬਹੁਤ ਸਾਰੇ ਨੇੜਲੇ ਪਿੰਡਾਂ ਦੇ ਟਰੈਕਟਰ ਟਰਾਲੀਆਂ ਵਿਚ ਗਿਰਝਾਂ ਵਾਂਗ ਇਨ੍ਹਾਂ ਸਮਾਗਮਾਂ 'ਚ ਪੁੱਜਦੇ ਹਨ। ਸਮਾਜ ਦੇ ਬਜ਼ੁਰਗਾਂ ਨਾਲ ਗੱਲ ਕਰੀਏ ਤਾਂ ਉਨ੍ਹਾਂ ਵਿੱਚੋਂ ਕਈਆਂ ਨੇ ਕਿਹਾ ਕਿ ਇਹ ਪੁਰਾਤਨ ਸਮੇਂ ਵਿਚ ਸ਼ਾਇਦ ਨਹੀਂ ਸੀ। ਕੁਝ ਸਮਾਂ ਪਹਿਲਾਂ ਦੀ ਗੱਲ ਕਰੀਏ ਤਾਂ ਰਿਸ਼ਤੇਦਾਰ ਸਿਰਫ਼ ਘਰ ਅਫ਼ਸੋਸ ਕਰਨ ਆਉਂਦੇ ਤੇ ਉਨ੍ਹਾਂ ਨੂੰ ਆਂਢ-ਗੁਆਂਢ ਦੇ ਲੋਕਾਂ ਵੱਲੋਂ ਖਾਣਾ ਵਰਤਾਇਆ ਜਾਂਦਾ ਸੀ। ਉਸ ਸਮੇਂ ਸਧਾਰਣ ਭੋਜਨ ਵਰਤਾਇਆ ਜਾਂਦਾ। ਮਰਗ ਵਾਲੇ ਘਰ ਬਾਰਾਂ ਦਿਨਾਂ ਲਈ ਕੋਈ ਭੋਜਨ ਨਹੀਂ ਸੀ ਬਣਦਾ। 13 ਵੇਂ ਦਿਨ ਕੁਝ ਰਸਮਾਂ ਕਰਨ ਉਪਰੰਤ ਪਰਿਵਾਰ ਨੂੰ ਮਰਨ ਵਾਲੇ ਵਿਅਕਤੀ ਦਾ ਗ਼ਮ ਵੰਡਣ ਲਈ ਉਸ ਦੀ ਸਹਾਇਤਾ ਕੀਤੀ ਜਾਂਦੀ ਸੀ।

ਅੱਜ ਜਿੱਥੇ ਮਰਨ ਵਾਲੇ ਵਿਅਕਤੀ ਦੀ ਬਿਮਾਰੀ 'ਤੇ ਲੱਖਾਂ ਰੁਪਏ ਖ਼ਰਚ ਕਰਨ ਉਪਰੰਤ ਉਹ ਕੰਗਾਲ ਹੋ ਚੁੱਕਾ ਹੁੰਦਾ ਹੈ। ਮਰਨ ਵੇਲੇ ਕਈ ਰਸਮਾਂ ਜਿਸ ਨੂੰ ਕੋਈ ਭਾਵੇਂ ਖ਼ੁਸ਼ੀ ਨਾਲ ਨਹੀਂ ਕਰਨਾ ਚਾਹੁੰਦਾ ਪਰ ਫਿਰ ਵੀ ਸਮਾਜਿਕ ਡਰ ਉਸ ਨੂੰ ਸਤਾਉਂਦਾ ਹੈ ਤਾਂ ਹੀ ਉਹ ਇਸ ਤਰ੍ਹਾਂ ਦੇ ਖ਼ਰਚ ਲਈ ਭੈਣਾਂ ਭਰਾਵਾਂ, ਰਿਸ਼ਤੇਦਾਰਾਂ ਜਾਂ ਫਿਰ ਦੋਸਤਾਂ ਤੋਂ ਕਰਜ਼ ਲੈ ਕੇ ਇਸ ਰਸਮ ਨੂੰ ਜਿਵੇਂ-ਤਿਵੇਂ ਨਿਭਾਉਂਦਾ ਹੈ। ਇਸ ਤਰ੍ਹਾਂ ਉਹ ਬਰਬਾਦੀ ਦੀ ਕਗਾਰ 'ਤੇ ਪੁੱਜ ਜਾਂਦਾ ਹੈ। ਸਿਰਫ਼ ਇੱਥੇ ਹੀ ਬੱਸ ਨਹੀਂ, ਕਈ ਵਾਰ ਤਾਂ ਹੋਰ ਕਈ ਕਿਸਮ ਦੇ ਸਮਾਜਿਕ ਰਿਵਾਜਾਂ ਦਾ ਬੋਝ ਉਸ ਨੂੰ ਜਾਣੇ ਅਣਜਾਣੇ ਚੁੱਕਣਾ ਪੈਂਦਾ ਹੈ। ਜਿਨ੍ਹਾਂ ਲੋਕਾਂ ਦੀ ਇਸ ਬੁਰਾਈ ਨੂੰ ਰੋਕਣ ਦੀ ਜ਼ਿੰਮੇਵਾਰੀ ਹੈ ਉਹ ਵੀ ਤਾਂ ਉਸ ਸਮੇਂ ਜਸ਼ਨ ਮਨਾ ਰਹੇ ਦੇਖੇ ਗਏ ਹਨ। ਇਸ ਮੌਕੇ 'ਤੇ ਕੱਪੜਿਆਂ ਦੇ ਲੈਣ-ਦੇਣ ਤੋਂ ਇਲਾਵਾ ਸੋਨੇ ਦੇ ਗਹਿਣੇ ਤਕ ਦਿੱਤੇ ਜਾਂਦੇ ਨੇ। ਮਾਂ-ਬਾਪ ਦੀ ਮੌਤ 'ਤੇ ਜੋ ਲੋਕ ਤਰ੍ਹਾਂ-ਤਰ੍ਹਾਂ ਦੇ ਪਕਵਾਨ ਬਣਾ ਕੇ ਪਰੋਸਦੇ ਹਨ ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਮਾਂ ਤਾਂ ਸਿਰਫ਼ ਮਾਂ ਹੁੰਦੀ ਹੈ ਉਸ ਦੇ ਚਲੇ ਜਾਣ 'ਤੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪਰੋਸ ਕੇ ਉਹ ਸਮਾਜ ਵਿਚ ਕੀ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਵੀ ਤੁਸੀਂ ਸਮਾਜ ਦੇ ਇਸ ਘਿਨਾਉਣੇ ਕਾਨੂੰਨ ਬਾਰੇ ਗੱਲ ਕਰਨੀ ਬੰਦ ਕਰ ਦਿੰਦੇ ਹੋ ਤਾਂ ਸਮਾਜ ਦੇ ਕਈ ਲੋਕ ਖੜ੍ਹੇ ਹੋ ਜਾਂਦੇ ਹਨ ਜੋ ਉਹ ਸੋਚਦੇ ਹਨ ਕਿ ਇਸ ਸਮੇਂ ਭੋਜਨ ਪਰੋਸਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੀਆਂ ਦਲੀਲਾਂ

ਭਾਵਨਾਤਮਕ ਤਾਨਾਸ਼ਾਹੀ ਤੋਂ ਘੱਟ ਨਹੀਂ। ਇਹ ਲੋਕ ਕਹਿੰਦੇ ਹਨ, 'ਮਾਪਿਆਂ ਨੇ ਸਾਰੀ ਉਮਰ ਬੱਚਿਆਂ ਲਈ ਕਮਾਈ ਕੀਤੀ। ਕੀ ਬੱਚਿਆਂ ਦਾ ਫ਼ਰਜ਼ ਨਹੀਂ ਬਣਦਾ ਕਿ ਉਹ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਕੁਝ ਖ਼ਰਚਾ ਕਰਨ।' ਇਸ ਤਰ੍ਹਾਂ ਭਾਵਨਾਤਮਕ ਤਾਨਾਸ਼ਾਹੀ ਸ਼ੁਰੂ ਹੁੰਦੀ ਹੈ। ਉਸ ਸਮੇਂ ਭਾਵੇਂ ਗਿਆਨ ਵੰਡਣ ਵਾਲੇ ਦਾ ਪਿਤਾ ਘਰ ਦੇ ਕੋਨੇ ਵਿਚ ਭੁੱਖਾ ਪਿਆ ਹੋਵੇ ਪਰ ਇੱਥੇ ਆਪਣੇ ਗਿਆਨ ਨਾਲ ਦੂਜੇ ਦਾ ਘਰ ਰੋਸ਼ਨਾ ਰਿਹਾ ਹੁੰਦਾ ਹੈ। ਅਸਲੀਅਤ ਤਾਂ ਇਹ ਹੈ ਕਿ ਬਹੁਤ ਸਾਰੇ ਮਾਪੇ ਅੱਜ ਮਹਿੰਗਾਈ ਦੇ ਜ਼ਮਾਨੇ ਵਿਚ ਬੱਚਿਆਂ ਸਿਰ ਕਰਜ਼ੇ ਛੱਡ ਕੇ ਜਾ ਰਹੇ ਹਨ। ਇੱਥੋਂ ਤਕ ਕਿ ਉਸ ਦੀ ਜ਼ਿੰਦਗੀ ਦੀ ਕਮਾਈ ਕਈ ਵਾਰ ਇਨ੍ਹਾਂ ਸਮਾਜਿਕ ਕੁਰੀਤੀਆਂ ਦੀ ਭੇਂਟ ਚੜ੍ਹ ਜਾਂਦੀ ਹੈ। ਸਾਡਾ ਫ਼ਰਜ਼ ਹੈ ਅਸੀਂ ਜਿਉਂਦਿਆਂ ਮਾਪਿਆਂ ਦੀ ਸੇਵਾ ਕਰੀਏ ਪਰ ਅਸੀਂ ਅਜਿਹਾ ਨਹੀਂ ਕਰਦੇ। ਅਸੀਂ ਉਨ੍ਹਾਂ ਨਾਲ ਰਹਿੰਦੇ ਹਾਂ ਪਰ ਉਨ੍ਹਾਂ ਨਾਲ ਠੀਕ ਤਰ੍ਹਾਂ ਗੱਲ ਨਹੀਂ ਕਰਦੇ। ਉਹ ਖੰਘਦੇ ਰਹਿੰਦੇ ਹਨ, ਉੱਠ ਨਹੀਂ ਸਕਦੇ ਅਤੇ ਦਵਾਈ ਨਹੀਂ ਲੈ ਸਕਦੇ, ਅਸੀਂ ਉਨ੍ਹਾਂ ਦੀ ਕੋਈ ਸਹਾਇਤਾ ਨਹੀਂ ਕਰਦੇ ਤੇ ਜਦੋਂ ਉਹ ਸਾਡੇ ਵਿਚ ਨਹੀਂ ਰਹਿੰਦੇ ਤਾਂ ਉਨ੍ਹਾਂ ਦੀ ਯਾਦ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੂੰ ਖਾਣਾ ਖਵਾਉਂਦੇ ਹਾਂ।



ਕਈ ਵਾਰ ਲੋਕ ਇਹ ਵੀ ਕਹਿੰਦੇ ਸੁਣੇ ਗਏ ਹਨ ਕਿ ਅਸੀਂ ਵੀ ਤਾਂ ਉਨ੍ਹਾਂ ਦੇ ਮਰਗ ਸਮੇਂ ਖਾਣਾ ਖਾਧਾ ਸੀ। ਇਸ ਸੋਚ ਨੂੰ ਵੀ ਤਿਆਗਣਾ ਪਵੇਗਾ, ਨਹੀਂ ਤਾਂ ਉਹ ਗੱਲ ਹੋਵੇਗੀ ਕਿ ਪਹਿਲਾਂ ਮੁਰਗੀ ਆਈ ਜਾਂ ਆਂਡੇ। ਇਸ ਤਰ੍ਹਾਂ ਇਹ ਸਮੱਸਿਆ ਕਦੇ ਹੱਲ ਨਹੀਂ ਹੋਵੇਗੀ। ਸਮਾਜ ਦੇ ਠੇਕੇਦਾਰਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਸ ਬੁਰਾਈ ਜਿੰਨੀ ਜਲਦੀ ਖ਼ਤਮ ਕਰੋਗੇ ਉਨ੍ਹਾਂ ਹੀ ਚੰਗਾ ਹੈ। •

95010-30296

# ਸੱਭਿਅਕ ਸਮਾਜ ਦੀ ਸਿਰਜਣਾ

ਪ੍ਰਿੰਸ ਅਰੋੜਾ ਮਲੌਦ



ਧੀਆਂ ਅਤੇ ਪੁੱਤਰਾਂ ਵਿਚ ਸਦੀਆਂ ਤੋਂ ਹੋ ਰਿਹਾ ਫ਼ਰਕ ਬਾਦਸਤੂਰ ਜਾਰੀ ਹੈ। ਇਹ ਫ਼ਰਕ ਖਾਣ-ਪੀਣ, ਪਹਿਰਾਵਾ, ਘਰੇਲੂ ਕੰਮ, ਖੇਡਣ-ਕੁੱਦਣ ਹੈ। ਅਨੇਕਾਂ ਹੀ ਤਿੱਥ ਤਿਉਹਾਰ ਅਜਿਹੇ ਹਨ ਜਿਨ੍ਹਾਂ ਵਿਚ ਪੁਰਸ਼ ਸਲਾਮਤੀ ਲਈ ਘਰ ਦੀਆਂ ਧੀਆਂ ਅਤੇ ਔਰਤਾਂ ਲੰਬੀ ਉਮਰ ਅਤੇ ਖ਼ੁਸ਼ੀ ਲਈ ਦੁਆਵਾ ਕਰਦੀਆਂ ਹਨ। ਇਸ ਲਈ ਉਹ ਸਾਰਾ ਦਿਨ ਭੁੱਖੀਆਂ ਰਹਿੰਦੀਆਂ ਹਨ ਪ੍ਰੰਤੂ ਸਾਡੇ ਦੇਸ਼ ਵਿਚ ਅਜਿਹਾ ਕੋਈ ਵੀ ਤਿੱਥ ਤਿਉਹਾਰ ਨਹੀਂ ਜਿਸ ਵਿਚ ਧੀਆਂ ਦੇ ਸਤਿਕਾਰ, ਲੰਬੀ ਉਮਰ ਅਤੇ ਖ਼ੁਸ਼ੀਆਂ ਦੀ ਗੱਲ ਕੀਤੀ ਗਈ ਹੋਵੇ। ਘਰ ਪਰਿਵਾਰ ਵਿਚ ਰਹਿੰਦੇ ਹੋਏ ਧੀ ਨੂੰ ਬਚਪਨ ਤੋਂ ਹੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ ਅਤੇ ਤਰ੍ਹਾਂ-ਤਰ੍ਹਾਂ ਦੇ ਘਰੇਲੂ ਕੰਮਾਂ ਦੇ ਨਾਲ-ਨਾਲ ਸਮਾਜ ਵਿਚ ਰਹਿਣ-ਸਹਿਣ ਲਈ ਸੱਭਿਅਕ ਹੋਣ ਦਾ ਪਾਠ ਵੀ ਪੜ੍ਹਾਇਆ ਜਾਂਦਾ ਹੈ ਜਦਕਿ ਪੁੱਤਰਾਂ ਦੇ ਮਾਮਲੇ ਵਿਚ ਅਜਿਹਾ ਕੋਈ ਵੀ ਨਿਯਮ ਲਾਗੂ ਨਹੀਂ ਹੁੰਦਾ। ਅਜਿਹਾ ਕਰਨ ਨਾਲ ਜਿੱਥੇ ਬਚਪਨ ਤੋਂ ਹੀ ਪੁੱਤਰਾਂ ਨੂੰ ਪੁੱਠੇ ਸਿੱਧੇ ਕੰਮ ਕਰਨ ਦੀ ਖੁੱਲ੍ਹ ਮਿਲਦੀ ਹੈ ਉੱਥੇ ਹੀ ਅਜਿਹਾ ਵਰਤਾਰਾ ਸਮਾਜ ਲਈ ਵੀ ਘਾਤਕ ਸਾਬਿਤ ਹੁੰਦਾ ਹੈ। ਇਕ ਸੱਭਿਅਕ ਸਮਾਜ ਦੀ ਸਿਰਜਣਾ ਕਰਨ ਲਈ ਪਰਿਵਾਰ ਨੂੰ ਧੀਆਂ ਦੇ ਨਾਲ-ਨਾਲ ਪੁੱਤਰਾਂ ਨੂੰ ਵੀ ਚੰਗੇ ਸੰਸਕਾਰ ਦੇਣੇ ਚਾਹੀਦੇ ਹਨ।

ਅਖ਼ਬਾਰਾਂ ਵਿਚ ਧੀਆਂ ਨਾਲ ਬਦਸਲੂਕੀ, ਮਾਰ ਕੁਟਾਈ, ਤੰਗ ਪਰੇਸ਼ਾਨ ਕਰਨਾ, ਸਨੈਚਿੰਗ, ਮਾੜਾ ਵਿਵਹਾਰ ਕਰਨ ਦੀਆਂ ਖ਼ਬਰਾਂ ਆਮ ਹੀ ਛਪੀਆਂ ਹੁੰਦੀਆਂ ਹਨ। ਔਰਤਾਂ ਨਾਲ ਮਾੜੀ ਘਟਨਾ ਵਾਪਰਨ ਤੋਂ ਬਾਅਦ ਸੜਕਾਂ ਉੱਤੇ ਵੱਡੇ-ਵੱਡੇ ਅੰਦੋਲਨ ਹੁੰਦੇ ਹਨ। ਟੀ. ਵੀ ਅਤੇ ਸੋਸ਼ਲ ਮੀਡੀਆ ਉੱਤੇ ਨਾਅਰੇ ਮਾਰੇ ਜਾਂਦੇ ਹਨ ਕੁਝ ਦਿਨਾਂ ਬਾਅਦ ਸਥਿਤੀ ਜਿਉਂ ਦੀ ਤਿਉਂ ਹੀ ਹੋ ਜਾਂਦੀ ਹੈ। ਅਜਿਹਾ ਨਹੀਂ ਕਿ ਮਾੜੇ ਕੰਮ ਕਰਨ ਵਾਲੇ ਲੋਕ ਅਨਪੜ੍ਹ ਹੁੰਦੇ ਹਨ, ਬਹੁਤੀ ਵਾਰ ਉੱਚ ਸਿੱਖਿਆ ਪ੍ਰਾਪਤ ਚੰਗੇ ਘਰਾਂ ਦੇ ਮੁੰਡਿਆਂ ਵੱਲੋਂ ਵੀ ਅਜਿਹੇ ਮਾੜੇ ਕੰਮ ਕੀਤੇ ਜਾਂਦੇ ਹਨ। ਸ਼ਾਇਦ ਇਸ ਦਾ ਮੁੱਖ ਕਾਰਨ ਉਨ੍ਹਾਂ ਨੂੰ ਘਰ ਤੋਂ ਲੋੜ ਤੋਂ ਵੱਧ ਖੁੱਲ੍ਹ ਅਤੇ ਚੰਗੇ ਸੰਸਕਾਰ ਨਾ ਦੇਣਾ ਹੈ। ਬਚਪਨ ਤੋਂ ਹੀ ਪੁੱਤਰਾਂ ਨੂੰ ਧੀਆਂ, ਔਰਤਾਂ ਦਾ ਸਤਿਕਾਰ ਕਰਨ ਅਤੇ ਚੰਗਾ ਵਿਵਹਾਰ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਇਕ ਸੱਭਿਅਕ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਸਮੇਂ ਦੇ ਬਦਲਣ ਨਾਲ ਹੌਲੀ-ਹੌਲੀ ਲੋਕਾਂ ਦੀ ਸੋਚ ਬਦਲ ਰਹੀ ਹੈ। ਅੱਜ ਧੀਆਂ ਉੱਚ ਸਿੱਖਿਆ ਪ੍ਰਾਪਤ ਕਰਕੇ ਵੱਡੇ ਤੋਂ ਵੱਡੇ ਅਹੁਦਿਆਂ 'ਤੇ ਤਾਇਨਾਤ ਹੋ ਕੇ ਮਾਪਿਆਂ ਅਤੇ ਦੇਸ਼ ਦਾ ਨਾਂ ਉੱਚਾ ਕਰ ਰਹੀਆਂ ਹਨ। ਮਾਪਿਆਂ ਵੱਲੋਂ ਧੀਆਂ ਦੇ ਨਾਲ-ਨਾਲ ਪੁੱਤਰਾਂ ਨੂੰ ਵੀ ਇਹ ਸਿੱਖਿਆ ਦੇਣੀ ਚਾਹੀਦੀ ਹੈ ਕਿ ਉਹ ਘਰ ਦੇ ਨਾਲ-ਨਾਲ ਬਾਹਰ ਦੇ ਲੋਕਾਂ ਨਾਲ ਚੰਗਾ ਵਿਵਹਾਰ ਕਰਨ। ਹਰ ਔਰਤ ਨੂੰ ਬਣਦਾ ਮਾਣ-ਸਤਿਕਾਰ ਦੇਣਾ ਉਨ੍ਹਾਂ ਦਾ ਫ਼ਰਜ਼ ਹੋਣਾ ਚਾਹੀਦਾ ਹੈ।

ਮਾਪਿਆਂ ਵੱਲੋਂ ਆਪਣੇ ਬੱਚਿਆਂ ਨੂੰ ਚੰਗੀ ਖ਼ੁਰਾਕ, ਚੰਗੀ ਸਿੱਖਿਆ ਅਤੇ ਵਧੀਆ ਜ਼ਿੰਦਗੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਘਰ ਵਿਚ ਧੀਆਂ ਨਾਲੋਂ ਪੁੱਤਰਾਂ ਨੂੰ ਵਧ ਲਾਡ ਪਿਆਰ ਮਿਲਦਾ ਹੈ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਮਾਂ ਬਾਪ ਨੂੰ ਜ਼ਿੰਦਗੀ ਨਾਲ ਕਈ ਸਮਝੌਤੇ ਕਰਨੇ ਪੈਂਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਪੁੱਤਰਾਂ ਨੂੰ ਸਾਰੀਆਂ ਸਹੂਲਤਾਂ ਦੇ ਨਾਲ-ਨਾਲ ਚੰਗੇ ਸੰਸਕਾਰ ਵੀ ਦੇਣ ਕਿਉਂਕਿ ਜਦ ਵੀ ਪੁੱਤਰਾਂ ਵੱਲੋਂ ਕੋਈ ਚੰਗਾ ਜਾਂ ਮਾੜਾ ਕੰਮ ਕੀਤਾ ਜਾਂਦਾ ਹੈ ਤਾਂ ਉਸ ਨਾਲ ਮਾਂ ਬਾਪ ਦੀ ਇੱਜ਼ਤ ਵੀ ਜੁੜੀ ਹੁੰਦੀ ਹੈ। ਸਕੂਲੀ ਪਾਠਕ੍ਰਮ ਦੇ ਵਿਚ ਚੰਗੇ ਸੰਸਕਾਰਾਂ ਦੀ ਸਿੱਖਿਆ ਨੂੰ ਸ਼ਾਮਿਲ ਕਰਨਾ ਅੱਜ ਦੇ ਸਮੇਂ ਦੀ ਮੁੱਖ ਮੰਗ ਹੈ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਮਾਂ ਬਾਪ, ਘਰ ਪਰਿਵਾਰ ਅਤੇ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਅਜਿਹੀ ਨੈਤਿਕ ਸਿੱਖਿਆ ਜਿੱਥੇ ਇਕ ਸੱਭਿਅਕ ਸਮਾਜ ਦੀ ਸਿਰਜਣਾ ਕਰਨ ਵਿਚ ਲਾਹੇਵੰਦ ਹੋਵੇਗੀ ਉੱਥੇ ਹੀ ਪੁੱਤਰਾਂ ਦੇ ਨਾਲ-ਨਾਲ ਧੀਆਂ ਨੂੰ ਵੀ ਆਜ਼ਾਦੀ ਅਤੇ ਮਾਣ ਨਾਲ ਜ਼ਿੰਦਗੀ ਜਿਉਣ ਦਾ ਹੱਕ ਪ੍ਰਦਾਨ ਕਰੇਗੀ। •

98554-83000

### ਜ਼ਿੰਦਗੀ ਜਿਊਣ ਦਾ ਹੱਕ

*ਪੁੱਤਰਾਂ ਦੇ ਨਾਲ-ਨਾਲ ਧੀਆਂ ਨੂੰ ਵੀ ਆਜ਼ਾਦੀ ਅਤੇ ਮਾਣ ਨਾਲ ਜ਼ਿੰਦਗੀ ਜਿਉਣ ਦਾ ਹੱਕ ਦੇਣਾ ਚਾਹੀਦਾ ਹੈ। ਧੀਆਂ ਅਤੇ ਪੁੱਤਰ ਇਕ ਸਮਾਨ ਹਨ। ਇਸ ਲਈ ਦੋਵਾਂ ਨੂੰ ਬਰਾਬਰ ਦੀ ਪਰਵਰਿਸ਼ ਅਤੇ ਸੰਸਕਾਰ ਦੇਣਾ ਮਾਪਿਆਂ ਦਾ ਮੁੱਢਲਾ ਫ਼ਰਜ਼ ਹੈ। ਅਜਿਹਾ ਕਰਕੇ ਅਸੀਂ ਇਕ ਨਰੋਏ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।*

# ਸੋਨੀਪਤ ਦੇ ਸਨਅਤੀ ਮਾਡਲ ਟਾਊਨਸ਼ਿਪ ਖਰਖੌਦਾ ਵਿਚ 57 ਐਮਐਲਡੀ ਸਮੱਰਥਾ ਦਾ ਪਾਣੀ ਟੀਟ੍ਮੈਂਟ ਪਲਾਂਟ (ਡਬਲਯੂਟੀਪੀ) ਸਥਾਪਿਤ ਕੀਤਾ ਜਾਵੇਗਾ : ਮਨੋਹਰ ਲਾਲ ਖੱਟੜ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਜਿਲਾ ਸੋਨੀਪਤ ਦੇ ਸਨਅਤੀ ਮਾਡਲ ਟਾਊਨਸ਼ਿਪ ਖਰਖੌਦਾ ਵਿਚ 57 ਐਮਐਲਡੀ ਸਮੱਰਥਾ ਦਾ ਪਾਣੀ ਟੀਟ੍ਮੈਂਟ ਪਲਾਂਟ (ਡਬਲਯੂਟੀਪੀ) ਸਥਾਪਿਤ ਕੀਤਾ ਜਾਵੇਗਾ। ਇਸ ਲਈ ਅੱਜ ਇੱਥੇ ਮੁੱਖ ਮੰਤਰੀ ਮਨੋਹਰ ਲਾਲ ਦੀ ਪ੍ਰਧਾਨਗੀ ਹੇਠ ਹੋਈ ਹਾਈ ਪਾਵਰ ਵਰਕਸ ਪਰਚੇਜ ਕਮੇਟੀ ਦੀ ਮੀਟਿੰਗ ਵਿਚ ਇਸ ਪ੍ਰੋਜੈਕਟ ਦੇ ਡਿਜਾਇਨ, ਨਿਰਮਾਣ ਅਤੇ ਪ੍ਰਬੰਧਨ ਆਦਿ ਲਈ ਲਗਭਗ 118 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਹੈ।

ਇਸ ਤੋਂ ਇਲਾਵਾ, ਉੱਚ ਅਧਿਕਾਰ ਪ੍ਰਾਪਤ ਪਰਚੇਜ ਕਮੇਟੀ, ਵਿਭਾਗੀ ਉੱਚ ਅਧਿਕਾਰੀ ਪ੍ਰਾਪਤ ਪਰਚੇਜ ਕਮੇਟੀ ਅਤੇ ਹਾਈ ਪਾਵਰ ਵਰਕਸ ਪਰਚੇਜ ਕਮੇਟੀ ਦੀ ਮੀਟਿੰਗ ਵਿਚ ਕੁਲ 774 ਕਰੋੜ ਰੁਪਏ ਤੋਂ ਵੱਧ ਦੇ ਠੇਕੇ ਅਤੇ ਵੱਖ-ਵੱਖ ਵਸਤਾਂ ਦੀ ਖਰੀਦ ਨੂੰ ਪ੍ਰਵਾਨਗੀ ਦਿੱਤੀ ਗਈ। ਮੀਟਿੰਗ ਵਿਚ ਵੱਖ-ਵੱਖ ਬੋਲੀਦਾਤਾਵਾਂ ਨਾਲ ਨੇਗੋਸਿਏਸ਼ਨ ਤੋਂ ਬਾਅਦ ਦਰਾਂ ਤੈਅ ਕਰਕੇ ਲਗਭਗ 30 ਕਰੋੜ ਰੁਪਏ ਦੀ ਬਚਤ ਕੀਤੀ ਗਈ।



ਮੀਟਿੰਗ ਵਿਚ ਸਥਾਨਕ ਸਰਰਕਾਰ ਮੰਤਰੀ ਡਾ. ਕਮਲ ਗੁਪਤਾ, ਮਹਿਲਾ ਤੇ ਬਾਲ ਵਿਕਾਸ ਰਾਜ ਮੰਤਰੀ ਕਮਲੇਸ਼ ਢਾਂਡਾ ਅਤੇ ਕਿਰਤ ਰਾਜ ਮੰਤਰੀ ਅਨੂਪ ਧਾਨਕ ਵੀ ਹਾਜਿਰ ਸਨ।ਮੀਟਿੰਗ ਵਿਚ ਕੁਲ 32 ਏਜੰਡੇਂ ਰੱਖੇ ਗਏ ਅਤੇ 29 ਏਜੰਡਿਆਂ ਨੂੰ ਪ੍ਰਵਾਨਗੀ ਦਿੱਤੀ ਗਈ।

ਮੀਟਿੰਗ ਵਿਚ ਜਿਲਾ ਰਿਵਾੜੀ ਦੇ ਜਾਟੂਸਾਨਾ ਵਿਚ ਸਰਕਾਰੀ ਕੰਨਿਆ ਕਾਲਜ ਦੇ ਨਿਰਮਾਣ ਲਈ ਏਜੰਡੇ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਸ ਕਾਲਜ ਦੇ ਨਿਰਮਾਣ 'ਤੇ ਲਗਭਗ 13 ਕਰੋੜ ਰੁਪਏ ਦੀ ਲਾਗਤ ਆਵੇਗੀ। ਜਿਲਾ ਕੁਰੂਕਸ਼ੇਤਰ ਦੇ ਚੰਮਾ ਕਲਾਂ ਵਿਚ ਵੀ ਲਗਭਗ 14 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਕੰਨਿਆ ਕਾਲਜ ਦੇ ਨਿਰਮਾਣ ਲਈ ਪ੍ਰਵਾਨਗੀ ਦਿੱਤੀ ਗਈ। ਇਸ ਤਰ੍ਹਾਂ, ਸਿਖਿਆ ਦੇ ਵਿਕਾਸ ਵਿਚ ਬੁਨਿਆਦੀ ਢਾਂਚਾ ਨੂੰ ਪ੍ਰੋਤਸਾਹਿਤ ਕਰਦੇ ਹੋਏ ਚਰਖੀ ਦਾਦਰੀ ਦੇ ਬੌਂਦ ਕਲਾਂ ਅਤੇ ਝੱਜਰ ਦੇ ਦੁਜਾਨਾਂ ਵਿਚ ਵੀ ਸਰਕਾਰੀ ਕਾਲਜਾਂ ਦੇ ਨਿਰਮਾਣ ਲਈ ਪ੍ਰਵਾਨਗੀ ਦਿੱਤੀ ਗਈ। ਲਗਭਗ 28 ਕਰੋੜ ਰੁਪਏ ਦੀ ਲਾਗਤ ਨਾਲ ਇੰਨ੍ਹਾਂ ਦੋਵਾਂ ਪਰਿਯੋਜਨਾਵਾਂ ਦਾ ਨਿਰਮਾਣ ਕੀਤਾ ਜਾਵੇਗਾ।

ਜਿਲਾ ਭਿਵਾਨੀ ਦੇ ਲੋਹਾਰੂ ਵਿਧਾਨ ਸਭਾ ਹਲਕੇ ਵਿਚ ਲਗਭਗ 22 ਕਰੋੜ ਰੁਪਏ ਦੀ ਲਾਗਤ ਨਾਲ 4 ਰੇਲ ਅੰਡਰ ਬ੍ਰਿਜ ਦੇ ਨਿਰਮਾਣ ਕੰਮ ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਨਾਲ ਹੀ ਲਗਭਗ 21 ਕਰੋੜ ਰੁਪਏ ਦੀ ਲਾਗਤ ਨਾਲ ਜਿਲਾ ਰੋਹਤਕ ਵਿਚ ਰੋਹਤਕ-ਭਿਵਾਨੀ ਤੋਂ ਬੇਰੀ-ਕਲਾਨੌਰ-ਮਹਿਮ ਰੋਡ 'ਤੇ ਲਾਹਲੀ-ਕਲਾਨੌਰ ਸਟੇਸ਼ਨ ਵਿਚਕਾਰ 2 ਲੇਨ ਰੇਲ ਓਵਰ ਬ੍ਰਿਜ ਦੇ ਨਿਰਮਾਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

ਮੀਟਿੰਗ ਵਿਚ ਗੁਰੂਗ੍ਰਾਮ ਮਹਾਨਗਰ ਵਿਕਾਸ ਅਥਾਰਿਟੀ ਦੇ ਤਹਿਤ ਲਗਭਗ 71 ਕਰੋੜ ਰੁਪਏ ਦੀ ਵਿਕਾਸ ਕੰਮਾਂ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਵਿਚ 22 ਐਮਐਲਡੀ ਸਮੱਰਥਾ ਦੇ ਵਾਟਰ ਟ੍ਰੀਟਮੈਂਟ ਪਲਾਂਟ ਦਾ ਨਿਰਮਾਣ, ਓਐਚਐਸਆਰ ਦਾ ਵਿਕਾਸ, ਸੈਕਟਰ 16 ਪਾਰਟ 1 ਵਿਚ ਬੂਸਟਿੰਗ ਸਟੇਸ਼ਨ ਦਾ ਨਿਰਮਾਣ ਤੇ ਵਿਕਾਸ ਨਾਲ ਸਬੰਧਤ ਕੰਮ ਸ਼ਾਮਿਲ ਹਨ। ਇਸ ਤੋਂ ਇਲਾਵਾ, ਫਰੀਦਾਬਾਦ ਮਹਾਨਗਰ ਵਿਕਾਸ ਅਥਾਰਿਟੀ ਦੇ ਤਹਿਤ ਫਰੀਦਾਬਾਦ ਵਿਚ ਪਾਣੀ ਸਪਲਾਈ ਯੋਜਨਾ ਦੇ ਵਿਸਥਾਰ ਲਈ 97 ਕਰੋੜ ਰੁਪਏ ਦੀ ਲਾਗਤ ਨਾਲ 5 ਰੈਨੀ ਵੇਲ ਦੇ ਨਿਰਮਾਣ ਅਤੇ 1 ਬੂਸਟਿੰਗ ਸਟੇਸ਼ਨ ਲਈ ਪ੍ਰਵਾਨਗੀ ਦਿੱਤੀ ਗਈ।

ਮੀਟਿਗ ਵਿਚ ਲਗਭਗ 21 ਕਰੋੜ ਰੁਪਏ ਦੀ ਲਾਗਤ ਨਾਲ ਜਿਲਾ ਫਤਿਹਾਬਾਦ ਦੇ ਜਮਾਲਪੁਰ ਸ਼ੇਖਾਂ ਵਿਚ ਲੇਵਲ ਕ੍ਰਾਸਿੰਗ ਸੀ-6 'ਤੇ ਟੋਹਾਣਾ-ਕੁਲਾਨਾ-ਰਤਿਆ ਰੋਡ ਜਾਖਲ-ਹਿਸਾਰ ਰੇਲ ਲਾਇਨ 'ਤੇ 2 ਲੇਨ ਰੇਲ ਓਵਰ ਬ੍ਰਿਜ ਦੇ ਨਿਰਮਾਣ ਕੰਮ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ, ਭਿਵਾਨੀ, ਅੰਬਾਲਾ ਅਤੇ ਹਿਸਾਰ ਜਿਲ੍ਹਿਆਂ ਦੀ ਸੜਕਾਂ ਦੀ ਵਿਸ਼ੇਸ਼ ਮੁਰੰਮਤ ਤੇ ਮਜ਼ਬੂਤੀਕਰਨ ਸਮੇਤ ਆਪਰੇਸ਼ਨ ਸਰਕਿਲ ਯਮੁਨਾਨਗਰ ਅਤੇ ਪਾਣੀਪਤ ਦੇ ਤਹਿਤ 4 ਨਵੇਂ 33 ਕੇਵੀ ਦੇ ਏਅਰ ਇੰਸੁਲੇਟੇਡ ਸਬ-ਸਟੇਸ਼ਨ ਦੀ ਸਥਾਪਨਾ ਸਮੇਤ ਹੋਰ ਕੰਮਾਂ ਲਈ ਵੀ ਕਰੋੜਾਂ ਰੁਪਏ ਦੀ ਪ੍ਰਵਾਨਗੀਆਂ ਦਿੱਤੀ ਗਈਆ।

ਮੀਟਿੰਗ ਵਿਚ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ.ਉਮਾਸ਼ੰਕਰ, ਪ੍ਰਿੰਸਪੀਲ ਸਲਾਹਕਾਰ ਸ਼ਹਿਰੀ ਵਿਕਾਸ ਡੀ.ਐਸ.ਢੇਸੀ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਟਾਊਨ ਤੇ ਕੰਟਰੀ ਪਲਾਨਿੰਗ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਰੁਣ ਗੁਪਤਾ, ਊਰਜਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਏ.ਕੇ.ਸਿੰਘ, ਬਿਜਲੀ ਨਿਗਮਾਂ ਦੇ ਚੇਅਰਮੈਨ ਪੀ.ਕੇ.ਦਾਸ, ਸਪਲਾਈ ਤੇ ਨਿਪਟਾਰਾ ਵਿਭਾਗ ਦੇ ਡਾਇਰੈਕਟਰ ਜਰਨਲ ਮੁਹੰਮਦ ਸ਼ਾਇਨ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਤੇ ਹਰਿਆਣਾ ਬਿਜਲੀ ਪ੍ਰਸਾਰਣ ਨਿਗਮ ਲਿਮਟਿਡ ਦੇ ਪ੍ਰਬੰਧ ਨਿਦੇਸ਼ਕ ਡਾ.ਅਮਿਤ ਅਗਰਵਾਲ ਸਮੇਤ ਹੋਰ ਸੀਨੀਅਰ ਅਧਿਕਾਰੀ ਹਾਜਿਰ ਸਨ।

# ਕਿਹਾ-ਹਿੰਦੂ ਸਮਾਜ ਦੇ ਸਵੈ-ਮਾਣ ਦੀ ਰੱਖਿਆ ਕਰਨਾ ਬਜਰੰਗ ਦਲ ਦਾ ਉਦੇਸ਼

**ਕਪੂਰਥਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਜਰੰਗ ਦਲ ਨੇ ਸੇਵਾ,ਸੁਰੱਖਿਆ ਅਤੇ ਸੰਸਕਾਰ ਨੂੰ ਆਪਣਾ ਮਨੋਰਥ ਮੰਨਦਿਆਂ ਹਿੰਦੂ ਨੌਜਵਾਨਾਂ ਵਿਚ ਸਮਾਜ ਸੇਵਾ,ਦੇਸ਼ ਭਗਤ,ਸਵੈ-ਨਿਰਭਰ ਭਾਵਨਾ ਪੈਦਾ ਕਰਕੇ ਉਨ੍ਹਾਂ ਵਿੱਚ ਦੇਸ਼ ਸੇਵਾ ਦੀ ਭਾਵਨਾ ਜਗਾਉਣਾ ਹੈ।ਇਹ ਸਮਾਜ ਵਿੱਚ ਵੱਧ ਰਹੀਆਂ ਚੁਣੌਤੀਆਂ ਤੋਂ ਸੁਚੇਤ ਹੋ ਕੇ ਸਮੱਸਿਆਵਾਂ ਦੇ ਹੱਲ ਲੱਭਣ ਲਈ ਸੰਘਰਸ਼ ਕਰਦਾ ਹੈ।ਇਹ ਧਰਮ ਦੀ ਰੱਖਿਆ,ਸੱਭਿਆਚਾਰ,ਗਊ ਰੱਖਿਆ,ਹਿੰਦੂ ਲੜਕੀਆਂ ਦੀ ਰੱਖਿਆ,ਮੱਠ ਮੰਦਰਾਂ ਦੀ ਰੱਖਿਆ ਸਮੇਤ ਕਈ ਸੇਵਾਵਾਂ ਕਰਕੇ ਸਮਾਜ ਦੇ ਮੋਹਰੀ ਰਾਖੇ ਵਜੋਂ ਖੜ੍ਹਾ ਰਹਿੰਦਾ ਹੈ।ਇਹ ਗੱਲ ਵਿਸ਼ਵ ਹਿੰਦੂ ਪ੍ਰੀਸ਼ਦ ਜਲੰਧਰ ਵਿਭਾਗ ਦੇ ਪ੍ਰਧਾਨ ਨਰੇਸ਼ ਪੰਡਿਤ ਅਤੇ ਬਜਰੰਗ ਦਲ ਦੇ ਜ਼ਿਲ੍ਹਾ ਪ੍ਰਧਾਨ ਜੀਵਨ ਪ੍ਰਕਾਸ਼ ਵਾਲੀਆ ਨੇ ਸੋਮਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਬਜਰੰਗ ਦਲ ਦਾ ਉਦੇਸ਼ ਹਿੰਦੂ ਸਮਾਜ ਦੇ ਸਵੈ-ਮਾਣ ਦੀ ਰਾਖੀ ਕਰਨਾ ਹੈ।ਉਨ੍ਹਾਂ ਕਿਹਾ ਕਿ

ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਰਾਮ ਜਾਨਕੀ ਰਥ ਯਾਤਰਾ 1984 ਵਿੱਚ ਕੱਢੀ ਗਈ ਸੀ।ਇਸ ਦੀ ਰਾਖੀ ਲਈ ਸੰਤਾਂ ਨੇ ਇੱਕ ਟੋਲੀ ਦਾ ਗਠਨ ਕੀਤਾ ਸੀ।ਉਹੀ ਟੋਲੀ ਅੱਗੇ ਚੱਲ ਕੇ ਬਜਰੰਗ ਦਲ ਦੇ ਰੂਪ ਵਿੱਚ ਸਥਾਪਿਤ ਹੋਈ।ਨਰੇਸ਼ ਪੰਡਿਤ ਨੇ ਕਿਹਾ ਕਿ ਬਜਰੰਗ ਦਲ ਨੇ ਸ਼੍ਰੀ ਰਾਮ ਮੰਦਿਰ ਅੰਦੋਲਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਹਿੰਦੂ ਸਮਾਜ ਨੂੰ ਜਥੇਬੰਦ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ।ਉਨ੍ਹਾਂ ਕਿਹਾ ਕਿ ਬਜਰੰਗ ਦਲ ਦੇ ਆਦਰਸ਼ ਭਗਵਾਨ ਹਨੂੰਮਾਨ ਹਨ।ਹਰ ਬਜਰੰਗੀ ਨੂੰ ਉਨ੍ਹਾਂਦੇ ਜੀਵਨ ਦਾ ਪਾਲਣ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਹਨੂੰਮਾਨ ਜੀ ਵੀ ਸੇਵਾ,ਰੱਖਿਆ ਅਤੇ ਸੰਸਕਾਰਾਂ ਦੇ ਗੁਣਾਂ ਨਾਲ ਲੈਸ ਸਨ।ਉਨ੍ਹਾਂ ਨੇ ਭਗਵਾਨ ਰਾਮ ਦੀ ਨਿਰਸਵਾਰਥ ਸੇਵਾ ਕੀਤੀ।ਉਹ ਸੰਕਟ ਦੇ ਸਮੇਂ ਉਨ੍ਹਾਂ ਦੇ ਨਾਲ ਰਹੇ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਹਨੂੰਮਾਨ ਜੀ ਨੇ ਅਯੁੱਧਿਆ ਰਿਆਸਤ ਦੀ ਸੇਵਾ ਵਿਚ ਆਪਣਾ ਜੀਵਨ ਸਮਰਪਿਤ ਕੀਤਾ ਸੀ,ਉਸੇ ਤਰ੍ਹਾਂ ਦੇਸ਼ ਅਤੇ ਸਮਾਜ ਦੀ ਰੱਖਿਆ ਲਈ ਸਾਰੇ ਬਜਰੰਗੀਆਂ ਨੂੰ ਮੋਹਰੀ ਕਤਾਰ ਵਿਚ ਖੜ੍ਹਨਾ ਹੋਵੇਗਾ।ਬਜਰੰਗ ਦਲ ਦਾ ਮੁੱਖ ਉਦੇਸ਼ ਸੇਵਾ, ਸੁਰੱਖਿਆ ਪ੍ਰਦਾਨ ਕਰਨਾ ਅਤੇ ਕਦਰਾਂ-ਕੀਮਤਾਂ ਦਾ ਨਿਰਮਾਣ ਕਰਨਾ ਹੈ।ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸੁੱਖ-ਸਹੂਲਤਾਂ ਨੂੰ ਛੱਡ ਕੇ ਭਾਰਤ ਮਾਤਾ ਅਤੇ ਗਊ ਮਾਤਾ ਦੀ ਰੱਖਿਆ ਲਈ ਜਾਗਣਾ ਪਵੇਗਾ।ਇਸ ਲਈ ਸੰਗਠਨ ਦੇ ਸਮੂਹ ਅਹੁਦੇਦਾਰਾਂ ਨੂੰ ਚਾਹੀਦਾ ਹੈ ਕਿ ਉਹ ਸਮਾਜ ਦੀ ਸੇਵਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਲੋਕਾਂ ਵਿੱਚ ਕਦਰਾਂ-ਕੀਮਤਾਂ ਦੀ ਭਾਵਨਾ ਪੈਦਾ ਕਰਨ।ਅਜਿਹਾ ਕਰਨ ਨਾਲ ਦੇਸ਼ ਅਤੇ ਸੱਭਿਆਚਾਰ ਦੀ ਚੜ੍ਹਦੀ ਕਲਾ ਹੋਵੇਗੀ।ਬਜਰੰਗ ਦਲ ਆਗੂ ਜੀਵਨ ਵਾਲੀਆ ਨੇ ਕਿਹਾ ਕਿ ਜੇਕਰ ਅਸੀਂ ਸਾਰੇ ਸੰਗਠਨ ਦਾ ਰੂਪ ਵਧਾਵਾਂਗੇ ਤਾਂ ਲਵ ਜੇਹਾਦ ਅਤੇ ਧਰਮ ਪਰਿਵਰਤਨ ਵਰਗੀਆਂ ਸਮੱਸਿਆਵਾਂ ਦਾ ਵੀ ਹੱਲ ਹੋਵੇਗਾ।ਨਵੀਂ ਪੀੜ੍ਹੀ ਇਸ ਨਾਲ ਨਜੀਠਣਾ ਹੋਵੇਗਾ।ਬਜਰੰਗ ਦਲ ਵਰਕਰਾਂ ਨੂੰ ਸਮਾਜ ਵਿੱਚ ਸੇਵਾ, ਸੁਰੱਖਿਆ ਅਤੇ ਸੱਭਿਆਚਾਰ ਦੀ ਭਾਵਨਾ ਪੈਦਾ ਕਰਨ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।ਬਜਰੰਗ ਦਲ ਸ਼੍ਰੀ ਰਾਮ ਜਨਮ ਭੂਮੀ ਅੰਦੋਲਨ, ਅਮਰਨਾਥ ਯਾਤਰਾ,ਰਾਮ ਸੇਤੂ ਸੁਰੱਖਿਆ ਵਰਗੇ ਮੁੱਦਿਆਂ ਤੇ ਅੰਦੋਲਨ ਅੱਗੇ ਆਇਆ ਹੈ।ਵਾਲੀਆ ਨੇ ਯਾਦ ਦਿਵਾਇਆ ਕਿ ਜਦੋਂ 1996 ਚ ਅਮਰਨਾਥ ਯਾਤਰਾ ਨੂੰ ਲੈ ਕੇ ਵਿਵਾਦ ਹੋਇਆ ਸੀ ਤਾਂ ਦੇਸ਼ ਭਰ ਚੋਂ 50 ਹਜ਼ਾਰ ਬਜਰੰਗ ਦਲ ਦੇ ਵਰਕਰਾਂ ਨੇ ਉਸ ਯਾਤਰਾ ਚ ਹਿੱਸਾ ਲਿਆ ਸੀ।ਉਸ ਤੋਂ ਬਾਅਦ ਅਮਰਨਾਥ ਯਾਤਰਾ ਲਗਾਤਾਰ ਜਾਰੀ ਰਹੀ।ਵਾਲੀਆ ਨੇ ਕਿਹਾ ਕਿ ਬਜਰੰਗ ਦਲ ਦਾ ਜਨਮ ਹਿੰਦੂ ਸਮਾਜ ਦੀ ਰੱਖਿਆ ਲਈ ਹੋਇਆ ਹੈ।ਬਜਰੰਗ ਦਲ ਨੇ ਹਮੇਸ਼ਾ ਹਿੰਦੂ ਧਰਮ ਦੀ ਰੱਖਿਆ ਲਈ ਕੰਮ ਕੀਤਾ ਹੈ,ਚਾਹੇ ਉਹ ਗਊ ਰੱਖਿਆ ਦਾ ਮੁੱਦਾ ਹੋਵੇ ਜਾਂ ਫਿਰ ਹਿੰਦੂ ਲੜਕੀਆਂ ਦੀ ਰੱਖਿਆ ਦਾ ਬਜਰੰਗ ਦਲ ਹਮੇਸ਼ਾ ਹਿੰਦੂ ਸਮਾਜ ਦੀ ਸੇਵਾ ਅਤੇ ਰਾਖੀ ਲਈ ਹਮੇਸ਼ਾ ਤਤਪਰ ਰਹਿੰਦਾ ਹੈ।ਬਜਰੰਗ ਦਲ ਸੰਸਕਾਰਿਤ ਨੌਜਵਾਨਾਂ ਸੰਗਠਨ ਹੈ।ਅੱਜ ਧਰਮ ਅਤੇ ਦੇਸ਼ ਦੀ ਰੱਖਿਆ ਲਈ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦਾ ਸਾਥ ਦੇਣ ਦੀ ਲੋੜ ਹੈ।ਉਨ੍ਹਾਂ ਦੱਸਿਆ ਕਿ ਅੱਜ ਨੌਜਵਾਨਾਂ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨਾਲ ਜੁੜਨ ਦੀ ਲੋੜ ਹੈ ਅਤੇ ਜੁੜਨਾ ਚਾਹੀਦਾ ਹੈ, ਤਾਂ ਜੋ ਹਿੰਦੂ ਸਮਾਜ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।ਉਨ੍ਹਾਂ ਨੇ ਬਜਰੰਗ ਦਲ ਨੂੰ ਹਿੰਦੂਆਂ ਦੀ ਤਾਕਤ ਦਾ ਸੰਗਠਨ ਦੱਸਿਆ ਅਤੇ ਹਿੰਦੂਆਂ ਦੇ ਨਾਲ ਬਜਰੰਗ ਦਲ ਹਮੇਸ਼ਾ ਖੜ੍ਹਾ ਹੈ।ਉਨ੍ਹਾਂ ਕਿਹਾ ਕਿ ਬਜਰੰਗ ਦਲ ਦਾ ਮਨੋਰਥ ਸੇਵਾ,ਸੁਰੱਖਿਆ ਅਤੇ ਸੰਸਕਾਰ ਹਨ,ਇਨ੍ਹਾਂ ਤਿੰਨਾਂ ਗੁਣਾਂ ਨੂੰ ਸਾਰੇ ਵਰਕਰਾਂ ਵਿਚ ਸ਼ਾਮਲ ਕਰਨਾ ਜ਼ਰੂਰੀ ਹੈ।

# ਮੈਡੀਕਲ ਆਧਾਰ 'ਤੇ ਮਾਲੀ ਮਦਦ ਪ੍ਰਾਪਤ ਕਰਨ ਵਾਲਿਆਂ ਨੂੰ ਸਰਲ ਪੋਟਰਲ 'ਤੇ ਬਿਨੈ ਕਰਨ ਦੀ ਸਹੂਲਤ ਪ੍ਰਦਾਨ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਮਹੁੱਇਆ ਕਰਵਾਉਣ ਦੀ ਕੜੀ ਵਿਚ ਇਕ ਹੋਰ ਕਦਮ ਵੱਧਾਉਂਦੇ ਹੋਏ ਮੁੱਖ ਮੰਤਰੀ ਰਾਹਤ ਫੰਡ ਦੇ ਤਹਿਤ ਮੈਡੀਕਲ ਆਧਾਰ 'ਤੇ ਮਾਲੀ ਮਦਦ ਪ੍ਰਾਪਤ ਕਰਨ ਵਾਲਿਆਂ ਨੂੰ ਸਰਲ ਪੋਟਰਲ 'ਤੇ ਬਿਨੈ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਹੈ। ਇਸ ਨਾਲ ਇਹ ਪ੍ਰਕ੍ਰਿਆ ਹੋਰ ਵੱਧ ਆਸਾਨ ਹੋ ਗਈ ਹੈ।

ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਹੁਣ ਆਰਥਿਕ ਮਦਦ ਲਈ ਬਿਨੈਕਾਰ ਸਰਲ ਪੋਟਰਲ ਰਾਹੀਂ ਸਹੂਲਤ ਦਾ ਲਾਭ ਪ੍ਰਾਪਤ ਕਰ ਸਕਦੇ ਹਨ। ਮੁੱਖ ਮੰਤਰੀ ਰਾਹਤ ਫੰਡ ਨਾਲ ਮਿਲਣ ਵਾਲੀ ਆਰਥਿਕ ਮਦਦ ਦੀ ਰਕਮ ਦੀ ਰਕਮ ਸਿੱਧੇ ਬਿਨੈਕਾਰ ਜਾਂ ਲਾਭਕਾਰੀ ਦੇ ਬੈਂਕ ਖਾਤੇ ਵਿਚ ਟਰਾਂਸਫਰ ਕੀਤੀ ਜਾਵੇਗੀ। ਬਿਨੈਕਾਰ ਆਪਣੀ ਪਰਿਵਾਰ ਪਛਾਣ ਪੱਤਰ ਆਈਡੀ ਰਾਹੀਂ ਸਰਲ ਪੋਟਰਲ 'ਤੇ ਬਿਨੈ ਕਰ ਸਕਦਾ ਹੈ। ਇਸ ਪ੍ਰਕ੍ਰਿਆ ਨੂੰ ਪੂਰੀ ਕਰਨ ਲਈ ਬਿਨੈਕਾਰਾਂ ਨੂੰ ਆਪਣੇ ਮੈਡੀਕਲ ਬਿਲ, ਓਪੀਡੀ ਬਿਲ ਆਦਿ ਵਰਗੇ ਹੋਰ ਸਬੰਧਤ ਦਸਤਾਵੇਜਾਂ ਨੂੰ ਅਪਲੋਡ ਕਰਕੇ ਮੁੱਖ ਮੰਤਰੀ ਰਾਹਤ ਫੰਡ (ਸੀਐਮਆਰਐਫ) ਨਾਲ ਮੈਡੀਕਲ ਆਧਾਰ 'ਤੇ ਮਾਲੀ ਮਦਦ ਲਈ ਬਿਨੈ ਕਰ ਸਕਦੇ ਹਨ।

ਬੁਲਾਰੇ ਨੇ ਦਸਿਆ ਕਿ ਯੋਜਨਾ ਵਿਚ ਕੀਤੇ ਗਏ ਬਦਲਾਵਾਂ ਦੇ ਤਹਿਤ ਜੇਕਰ ਕੋਈ ਬਿਮੀਰ ਆਯੁਸ਼ਮਾਨ ਭਾਰਤ ਜਨ ਆਰੋਗਯ ਯੋਜਨਾ ਵਿਚ ਕਵਰ ਨਹੀਂ ਹੋ ਰਹੀ ਹੈ, ਤਾਂ ਆਯੁਸ਼ਮਾਨ ਯੋਜਨਾ ਦੇ ਲਾਭਕਾਰੀਆਂ ਨੂੰ ਵੀ ਇਸ ਯੋਜਨਾ ਦੇ ਤਹਿਤ ਲਾਭ ਮਿਲੇਗਾ। ਮੁੱਖ ਮੰਤਰੀ ਰਾਹਤ ਫੰਡ ਦੇ ਤਹਿਤ ਆਰਥਿਕ ਮਦਦ ਲਈ ਜਿਲਾ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿਚ ਸਬੰਧਤ ਐਮ.ਪੀ., ਸਬੰਧਤ ਵਿਧਾਇਕ, ਡਿਪਟੀ ਕਮਿਸ਼ਨਰ, ਸਿਵਲ ਸਰਜਨ, ਨਗਰ ਪਰਿਸ਼ਦ ਤੇ ਨਗਰ ਪਾਲਿਕਾਵਾਂ ਦੇ ਚੇਅਰਮੈਨ, ਜਿਲਾ ਪਰਿਸ਼ਦ ਦੇ ਚੇਅਰਮੈਨ, ਪੰਚਾਇਤ ਕਮੇਟੀ ਦੇ ਚੇਅਰਮੈਨ ਨੂੰ ਮੈਂਬਰ ਅਤੇ ਸਿਟੀ ਮੈਜਿਸਟ੍ਰੇਟ ਨੂੰ ਨੋਡਲ ਅਧਿਕਾਰੀ ਬਣਾਇਆ ਗਿਆ ਹੈ।

ਬੁਲਾਰੇ ਨੇ ਦਸਿਆ ਕਿ ਮੁੱਖ ਮੰਤਰੀ ਰਾਹਤ ਫੰਡ ਨਾਲ ਆਰਥਿਕ ਮਦਦ ਵੱਜੋਂ ਇਲਾਜ ਖਰਚ ਦਾ 24 ਫੀਸਦੀ ਪੈਸਾ ਹੀ ਮਿਲੇਗਾ, ਜਿਸ ਦੀ ਵੱਧ ਤੋਂ ਵੱਧ ਸੀਮਾ ਇਕ ਲੱਖ ਰੁਪਏ ਨਿਰਧਾਰਿਤ ਕੀਤੀ ਗਈ ਹੈ। "ਥੇ ਬਿਨੈਕਾਰ ਮਾਲੀ ਵਰ੍ਹੇ ਵਿਚ ਸਿਰਫ ਇਕ ਵਾਰ ਹੀ ਇਸ ਸਹੂਲਤ ਦਾ ਫਾਇਦਾ ਲੈ ਸਕੇਗਾ।

# ਪ੍ਰਜਾਪਿਤਾ ਬ੍ਰਹਮ ਕੁਮਾਰੀ ਇਸ਼ਵਰਿਆ ਵਿਸ਼ਵ ਵਿਦਿਆਲਿਆ ਦੇ ਸਹਿਯੋਗ ਨਾਲ ਬ੍ਰਹਮਾ ਕੁਮਾਰੀ ਆਸ਼ਰਮ ਨਾਭਾ ਵੱਲੋਂ 88ਵਾਂ ਮਹਾਸ਼ਿਵ ਜਯੰਤੀ ਮਹਾਉਤਸਵ ਦਾ ਕੀਤਾ ਆਯੋਜਨ



**ਨਾਭਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

)ਸ਼੍ਰੀ ਬ੍ਰਹਮਾ ਕੁਮਾਰੀ ਆਸ਼ਰਮ ਮੁਹੱਲਾ ਸੰਗਤਪੁਰਾ ਨਾਭਾ ਵੱਲੋਂ ਪ੍ਰਜਪਿਤਾ ਬ੍ਰਹਮਾ ਬਾਬਾ ਦੇ ਅਤੇ ਰਜਯੋਗੀਨੀ ਬ੍ਰਹਮਕੁਮਾਰੀ ਗੁਲਸ਼ਨ ਦੀਦੀ ਦੇ ਅਸ਼ੀਰਵਾਦ ਨਾਲ ਰਾਜਯੋਗੀਨੀ ਬ੍ਰਹਮਕੁਮਾਰੀ ਵੀਨਾ ਦੀਦੀ ਦੀ ਅਗਵਾਈ ਵਿੱਚ ਮਹਾਸ਼ਿਵਰਾਤਰੀ ਨੂੰ ਮੁੱਖ ਰੱਖਦੇ ਹੋਏ 88ਵਾਂ ਮਹਾਸ਼ਿਵ ਜਯੰਤੀ ਮਹਾਉਤਸਵ ਦਾ ਤ੍ਰਿਬੇਣੀ ਪੈਲੇਸ ਨਾਭਾ ਵਿਖੇ ਆਯੋਜਨ ਕੀਤਾ ਗਿਆ। ਸ਼੍ਰੀ ਰਾਮ ਸੇਵਾ ਸਮਿਤੀ ਨੇ ਇਸ ਸਮਾਗਮ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।ਸ਼੍ਰੀ ਸ਼ੰਭੂ ਨਾਥ ਵਿਰਦੀ ਨੇ ਵੀ ਇਸ ਸਮਾਗਮ ਵਿਚ ਅਪਣਾ ਯੋਗਦਾਨ ਪਾਇਆ ਗਿਆ ਨਾਲ ਹੀ ਵਿਸ਼ੇਸ਼ ਯੋਗਦਾਨ ਡਿਵਾਈਨ ਏਂਜਲ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਪ੍ਰੋਫੈਸਰ ਰਵਿੰਦਰ ਸਿੰਘ ਬੀਰ ਰਿਹਾ। ਸੰਤ ਮਹਾਤਮਾ ਵਲੋਂ ਪਰਮੇਸ਼ਵਰ ਦਾ ਗੁਣਗਾਨ ਕੀਤਾ ਗਿਆ। ਵੱਖ ਸੰਪ੍ਰਦਾਵਾਂ ਦੇ ਆਗੂ ਅਤੇ ਸੰਤ ਇਸ ਮੌਕੇ ਇਸ ਸਮਾਗਮ ਦੀ ਸ਼ੋਭਾ ਵਧਾ ਰਹੇ ਸਨ।ਇਸ ਮੌਕੇ ਜਥੇਦਾਰ ਕਸ਼ਮੀਰਾ ਸਿੰਘ ਗੁਰੁਦਵਾਰਾ ਬੁਰਜ ਸ਼ਹੀਦਾ ਨਾਭਾ, ਬਣਾ ਰਣਜੀਤ ਸਿੰਘ ਢੀਘੀ ਵਾਲੇਮਹੰਤ ਅਵਧ ਬਿਹਾਰੀ ਤਪਿਆ ਜੀ,ਸ਼੍ਰੀ ਮਹੰਤ ਰਘੁਵੀਰ ਜੀ ਮਾਝੀ ਵਾਲੇ,ਪਾਲ ਦੀਦੀ ਦਰਬਾਰ ਬਾਬਾ ਸ਼੍ਰੀ ਚੰਦ ਜੀ,ਮਹੰਤ ਵਿਸ਼ਵਨਾਥ ਗਿਰੀ ਜੀ ਸਚਿਨ ਸ਼੍ਰੀ ਪੰਚਾਇਤੀ ਅਖਾੜਾ ਮਹਾਨਿਰਵਾਨ ਅਰੁਣਾਏ,ਸਮਾਗਮ ਦੇ ਮੁੱਖ ਕਥਾਕਾਰ ਬ੍ਰਹਮ ਕੁਮਾਰ ਹਿਤੇਸ਼ ਭਾਈ ਮਾਊਂਟ ਆਬੂ, ਵਲੋਂ ਸ਼ਰਧਾਲੂਆਂ ਨੂੰ ਪਰਮਾਤਮਾ ਦਾ ਗੁਣਗਾਨ ਕਰਦਿਆਂ ਸ਼ਰਧਾਲੂਆਂ ਨੂੰ ਬੜੇ ਵਿਸਥਾਰ ਨਾਲ ਗਿਆਨ ਵੰਡਿਆ। ਇਸ ਮੌਕੇ ਨਾਭਾ ਰਾਜਨੀਤਿਕ ਆਗੂਆਂ ਵੱਲੋਂ ਵੀ ਸ਼ਿਰਕਤ ਕੀਤੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਤੇਜਿੰਦਰ ਖਹਿਰਾ, ਦੀਪਕ ਨਾਗਪਾਲ, ਨਾਭਾ ਦੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ,ਜਿਲਾ ਯੋਜਨਾ ਬੋਰਡ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ,ਨਾਭਾ ਦੇ ਸ਼ਾਹੀ ਪਰਿਵਾਰ ਵਿਚੋਂ ਰਾਜਾ ਭਾਨੂੰ ਪ੍ਰਤਾਪ ਸਿੰਘ,ਭਾਜਪਾ ਦੇ ਯੂਥ ਵਿੰਗ ਦੇ ਪ੍ਰਧਾਨ ਬਰਿੰਦਰ ਬਿੱਟੂ,ਮਲਕੀਤ ਕੰਬਾਈਨ ਦੇ ਚਰਨ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਗੁਰਸੇਵਕ ਸਿੰਘ ਗੋਲੂ,ਕੌਂਸਲਰ ਸੋਨੀਆ ਪਹੂਜਾ,ਪਰਵੀਨ ਗੋਗੀ ਪ੍ਰਧਾਨ ਮਾਤਾ ਰਾਣੀ ਮੰਦਿਰ ਵਿਕਾਸ ਮਿੱਤਲ ਮਾਨਵ ਸੇਵਾ ਉੱਤਮ ਸੇਵਾ, ਸ਼੍ਰੀ ਸੋਨੂੰ ਜੀ ਸੁਮੀਤ ਗੋਇਲ ਸ਼ੰਟੀ, ਲਲਿਤ ਸ਼ਰਮਾ, ਸ਼੍ਰੀ ਸਾਧੂ ਰਾਮ, ਅਰਜਨ ਅਟਵਾਲ ਪ੍ਰਧਾਨ ਬਾਲਮੀਕ ਮੰਦਿਰ, ਜੇਪੀ ਗੁਪਤਾ, ਰਮੇਸ਼ ਗਰਗ ਨੰਬਰਦਾਰ ਦੇਵ ਰਾਜ,ਵੇਦ ਪ੍ਰਕਾਸ਼ ਡੱਲਾ, ਜੀਵਨ ਲਾਲ ਬਾਂਸਲ, ਬ੍ਰਹਮ ਕੁਮਾਰ ਲੱਕੀ ਜੀ ਅਕਾਲੀ ਦਾਲ ਸੁਤੰਤਰ ਦੇ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਅਤੇ ਹੋਰ ਨਾਭਾ ਦੀਆਂ ਪ੍ਰਮੁੱਖ ਰਾਜਨੀਤਿਕ ਸ਼ਖ਼ਸੀਅਤਾਂ ਦੇ ਨਾਲ ਭਾਰੀ ਗਿਣਤੀ ਵਿਚ ਸ਼ਰਧਾਲੂ ਹਾਜ਼ਰ ਸਨ।

# ਆਮ ਆਦਮੀ ਪਾਰਟੀ ਲੋਕ ਸਭਾ ਚੋਣਾਂ ਲਈ ਤਿਆਰ ਬਰ ਤਿਆਰ-ਸਾਹੀ



**ਕਪੂਰਥਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਗੁਰਬਿੰਦਰ ਸਿੰਘ ਸਾਹੀ ਨੇ ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਪ੍ਰਧਾਨ ਅਤੇ ਯੋਜਨਾ ਬੋਰਡ ਦੀ ਚੇਅਰਮੈਨ ਮੈਡਮ ਲਲਿਤ ਸਕਲਾਨੀ ਨਾਲ ਉਨ੍ਹਾਂਦੇ ਦਫਤਰ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ।ਇਸ ਦੌਰਾਨ ਦੋਵਾਂ ਆਗੂਆਂ ਨੇ ਅਗਾਮੀ ਲੋਕਸਭਾ ਚੋਣਾਂ,ਪਾਰਟੀ ਦੀ ਮਜਬੂਤੀ ਤੇ ਆਪ ਸਰਕਾਰ ਦੀਆ ਲੋਕਭਲਾਈ ਨੀਤੀਆਂ ਨੂੰ ਘਰ ਘਰ ਤੱਕ ਪਹੁੰਚਾਉਣ ਸਬੰਧੀ ਲੰਬੀ ਵਿਚਾਰ ਚਰਚਾ ਕੀਤੀ।ਇਸ ਦੌਰਾਨ ਸਾਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਹੈ।ਪਾਰਟੀ ਸੂਬੇ ਦੀਆਂ ਸਾਰੀਆਂ 13 ਦੀਆਂ 13 ਸੀਟਾਂ ਤੇ ਜਿੱਤ ਪ੍ਰਾਪਤ ਕਰੇਗੀ।ਉਨ੍ਹਾਂ ਕਿਹਾ ਕਿ ਅੱਜ ਯੋਜਨਾ ਬੋਰਡ ਦੀ ਚੇਅਰਮੈਨ ਮੈਡਮ ਲਲਿਤ ਸਕਲਾਨੀ ਨਾਲ ਮੀਟਿੰਗ ਦੌਰਾਨ ਲੋਕ ਸਭਾ ਚੋਣਾਂ ਨੂੰ ਲੈ ਕੇ ਵਿਸ਼ੇਸ਼ ਵਿਚਾਰ ਚਰਚਾ ਕੀਤੀ ਗਈ ਹੈ।ਸਾਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕ ਸਭਾ ਚੋਣਾਂ ਲਈ ਬਿਲਕੁਲ ਤਿਆਰ ਹੈ ਅਤੇ ਪਾਰਟੀ ਵਰਕਰ ਵੀ ਇਹਨਾਂ ਚੋਣਾਂ ਦੀ ਤਿਆਰੀ ਵਿੱਚ ਜੁੱਟ ਚੁੱਕੇ ਹਨ ਅਤੇ ਇਹਨਾਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਡੇ ਪੱਧਰ ਤੇ ਜਿੱਤ ਹਾਸਿਲ ਕਰਕੇ ਕੇਂਦਰ ਵਿੱਚ ਵੀ ਆਪਣੀ ਸਰਕਾਰ ਬਣਾਵੇਗੀ।ਸਾਹੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਹਰੇਕ ਬਲਾਕ ਵਿੱਚ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਅਤੇ ਇਹਨਾਂ ਖੇਡ ਸਟੇਡੀਅਮ ਦੇ ਲਈ ਵਧੀਆ ਕੋਚ ਵੀ ਭਰਤੀ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਤੇ ਵਿਕਾਸ ਅਤੇ ਤਰੱਕੀ ਲਈ ਲਗਾਤਾਰ ਯਤਨਸ਼ੀਲ ਹੈ।ਸਾਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ ਹਨ। ਜਿੱਥੇ ਸਕੂਲ ਆਫ ਐਮੀਨੈਂਸ ਦਾ ਵਿਦਿਆਰਥੀਆਂ ਨੂੰ ਵੱਡਾ ਲਾਭ ਮਿਲ ਰਿਹਾ ਹੈ,ਉੱਥੇ ਹੀ ਆਮ ਆਦਮੀ ਕਲੀਨਿਕ ਲੋਕਾਂ ਲਈ ਵਰਦਾਨ ਬਣੇ ਹੋਏ ਹਨ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਭਿ੍ਰਸ਼ਟਾਚਾਰ ਵਿਰੁੱਧ ਮੁਹਿੰਮ ਲਗਾਤਾਰ ਜਾਰੀ ਹੈ।ਉਨ੍ਹਾਂ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਤੇ ਵਰਕਰਾਂ ਨੂੰ ਹਦਾਇਤ ਕੀਤੀ ਕਿ ਉਹ ਪਾਰਟੀ ਦੀਆਂ ਨੀਤੀਆਂ ਅਤੇ ਲੋਕ ਭਲਾਈ ਦੀਆਂ ਸਕੀਮਾਂ ਨੂੰ ਘਰ ਘਰ ਤਕ ਲੈ ਕੇ ਜਾਣ।ਸਾਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਖੰਡੂਰ ਸਾਹਿਬ ਲੋਕ ਸਭਾ ਖੇਤਰ ਤੋਂ ਜਿਸ ਵੀ ਉਮੀਦਵਾਰ ਨੂੰ ਮੈਦਾਨ ਵਿਚ ਉਤਾਰੇਗੀ,ਆਮ ਆਦਮੀ ਪਾਰਟੀ ਦੇ ਵਲੰਟੀਅਰ ਉਸ ਨੂੰ ਵੱਡੀ ਲੀਡ ਨਾ ਜਿਤਾ ਕੇ ਭੇਜਣਗੇ।ਇਸ ਮੌਕੇ ਸਾਹੀ ਨੇ ਮੈਡਮ ਲਲਿਤ ਸਕਲਾਨੀ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਲੋਕ ਸਭਾ ਚੋਣਾਂ ਵਿਚ ਪਾਰਟੀ ਦੀ ਜਿੱਤ ਲਈ ਦਿਨ ਰਾਤ ਇਕ ਕਰ ਦੇਣਗੇ।

# ਕਿਸਾਨਾਂ ਨੂੰ ਗੜਿਆਂ ਨਾਲ ਨੁਕਸਾਨੀਆਂ ਫਸਲਾਂ ਦਾ ਮੁਆਵਜ਼ਾ ਮਿਲੇਗਾ: ਦੁਸ਼ਿਅੰਤ

**ਜੀਂਦ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਹਰਿਆਣਾ ਹੀ ਇੱਕ ਅਜਿਹਾ ਸੂਬਾ ਹੈ ਜਿੱਥੇ ਸਭ ਤੋਂ ਵੱਧ ਫਸਲਾਂ 'ਤੇ ਐਮਐਸਪੀ ਦਿੱਤੀ ਹੈ। ਦੁਸ਼ਿਅੰਤ ਚੌਟਾਲਾ ਅੱਜ ਉਚਾਨਾ ਹਲਕੇ ਦੇ ਪਿੰਡ ਛਾਤਰ ਵਿੱਚ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਮੌਕੇ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਪ ਮੁੱਖ ਮੰਤਰੀ ਨੇ ਲੋਕਾਂ ਦੀਆਂ ਕੁਝ ਸਮੱਸਿਆਵਾਂ ਦੇ ਨਿਬੇੜਾ ਮੌਕੇ 'ਤੇ ਹੀ ਕੀਤਾ। ਉਨ੍ਹਾਂ ਦੱਸਿਆ ਕਿ ਕੇਂਦਰ ਤੇ ਪ੍ਰਦੇਸ਼ ਸਰਕਾਰ ਵੱਲੋਂ ਸੂਬੇ ਦੀਆਂ ਸੜਕਾਂ ਬਣਾਉਣ ਲਈ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ, ਜਿਸ ਤਹਿਤ ਸੂਬਾ ਸਰਕਾਰ ਨੇ 20 ਹਜ਼ਾਰ ਕਿਲੋਮੀਟਰ ਸੰਪਰਕ ਸੜਕਾਂ ਦਾ ਨਿਰਮਾਣ ਕਰਵਾਇਆ ਹੈ। ਇਸ ਮੌਕੇ ਉਨ੍ਹਾਂ ਪਿੰਡ ਛਾਤਰ ਵਿੱਚ ਖੇਤਾਂ ਦਾ ਦੌਰਾ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਗੜਿਆਂ ਨਾਲ ਨੁਕਸਾਨੀਆਂ ਫਸਲਾਂ ਦਾ ਮੁਆਵਜ਼ਾ 15 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮਿਲੇਗਾ, ਜਿਸ ਦੀ ਗਿਰਦਾਵਰੀ ਲਈ ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤਾਂ ਕਰ ਦਿੱਤੀਆਂ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਦੱਸਿਆ ਕਿ 1 ਮਾਰਚ ਤੋਂ ਨੁਕਸਾਨ ਦੀ ਭਰਪਾਈ ਵਾਲਾ ਪੋਰਟਲ ਖੁੱਲ੍ਹ ਗਿਆ ਹੈ ਅਤੇ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਦਾ ਪੈਸਾ ਸਿੱਧਾ ਉਨ੍ਹਾਂ ਦੇ ਖਾਤਿਆ ਵਿੱਚ ਆ ਜਾਵੇਗਾ।

ਇਸ ਮੌਕੇ 'ਤੇ ਦੁਸ਼ਿਅੰਤ ਚੌਟਾਲਾ ਨੇ ਰਾਮ ਦਾਸੀਆ ਜਨ ਕਲਿਆਣ ਸਮਿਤੀ ਨੂੰ ਧਰਮਸ਼ਾਲਾ ਲਈ 5 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ। ਇਸ ਮੌਕੇ 'ਤੇ ਐੱਸਡੀਐੱਮ ਗੁਲਜ਼ਾਰ ਮਲਿਕ, ਨਿੱਜੀ ਸਕੱਤਰ ਜਗਦੀਸ਼ ਸਿਹਾਗ, ਹਲਕਾ ਪ੍ਰਧਾਨ ਕਾਲਾ ਨੰਬਰਦਾਰ ਅਤੇ ਨਰਵਾਨਾ ਹਲਕਾ ਪ੍ਰਧਾਨ ਮੀਆਂ ਸਿੰਘ ਹਾਜ਼ਰ ਸਨ।ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਨੇ ਕਿਹਾ ਕਿ ਸਾਬਕਾ ਕੇਂਦਰੀ ਮੰਤਰੀ ਵਰਿੰਦਰ ਸਿੰਘ ਨੂੰ ਭਾਜਪਾ-ਜਜਪਾ ਗਠਜੋੜ ਤੋਂ ਸਮੱਸਿਆ ਨਹੀਂ, ਬਲਕਿ ਉਚਾਨਾ ਵਿੱਚ ਹੋ ਰਹੇ ਵਿਕਾਸ ਕਾਰਜਾਂ ਤੋਂ ਦਿੱਕਤ ਹੈ। ਉਚਾਨਾ ਹਲਕੇ ਦੇ ਦੌਰੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਟਾਲਾ ਨੇ ਕਿਹਾ ਕਿ ਵਰਿੰਦਰ ਸਿੰਘ ਤਾਂ ਇੱਕ ਸਾਲ ਪਹਿਲਾਂ ਤੋਂ ਹੀ ਗੱਠਜੋੜ ਤੋੜਨ ਦੀ ਧਮਕੀਆਂ ਦੇ ਰਿਹਾ ਸੀ, ਪਰ ਗੱਠਜੋੜ ਨਹੀਂ ਟੁੱਟਿਆ। ਚੌਟਾਲਾ ਨੇ ਕਿਹਾ ਕਿ ਵਰਿੰਦਰ ਸਿੰਘ ਦੇ ਸਮੇਂ ਉਚਾਨਾ ਕਾਫ਼ੀ ਪੱਛੜਿਆ ਹੋਇਆ ਸੀ ਤੇ ਅੱਜ ਉਚਾਨਾ ਵਿਕਾਸ ਵਿੱਚ ਸਭ ਤੋਂ ਅੱਗੇ ਹਨ। ਚੌਟਾਲਾ ਨੇ ਵਰਿੰਦਰ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਜਜਪਾ ਦਾ ਫ਼ਿਕਰ ਛੱਡ ਕੇ ਆਪਣਾ ਫਿਕਰ ਕਰਨ।

# ਜਲੰਧਰ ਸ਼ਹਿਰ ਚ ਗੈਰ-ਕਾਨੂੰਨੀ ਸਪਾ ਸੈਂਟਰਾਂ ਦਾ ਮੁੜ ਖੁੱਲ੍ਹਣਾ ਪੁਲਿਸ ਦੀ ਕਾਰਜਪ੍ਰਣਾਲੀ ਤੇ ਸਵਾਲੀਆ ਨਿਸ਼ਾਨ-ਰੌਬਿਨ ਖੰਨਾ

**ਜਲੰਧਰ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਜਲੰਧਰ ਸ਼ਹਿਰ ਚ ਧੜੱਲੇ ਨਾਲ ਚਲਾਏ ਜਾ ਰਹੇ ਗੈਰ-ਕਾਨੂੰਨੀ ਸਪਾ ਸੈਂਟਰਾਂ ਅਤੇ ਮਸਾਜ ਪਾਰਲਰਾਂ ਖਿਲਾਫ ਸਖਤ ਕਾਰਵਾਈ ਕਰਨ ਵਾਲੇ ਜਲੰਧਰ ਪੁਲਸ ਕਮਿਸ਼ਨਰ ਵਲੋਂ ਵੱਡੀ ਕਾਰਵਾਈ ਤੋਂ ਬਾਅਦ ਬੰਦ ਕੀਤੇ ਗਏ ਸਪਾ ਸੈਂਟਰਾਂ ਦਾ ਮੁੜ ਤੋਂ ਖੁਲ੍ਹਣਾ ਸਿਆਸਤ ਅਤੇ ਪੁਲਸ ਦੀ ਗਠਜੋੜ ਨੂੰ ਦਰਸਾਉਂਦਾ ਹੈ।ਇਹ ਗੱਲ ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਸ਼ਿੰਦੇ ਗਰੁੱਪ ਦੇ ਆਗੂ ਰੋਬਿਨ ਖੰਨਾ ਨੇ ਐਤਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਜਲੰਧਰ ਦੇ ਪੁਲਿਸ ਕਮਿਸ਼ਨਰ ਨੇ ਸ਼ਹਿਰ ਵਿੱਚ ਗੈਰ-ਕਾਨੂੰਨੀ ਅਤੇ ਦੇਹ ਵਪਾਰ ਦਾ ਅੱਡਾ ਬਣ ਚੁੱਕੇ ਸਪਾ ਸੈਂਟਰਾਂ ਨੂੰ ਬੰਦ ਕਰਕੇ ਸ਼ਹਿਰ ਦਾ ਮਾਹੌਲ ਸ਼ੁੱਧ ਕੀਤਾ ਸੀ। ਜਿਸ ਕਾਰਨ ਜਲੰਧਰ ਦੇ ਪੁਲਿਸ ਕਮਿਸ਼ਨਰ ਸ਼ਹਿਰ ਵਿੱਚ ਇੱਕ ਦਬੰਗ ਅਧਿਕਾਰੀ ਵਜੋਂ ਜਾਣੇ ਜਾਂਦੇ ਸਨ ਪਰ ਕੁਝ ਪੁਲਿਸ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਦੀ ਮਿਲੀਭੁਗਤ ਕਾਰਨ ਮੁੜ ਸਪਾ ਸੈਂਟਰਾਂ ਦੇ ਖੁੱਲਣ ਨਾਲ ਸ਼ਹਿਰ ਦੇ ਇਸ ਸ਼ੁੱਧ ਵਾਤਾਵਰਨ ਵਿੱਚ ਗੰਦਗੀ ਦਾ ਜਹਿਰ ਘੋਲ ਦਿੱਤਾ ਹੈ।ਖੰਨਾ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਨ੍ਹਾਂ ਸਪਾ ਸੈਂਟਰਾਂ ਚ ਲਗਾਤਾਰ ਚੈਕਿੰਗ ਮੁਹਿੰਮ ਚਲਾਈ ਜਾਵੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸੰਚਾਲਕਾਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਇਨ੍ਹਾਂ ਸਪਾ ਸੈਂਟਰਾਂ ਚ ਦੇਸ਼ ਦੇ ਉੱਤਰ-ਪੂਰਬ ਤੋਂ ਲੜਕੀਆਂ ਲਿਆਂਦੀਆਂ ਜਾਂਦੀਆਂ ਹਨ,ਜਿਸ ਵਿੱਚ 90 ਪ੍ਰਤੀਸ਼ਤ ਨੂੰ ਮਸਾਜ ਕਰਨਾ ਨਹੀਂ ਆਉਂਦਾ, ਉਹਨਾਂ ਕੋਲ ਕੋਈ ਸਿਖਲਾਈ ਵੀ ਨਹੀਂ ਹੁੰਦੀ,ਭਾਵੇਂ ਕੋਈ ਡਿਗਰੀ ਹੈ ਵੀ ਤਾਂ ਉਹ ਜਾਅਲੀ ਹੈ ਹੁੰਦੀ, ਉਹਨਾਂ ਨੂੰ ਦੇਹ ਵਪਾਰ ਵਜੋਂ ਵਰਤਿਆ ਜਾ ਰਿਹਾ ਹੈ।ਨਾਲ ਹੀ ਹੁਣ ਪੈਸੇ ਦੇ ਲਾਲਚ ਵਿੱਚ ਇਸ ਵਪਾਰ ਵਿੱਚ ਆਲੇ-ਦੁਆਲੇ ਪਿੰਡ ਦੇਹਾਤ ਦੀਆਂ ਕੁੜੀਆਂ ਵੀ ਇਸ ਧੰਦੇ ਵਿੱਚ ਸ਼ਾਮਲ ਹੋ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਜੀ ਮਰਦ ਔਰਤਾਂ ਤੋਂ ਮਸਾਜ ਕਰਵਾਉਣ ਦੀ ਆਦਤ ਪਾਲ ਚੁੱਕੇ ਹਨ ਉਨ੍ਹਾਂ ਵਿੱਚ ਸਥਾਨਕ ਲੜਕੀਆਂ ਦੀ ਮੰਗ ਵਧ ਗਈ ਹੈ।

ਇਸ ਅਨੈਤਿਕ ਧੰਦੇ ਵਿੱਚ ਲੜਕੀਆਂ ਨੂੰ ਸ਼ਾਮਲ ਕਰਕੇ ਉਨ੍ਹਾਂ ਦੀ ਜ਼ਿੰਦਗੀ ਬਰਬਾਦ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜਲੰਧਰ ਦੇ ਦਬੰਗ ਪੁਲਿਸ ਕਮਿਸ਼ਨਰ ਬਹੁਤ ਹੀ ਚੰਗਾ ਕੰਮ ਕਰ ਰਹੇ ਹਨ,ਪਰ ਪੁਲਿਸ ਪ੍ਰਸ਼ਾਸਨ ਵਿੱਚ ਬੈਠੀਆਂ ਕੁਝ ਕਾਲੀਆਂ ਭੇਡਾਂ ਇਹਨਾਂ ਦਾ ਅਕਸ ਖਰਾਬ ਕਰ ਰਹੀਆਂ ਹਨ।ਜਿਨ੍ਹਾਂ ਖਿਲਾਫ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ।

# ਜਜਪਾ ਲੋਕ ਸਭਾ ਚੋਣਾਂ ਲਈ ਤਿਆਰ: ਦੁਸ਼ਿਅੰਤ ਚੌਟਾਲਾ



**ਸਿਰਸਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਕਿਹਾ ਹੈ ਕਿ ਜਨਨਾਇਕ ਜਨਤਾ ਪਾਰਟੀ ਲੋਕ ਸਭਾ ਚੋਣਾਂ ਲੜਨ ਲਈ ਪੂਰੀ ਤਰ੍ਹਾਂ ਤਿਆਰ ਹੈ। ਜੇ ਭਾਜਪਾ ਨਾਲ ਸਮਝੌਤਾ ਨਾ ਹੋਇਆ ਤਾਂ ਉਹ ਹਰਿਆਣੇ ਦੀਆਂ ਦਸ ਦੀਆਂ ਦਸ ਸੀਟਾਂ 'ਤੇ ਚੋਣ ਲੜੇਗੀ।

ਉਪ ਮੁੱਖ ਮੰਤਰੀ ਨੇ ਕਿਹਾ ਕਿ ਹਿਸਾਰ ਅਤੇ ਭਿਵਾਨੀ-ਮਹਿੰਦਰਗੜ੍ਹ ਲੋਕ ਸਭਾ ਸੀਟਾਂ ਨੂੰ ਪਹਿਲ ਦਿੱਤੀ ਜਾਵੇਗੀ। ਉਹ ਅੱਜ ਇਥੇ ਚੌਧਰੀ ਦੇਵੀ ਲਾਲ ਯੂਨੀਵਰਸਿਟੀ 'ਚ ਇਕ ਪ੍ਰੋਗਰਾਮ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਚੌਟਾਲਾ ਨੇ ਕਿਹਾ ਕਿ ਜੇਜੇਪੀ 10 'ਚੋਂ 10 ਸੀਟਾਂ ਲਈ ਤਿਆਰੀ ਕਰ ਰਹੀ ਹੈ।

ਇਕ ਸੁਆਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਕਿਸੇ ਤਕਨੀਕੀ ਖਰਾਬੀ ਕਾਰਨ ਸਿਰਸਾ 'ਚ ਬਣਨ ਵਾਲੇ ਮੈਡੀਕਲ ਕਾਲਜ ਦਾ ਟੈਂਡਰ 'ਚ ਅੜਚਨ ਆਈ ਹੈ ਜਿਸ ਨੂੰ ਦੂਰ ਕਰ ਦਿੱਤਾ ਗਿਆ ਹੈ।

ਟੈਂਡਰ ਰੱਦ ਹੋਣ ਦੀਆਂ ਖ਼ਬਰਾਂ ਬੇਬੁਨਿਆਦ ਹਨ। ਉਨ੍ਹਾਂ ਨੇ ਕਿਹਾ ਕਿ ਅਪਰੈਲ ਵਿੱਚ ਮੈਡੀਕਲ ਕਾਲਜ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਜਾਵੇਗਾ।

# ਨਾਜਾਇਜ ਸ਼ਰਾਬ ਤੇ ਕੱਚੀ ਸ਼ਰਾਬ ਵਰਗੀ ਗੈਰ ਕਾਨੂੰਨੀ ਗਤੀਵਿਧੀਆਂ 'ਤੇ ਸ਼ਿਕਜਾ ਕਸਣ ਲਈ ਨੂੰ ਸੂਬੇ ਦੇ 22 ਜਿਲ੍ਹਿਆਂ ਵਿਚ ਇਕ ਸਾਥ ਛਾਪੇਮਾਰੀ ਕੀਤੀ ਗਈ : ਵਿੱਜ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਹਰਿਆਣਾ ਰਾਜ ਪ੍ਰਵਤਰਨ ਬਿਊਰੋ (ਐਚ.ਐਸ.ਈ.ਐਨ.ਬੀ.) ਵੱਲੋਂ ਨਾਜਾਇਜ ਸ਼ਰਾਬ ਤੇ ਕੱਚੀ ਸ਼ਰਾਬ ਵਰਗੀ ਗੈਰ ਕਾਨੂੰਨੀ ਗਤੀਵਿਧੀਆਂ 'ਤੇ ਸ਼ਿਕਜਾ ਕਸਣ ਲਈ ਨੂੰ ਸੂਬੇ ਦੇ 22 ਜਿਲ੍ਹਿਆਂ ਵਿਚ ਇਕ ਸਾਥ ਛਾਪੇਮਾਰੀ ਕੀਤੀ ਗਈ। ਇਸ ਵਿਸ਼ੇਸ਼ ਮੁਹਿੰਮ ਦੌਰਾਨ ਕੁਲ 45 ਐਫ.ਆਈ.ਆਰ. ਦਰਜ ਕੀਤੇ ਗਏ ਅਤੇ 4 ਵਾਹਨਾਂ ਨੂੰ ਜਬਤ ਕਰਕੇ 44 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ ਹੈ। ਇਸ ਮੁਹਿੰਮ ਦੌਰਾਨ 345 ਲੀਟਰ ਲਾਹਨ, 41.8 ਲੀਟਰ ਕੱਚੀ ਸ਼ਰਾਬ, 1021.75 ਬੋਤਲ ਦੇਸੀ ਸ਼ਰਾਬ ਅਤੇ 490.5 ਬੋਤਲ ਅੰਗ੍ਰੇਜੀ ਸ਼ਰਾਬ ਤੇ 504 ਬੋਤਲ ਬੀਅਰ ਵੀ ਜਬਤ ਕੀਤੀ ਗਈ।

ਉਨ੍ਹਾਂ ਦਸਿਆ ਕਿ ਨਾਜਾਇਜ ਸ਼ਰਾਬ ਲਈ ਅੰਬਾਲਾ, ਕੁਰੂਕਸ਼ੇਤਰ, ਪੰਚਕੂਲਾ, ਯਮੁਨਾਨਗਰ, ਫਰੀਦਾਬਾਦ, ਪਲਵਲ, ਨੂੰਹ, ਗੁਰੂਗ੍ਰਾਮ, ਮਹੇਂਦਰਗੜ੍ਹ, ਰਿਵਾੜੀ, ਫਤਿਹਾਬਾਦ, ਜੀਂਦ, ਹਿਸਾਰ, ਸਿਰਸਾ, ਕਰਨਾਲ, ਪਾਣੀਪਤ, ਕੈਥਲ, ਝੱਜਰ, ਚਰਖੀ-ਦਾਦਰੀ, ਰੋਹਤਕ, ਸੋਨੀਪਤ ਤੇ ਭਿਵਾਨੀ ਸਮੇਤ ਕੁਲ 22 ਜਿਲ੍ਹਿਆਂ ਵਿਚ ਛਾਪੇਮਾਰੀ ਕੀਤੀ ਗਈ।

ਸ੍ਰੀ ਵਿਜ ਨੇ ਦਸਿਆ ਕਿ ਇਸ ਮੁਹਿੰਮ ਦੌਰਾਨ ਕੱਚੀ ਸ਼ਰਾਬ ਤੇ ਲਾਹਨ ਲਈ ਕੁਲ 7 ਐਫਆਈਆਰ ਦਰਜ ਕੀਤੀ ਗਈ, ਜਿਸ ਦੇ ਤਹਿਤ ਪਲਵਲ ਵਿਚ ਇਕ ਐਫਆਈਆਰ ਦਰਜ ਕਰਕੇ 35 ਲੀਟਰ ਲਾਹਨ, ਜੀਂਦ ਵਿਚ ਇਕ ਐਫਆਈਆਰ ਦਰਜ ਕਰਕੇ 4.5 ਲੀਟਰ ਕੱਚੀ ਸ਼ਰਾਬ, ਹਿਸਾਰ ਵਿਚ ਇਕ ਐਫਆਈਆਰ ਦਰਜ ਕਰਕੇ 22.5 ਲੀਟਰ ਕੱਚੀ ਸ਼ਰਾਬ, ਕਰਨਾਲ ਵਿਚ 2 ਐਫਆਈਆਰ ਦਰਜ ਕਰਕੇ 310 ਲੀਟਰ ਲਾਹਨ ਅਤੇ ਕੈਥਲ ਵਿਚ 2 ਐਫਆਈਆਰ ਦਰਜ ਕਰਕੇ 14.8 ਲੀਟਰ ਕੱਚੀ ਸ਼ਰਾਬ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ।

ਗ੍ਰਹਿ ਮੰਤਰੀ ਨੇ ਦਸਿਆ ਕਿ ਨਾਜਾਇਜ ਸ਼ਰਾਬ ਦੇ ਮਾਮਲੇ ਵਿਚ ਅੰਬਾਲਾ ਵਿਚ ਦੋ ਐਫਆਈਆਰ ਦਰਜ ਕਰਕ 52 ਬੋਤਲ ਸ਼ਰਾਬ ਬਰਾਮਦ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਕੁਰੂਕਸ਼ੇਤਰ ਵਿਚ ਇਕ ਐਫਆਈਆਰ ਦਰਜ ਕਰਕੇ 10 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤ। ਪੰਚਕੂਲਾ ਵਿਚ ਇਕ ਐਫਆਈਆਰ ਦਰਜ ਕਰਕੇ 9 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ। ਯਮੁਨਾਨਗਰ ਵਿਚ ਇਕ ਐਫਆਈਆਰ ਦਰਜ ਕਰਕੇ 19 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ। ਫਰੀਦਾਬਾਦ ਵਿਚ 5 ਐਫਆਈਆਰ ਦਰਜ ਕਰਕੇ 37 ਬੋਤਲ ਅੰਗ੍ਰੇਜੀ ਸ਼ਰਾਬ ਅਤੇ 51.75 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ 5 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਪਲਵਲ ਵਿਚ ਇਕ ਐਫਆਈਆਰ ਦਰਜ ਕਰਕੇ 22 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ। ਨੂੰਹ ਵਿਚ 4 ਐਫਆਈਆਰ ਦਰਜ ਕਰਕੇ 14 ਬੋਤਲ ਦੇਸੀ ਸ਼ਰਾਬ ਅਤੇ 120.25 ਬੋਤਲ ਅੰਗ੍ਰੇਜੀ ਸ਼ਰਾਬ ਬਰਾਮਦ ਕਰਕੇ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ।



ਇਸ ਤਰ੍ਹਾਂ, ਗੁਰੂਗ੍ਰਾਮ ਵਿਚ ਦੋ ਐਫਆਈਆਰ ਦਰਜ ਕਰਕੇ 60 ਬੋਤਲ ਅੰਗ੍ਰੇਜੀ ਸ਼ਰਾਬ ਅਤੇ 31.25 ਬੋਤਲ ਦੇਸ ਸ਼ਰਾਬ ਬਰਾਮਦ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਮਹੇਂਦਰਗ੍ਹ ਵਿਚ 2 ਐਫਆਈਆਰ ਦਰਜ ਕਰਕੇ 13 ਬੋਤਲ ਅੰਗ੍ਰਜੀ ਤੇ 22 ਬੋਲਤ ਦੇਸੀ ਸ਼ਰਾਬ ਬਰਾਮਦ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਰਿਵਾੜੀ ਵਿਚ ਦੋ ਐਫਆਈਆਰ ਦਰਜ ਕਰਕੇ 14 ਬੋਤਲ ਦੇਸੀ ਸ਼ਰਾਬ, 36 ਬੋਤਲ ਅੰਗ੍ਰੇਜੀ ਸ਼ਰਾਬ ਤੇ 48 ਬੋਤਲ ਬੀਅਰ ਦੀ ਬਰਾਮਦ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਫਤਿਹਾਬਾਦ ਵਿਚ ਇਕ ਐਫਆਈਆਰ ਦਰਜ ਕਰਕੇ 15 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ। ਜੀਂਦ ਵਿਚ 3 ਐਫਆਈਆਰ ਦਰਜ ਕਰਕੇ 57 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਹਿਸਾਰ ਵਿਚ ਇਕ ਐਫਆਈਆਰ ਦਰਜ ਕਰਕੇ 15 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ।

ਉਨ੍ਹਾਂ ਦਸਿਆ ਕਿ ਸਿਰਸਾ ਵਿਚ ਦੋ ਐਫਆਈਆਰ ਦਰਜ ਕਰਕੇ 155 ਬੋਤਲ ਦੇਸੀ ਸ਼ਰਾਬ, 24.5 ਬੋਤਲ ਅੰਗ੍ਰੇਜੀ ਬਰਾਮਦ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਕਰਨਾਲ ਵਿਚ ਇਕ ਐਫਆਈਆਰ ਦਰਜ ਕਰਕੇ 11 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ 3 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਪਾਣੀਪਤ ਵਿਚ ਇਕ ਐਫਆਈਆਰ ਦਰਜ ਕਰਕੇ 11 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ। ਕੈਥਲ ਵਿਚ ਇਕ ਐਫਆਈਆਰ ਦਰਜ ਕਰਕੇ 14.8 ਲੀਟਰ ਕੱਚੀ ਸ਼ਰਾਬ ਬਰਾਮਦ ਕਰਕੇ 2 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਝੱਜਰ ਵਿਚ ਇਕ ਐਫਆਈਆਰ ਦਰਜ ਕਰਕੇ 186 ਬੋਤਲ ਅੰਗ੍ਰੇਜੀ, 12 ਬੋਤਲ ਦੇਸੀ ਸ਼ਰਾਬ ਅਤੇ 432 ਬੀਅਰ ਬਰਾਮਦ ਕਰਕੇ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ। ਚਰਖੀ-ਦਾਦਰੀ ਵਿਚ ਇਕ ਐਫਆਈਆਰ ਦਰਜ ਕਰਕੇ 56 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ। ਰੋਹਤਕ ਵਿਚ 2 ਐਫਆਈਆਰ ਦਰਜ ਕਰਕੇ 54 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਸੋਨੀਪਤ ਵਿਚ 2 ਐਫਆਈਆਰ ਦਰਜ ਕਰਕੇ 120 ਬੋਤਲ ਅੰਗ੍ਰਜੀ, 230.5 ਬੋਤਲ ਦੇਸੀ ਸ਼ਰਾਬ ਅਤੇ 12 ਬੋਤਲ ਬੀਅਰ ਬਰਾਮਦ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ। ਭਿਵਾਨੀ ਵਿਚ 2 ਐਫਆਈਆਰ ਦਰਜ ਕਰਕੇ 54 ਬੋਤਲ ਦੇਸੀ ਸ਼ਰਾਬ ਬਰਾਮਦ ਕਰਕੇ 2 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ।

ਹਰਿਆਣਾ ਰਾਜ ਪ੍ਰਵਤਰਨ ਬਿਊਰੋ ਦੇ ਏਡੀਜੀਪੀ ਡਾ.ਏ.ਐਸ.ਚਾਵਲਾ ਨੇ ਕਿਹਾ ਕਿ ਗ੍ਰਹਿ ਮੰਤਰੀ ਦੇ ਨਿਦੇਸ਼ਾਨੁਸਾਰ ਅਜਿਹੇ ਅਸਮਾਜਿਕ ਤੱਤਾਂ ਨੂੰ ਇਕ ਸਾਥ ਕਈ ਥਾਂਵਾਂ 'ਤੇ ਨਿਸ਼ਾਨਾ ਬਣਾਉਣ ਨਾਲ ਹਾਂ-ਪੱਖੀ ਨਤੀਜੇ ਹੋਣਗੇ ਅਤੇ ਬਿਊਰੋ ਵੱਲੋਂ ਭਵਿੱਖ ਵਿਚ ਵੀ ਨਾਜਾਇਜ ਸ਼ਰਾਬ, ਨਾਜਾਇਜ ਖਨਨ ਅਤੇ ਬਿਜਲੀ ਚੋਰੀ ਕਰਨ ਵਾਲਿਆਂ ਖਿਲਾਫ ਇਸ ਤਰ੍ਹਾਂ ਦੀ ਮੁਹਿੰਮ ਚਲਾਉਂਦੇ ਹੋਏ ਦੋਸ਼ੀਆਂ/ਦੋਸ਼ੀਆਂ ਖਿਲਾਫ ਨਿਯਮਾਨੁਸਾਰ ਕਾਰਵਾਈ ਕੀਤੀ ਜਾਵੇਗੀ।

## ਵਿਆਹੁਤਾ ਵਲੋਂ ਜ਼ਹਿਰ ਖਾਣ 'ਤੇ ਪੇਕਿਆਂ ਨੇ ਸਹੁਰਿਆਂ 'ਤੇ ਹਸਪਤਾਲ 'ਚ ਕਰ ਦਿੱਤਾ ਹਮਲਾ

**ਮਾਛੀਵਾੜਾ ਸਾਹਿਬ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਦੇਰ ਰਾਤ ਵਿਆਹੁਤਾ ਵਲੋਂ ਜ਼ਹਿਰ ਖਾਣ ਤੋਂ ਬਾਅਦ ਮਾਛੀਵਾੜ ?ਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿਚ ਪੇਕੇ ਪਰਿਵਾਰ ਨੇ ਸਹੁਰਾ ਪਰਿਵਾਰ 'ਤੇ ਹਮਲਾ ਕਰ ਦਿੱਤਾ ਅਤੇ ਇਸ ਖ਼ੂਨੀ ਲਡ ?ਾਈ ਵਿਚ ਲਡ ?ਕੀ ਦਾ ਦਿਓਰ ਸੁਖਚੈਨ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਜਦਕਿ ਸਹੁਰਾ ਗੁਲਸ਼ਨ ਸਿੰਘ ਤੇ ਇੱਕ ਹੋਰ ਰਿਸ਼ਤੇਦਾਰ ਜ਼ਖ਼ਮੀ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਸਿਕੰਦਰਪੁਰ ਵਿਖੇ ਵਿਆਹੀ ਜਸਵੀਰ ਕੌਰ ਨੇ ਘਰੇਲੂ ਕਾਰਨਾਂ ਕਰਕੇ ਜ਼ਹਿਰ ਖਾ ਲਿਆ ਜਿਸ ਕਾਰਨ ਉਸਦਾ ਸਹੁਰਾ ਪਰਿਵਾਰ ਉਸ ਨੂੰ ਇਲਾਜ ਲਈ ਪ੍ਰਾਈਵੇਟ ਹਸਪਤਾਲ ਵਿਖੇ ਲੈ ਕੇ ਆਇਆ।

ਵਿਆਹੁਤਾ ਵਲੋਂ ਜ਼ਹਿਰ ਖਾਣ ਦੀ ਖ਼ਬਰ ਜਿਉਂ ਹੀ ਪੇਕੇ ਪਰਿਵਾਰ ਪਿੰਡ ਬੌਂਕਡ ?ਾ ਵਿਖੇ ਪੁੱਜੀ ਤਾਂ ਉਹ ਵੀ ਹਸਪਤਾਲ ਵਿਖੇ ਪਹੁੰਚ ਗਏ ਜਿੱਥੇ ਦੋਵਾਂ ਧਿਰਾਂ ਵਿਚਕਾਰ ਤਕਰਾਰਬਾਜ਼ੀ ਐਨੀ ਵਧ ਗਈ ਕਿ ਇਸ ਲਡ ?ਾਈ ਨੇ ਖ਼ੂਨੀ ਰੂਪ ਧਾਰਨ ਕਰ ਲਿਆ। ਹਸਪਤਾਲ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁੱਟੇਜ਼ ਵਿਚ ਵਿਆਹੁਤਾ ਵਲੋਂ ਪੇਕੇ ਪਰਿਵਾਰ ਤੋਂ ਆਏ ਰਿਸ਼ਤੇਦਾਰਾਂ ਨੇ ਤੇਜ਼ਧਾਰ ਹਥਿਆਰ ਨਾਲ ਦਿਓਰ ਸੁਖਚੈਨ ਸਿੰਘ ਤੇ ਢਿੱਡ ਵਿਚ ਕੁਝ ਮਾਰਿਆ ਜਿਸ ਕਾਰਨ ਉਹ ਲਹੂ-ਲੁਹਾਨ ਹੋ ਗਿਆ।

ਇਸ ਲਡ ?ਾਈ ਵਿਚ ਗੁਲਸ਼ਨ ਸਿੰਘ ਤੇ ਹੋਰ ਰਿਸ਼ਤੇਦਾਰ ਹਰਦੀਪ ਸਿੰਘ ਦੇ ਵੀ ਸੱਟਾਂ ਲੱਗੀਆਂ। ਹਸਪਤਾਲ ਵਿਚ ਹੋਈ ਖ਼ੂਨੀ ਲਡ ?ਾਈ ਕਾਰਨ ਸਾਰਾ ਸਟਾਫ਼ ਸਹਿਮ ਗਿਆ ਅਤੇ ਜਦੋਂ ਝਗਾ ਬੇਕਾਬੂ ਹੋ ਗਿਆ ਤਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਜਿਸ 'ਤੇ ਮੌਕੇ ਉੱਪਰ ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਪੁਲਸ ਪਾਰਟੀ ਸਮੇਤ ਪਹੁੰਚੇ ਜਿਨ੍ਹਾਂ ਨੇ ਬੜੀ ਮੁਸ਼ਕਿਲ ਨਾਲ ਖ਼ੂਨੀ ਲੜਈ 'ਤੇ ਕਾਬੂ ਪਾਇਆ ਅਤੇ ਵਿਆਹੁਤਾ ਦੇ ਪੇਕੇ ਪਰਿਵਾਰ 'ਚੋਂ ਹਮਲਾ ਕਰਨ ਵਾਲੇ ਰਿਸ਼ਤੇਦਾਰਾਂ ਨੂੰ ਵੀ ਕਾਬੂ ਕਰ ਲਿਆ। ਇਸ ਖ਼ੂਨੀ ਜੰਗ ਵਿਚ ਹਸਪਤਾਲ ਵਿਚ ਸਾਰੇ ਫਰਸ਼ 'ਤੇ ਖ਼ੂਨ ਬਿਖਰਿਆ ਦਿਖਾਈ ਦਿੱਤਾ ਅਤੇ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਸੁਖਚੈਨ ਸਿੰਘ ਨੂੰ ਰੈਫ਼ਰ ਕਰ ਦਿੱਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਖ਼ਮੀ ਹੋਏ ਗੁਲਸ਼ਨ ਸਿੰਘ ਨੇ ਦੱਸਿਆ ਕਿ ਕੁਝ ਘਰੇਲੂ ਝਗਡ ? ਕਾਰਨ ਉਨ੍ਹਾਂ ਦੀ ਨੂੰਹ ਨੇ ਕੋਈ ਜ਼ਹਿਰੀਲੀ ਵਸਤੂ ਖਾ ਲਈ ਜਿਸ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ ਜੋ ਖ਼ਤਰੇ ਤੋਂ ਬਿਲਕੁਲ ਬਾਹਰ ਸੀ ਪਰ ਅਚਨਚੇਤ ਵਿਆਹੁਤਾ ਦੇ ਪੇਕੇ ਪਰਿਵਾਰ ਨੇ ਆ ਕੇ ਤੇਜ਼ਧਾਰ ਹਥਿਆਰਾਂ ਨਾਲ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਜਿਸ ਵਿਚ ਉਸਦਾ ਲਡ ?ਕਾ ਸੁਖਚੈਨ ਸਿੰਘ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ।

ਪੁਲਸ ਵਲੋਂ ਮੌਕੇ 'ਤੇ ਪਹੁੰਚ ਕੇ ਸੀਸੀਟੀਵੀ ਕੈਮਰਿਆਂ ਦੀ ਫੁੱਟੇਜ਼ ਵੀ ਲਈ ਜਾ ਰਹੀ ਹੈ। ਥਾਣਾ ਮੁਖੀ ਨੇ ਦੱਸਿਆ ਕਿ ਇਸ ਖ਼ੂਨੀ ਲਡ ?ਾਈ 'ਚ ਜੋ ਵੀ ਦੋਸ਼ੀ ਹੋਣਗੇ ਉਨ੍ਹਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਪੰਜਾਬ ਐਗਰੋ ਵੱਲੋਂ ਅਬੋਹਰ ਵਿੱਚ ਲਗਾਇਆ ਜਾਵੇਗਾ ਮਿਰਚ ਪ੍ਰੋਸੈਸਿੰਗ ਪਲਾਂਟ: ਖੇਤੀਬਾੜੀ ਮੰਤਰੀ

**ਅਬੋਹਰ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਪਿੰਡ ਕਿਲਿਆਂਵਾਲੀ ਵਿਖੇ 10.10 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਸਰਕਾਰੀ ਮੱਛੀ ਪੂੰਗ ਫਾਰਮ ਦਾ ਉਦਘਾਟਨ ਕੀਤਾ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਮੱਛੀ, ਸੂਰ ਅਤੇ ਬੱਕਰੀ ਪਾਲਣ ਵਰਗੇ ਸਹਾਇਕ ਧੰਦੇ ਅਪਣਾਉਣ ਲਈ ਉਤਸ਼ਾਹਿਤ ਕਰਕੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਹ ਫਾਰਮ ਪੰਜਾਬ ਦਾ 16ਵਾਂ ਸਰਕਾਰੀ ਮੱਛੀ ਪੂੰਗ ਫਾਰਮ ਹੈ ਜੋ ਕਿ 15 ਏਕੜ ਵਿੱਚ ਫੈਲਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਸੂਬੇ ਵਿੱਚ 42031 ਏਕੜ ਰਕਬਾ ਮੱਛੀ ਪਾਲਣ ਅਧੀਨ ਅਤੇ 1315 ਏਕੜ ਤੋਂ ਵੱਧ ਰਕਬਾ ਝੀਂਗਾ ਪਾਲਣ ਅਧੀਨ ਹੈ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਵਿੱਚ ਕੁੱਲ 1 ਲੱਖ 84 ਹਜ਼ਾਰ ਟਨ ਤੋਂ ਵੱਧ ਮੱਛੀ ਉਤਪਾਦਨ ਹੋ ਰਿਹਾ ਹੈ। ਇਸ ਤੋਂ ਇਲਾਵਾ ਮੱਛੀ ਪਾਲਕਾਂ ਦੀ ਸਹਾਇਤਾ ਲਈ ਸੂਬੇ ਵਿੱਚ ਇੱਕ ਝੀਂਗਾ ਟ੍ਰੇਨਿੰਗ ਸੈਂਟਰ, 11 ਫੀਡ ਮਿੱਲਾਂ ਅਤੇ 7 ਲੈਬਾਰਟਰੀਆਂ ਵੀ ਕਾਰਜਸ਼ੀਲ ਹਨ।



ਉਨਾਂ ਦੱਸਿਆ ਕਿ ਮੱਛੀ ਪਾਲਣ ਵਿਭਾਗ ਵੱਲੋਂ 431 ਲਾਭਪਾਤਰੀਆਂ ਨੂੰ ਵੱਖ-ਵੱਖ ਸਕੀਮਾਂ ਤਹਿਤ 23 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਵੀ ਮੁਹੱਈਆ ਕਰਵਾਈ ਗਈ ਹੈ।

ਅਬੋਹਰ ਦੀ ਪੰਜਾਬ ਐਗਰੋ ਦੇ ਫੂਡ ਪ੍ਰੋਸੈਸਿੰਗ ਯੂਨਿਟ ਦੀ ਸਮਰੱਥਾ ਨੂੰ ਵਧਾਉਣ ਦਾ ਐਲਾਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਅਬੋਹਰ ਵਿੱਚ ਮਿਰਚ ਦਾ ਪ੍ਰੋਸੈਸਿੰਗ ਪਲਾਂਟ ਸਥਾਪਤ ਕੀਤਾ ਜਾਵੇਗਾ ਅਤੇ ਇਸ ਸਬੰਧੀ ਪੰਜਾਬ ਦੇ ਬਜਟ ਵਿੱਚ ਐਲਾਨ ਕੀਤਾ ਗਿਆ ਹੈ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਗੇ ਦੱਸਿਆ ਕਿ ਰਾਜਸਥਾਨ ਫੀਡਰ ਨਹਿਰ ਦੇ ਨਾਲ ਚੱਲਣ ਵਾਲੀ ਨਵੀਂ ਮਾਲਵਾ ਨਹਿਰ ਦੇ ਨਿਰਮਾਣ ਜਿਸ ਨਾਲ 178000 ਏਕੜ ਰਕਬੇ ਨੂੰ ਸਿੰਚਾਈ ਲਈ ਪੂਰਾ ਪਾਣੀ ਮਿਲੇਗਾ ਅਤੇ ਫਰੀਦਕੋਟ, ਬਠਿੰਡਾ, ਮੁਕਤਸਰ ਅਤੇ ਫਾਜ਼ਿਲਕਾ ਵਿੱਚ ਵੀ ਸਿੰਚਾਈ ਸਹੂਲਤਾਂ ਦਿੱਤੀਆਂ ਜਾਣਗੀਆਂ। ਇਹ ਪ੍ਰਾਜੈਕਟ ਨਾ ਸਿਰਫ਼ ਖੇਤੀਬਾੜੀ ਲਈ ਪਾਣੀ ਮੁਹੱਈਆ ਕਰਵਾਏਗਾ ਸਗੋਂ ਪਾਕਿਸਤਾਨ ਨੂੰ ਜਾਣ ਵਾਲੇ ਪਾਣੀ ਨੂੰ ਵੀ ਰੋਕੇਗਾ, ਜਿਸ ਨਾਲ ਕਿਸਾਨਾਂ ਲਈ ਨਹਿਰੀ ਪਾਣੀ ਦੀ ਢੁਕਵੀਂ ਸਪਲਾਈ ਯਕੀਨੀ ਬਣਾਈ ਜਾ ਸਕੇਗੀ।

ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀਆਂ ਕਿਸਾਨਾਂ ਦੀ ਆਮਦਨ ਵਧਾਉਣ, ਛੋਟੇ ਕਾਰੋਬਾਰਾਂ ਨੂੰ ਸਮਰਥਨ ਦੇਣ ਅਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਕੇ ਸਥਾਨਕ ਭਾਈਚਾਰੇ 'ਤੇ ਸਕਾਰਾਤਮਕ ਪ੍ਰਭਾਵ ਪਾਉਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਸਹਾਇਕ ਕਾਰੋਬਾਰਾਂ ਨੂੰ ਸਮਰਥਨ ਇਸ ਖੇਤਰ ਦੇ ਆਰਥਿਕ ਤੇ ਪੇਂਡੂ ਵਿਕਾਸ ਦੀ ਦਿਸ਼ਾ ਵੱਲ ਮੁੱਖ ਕਦਮ ਹਨ। ਉਨ੍ਹਾਂ ਅੱਗੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਇਸ ਖੇਤਰ ਵਿੱਚ ਨਿਵੇਸ਼ ਕਰਨਾ ਜਾਰੀ ਰੱਖ ਰਹੀ ਹੈ। ਪੰਜਾਬ ਸਰਕਾਰ ਵੱਲੋਂ ਇਸ ਖੇਤਰ ਵਿੱਚ ਲਗਾਤਾਰ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸ ਸਦਕਾ ਸੂਬੇ ਦਾ ਭਵਿੱਖ ਸੁਨਹਿਰੀ ਨਜ਼ਰ ਆ ਰਿਹਾ ਹੈ।

ਇਸ ਦੌਰਾਨ ਪਸ਼ੂ ਪਾਲਣ ਵਿਭਾਗ ਵਿੱਚ 671 ਸਰਕਾਰੀ ਨੌਕਰੀਆਂ ਦੇਣ ਸਬੰਧੀ ਜ਼ਿਕਰ ਕਰਦਿਆਂ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਯੋਗਤਾ ਦੇ ਆਧਾਰ 'ਤੇ ਨੌਜਵਾਨਾਂ ਨੂੰ 42,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।

ਇਸ ਤੋਂ ਪਹਿਲਾਂ ਹਲਕਾ ਇੰਚਾਰਜ ਸ੍ਰੀ ਅਰੁਣ ਨਾਰੰਗ ਨੇ ਮੱਛੀ ਪੂੰਗ ਫਾਰਮ ਸ਼ੁਰੂ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁਡੀਆਂ ਦਾ ਧੰਨਵਾਦ ਕੀਤਾ।

ਪੰਜਾਬ ਐਗਰੋ ਦੇ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਨੇ ਕਿਹਾ ਕਿ ਦੋ ਸਾਲਾਂ ਦੇ ਥੋੜੇ ਸਮੇਂ ਵਿੱਚ ਹੀ ਪੰਜਾਬ ਸਰਕਾਰ ਨੇ ਹਜ਼ਾਰਾਂ ਨੌਜਵਾਨਾਂ ਨੂੰ ਮੈਰਿਟ ਦੇ ਅਧਾਰ 'ਤੇ ਨੌਕਰੀਆਂ ਦਿੱਤੀਆਂ ਹਨ ਅਤੇ ਸਿੱਖਿਆ ਤੇ ਸਿਹਤ ਖੇਤਰਾਂ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦੇ ਹਨ। ਪਾਰਟੀ ਦੇ ਜਨਰਲ ਸਕੱਤਰ ਉਪਕਾਰ ਸਿੰਘ ਜਾਖੜ ਨੇ ਵੀ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦਾ ਸਵਾਗਤ ਕੀਤਾ।

## ਨਵ ਨਿਯੁਕਤ ਇੰਸਪੈਕਟਰ ਗੁਰਪ੍ਰਤਾਪ ਕੂੰਮ ਕਲਾਂ ਦੇ ਥਾਣਾ ਮੁਖੀ ਨਿਯੁਕਤ

**ਮਾਛੀਵਾੜਾ ਸਾਹਿਬ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਕੁੱਝ ਦੂਰੀ ਤੇ ਸਥਿਤ ਪਿੰਡ ਕੂੰਮ ਕਲਾਂ ਵਿਖੇ ਨਵ ਨਿਯੁਕਤ ਇੰਸਪੈਕਟਰ ਗੁਰਪ੍ਰਤਾਪ ਸਿੰਘ ਥਾਣਾ ਮੁਖੀ ਨਿਯੁਕਤ ਹੋਏ ਹਨ। ਪੱਤਰਕਾਰਾਂ ਗੱਲਬਾਤ ਦੌਰਾਨ ਦੱਸਿਆ ਹੈ ਕਿ ਉਹ ਪਹਿਲਾਂ ਵੀ ਵੱਖ ਵੱਖ ਥਾਵਾਂ ਤੇ ਆਪਨੀ ਡਿਊਟੀ ਤਨਦੇਹੀ ਨਾਲ ਨਿਭਾਉਂਦੇ ਆ ਰਹੇ ਹਨ ਤੇ ਹੁਣ ਉੱਚ ਅਧਿਕਾਰੀਆਂ ਤੇ ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਥਾਣਾ ਕੂੰਮ ਕਲਾਂ ਵਿਖੇ ਆਪਨੀ ਡਿਊਟੀ ਨਿਭਾਉਣਗੇ ਉਨਾਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਆਪਨੇ ਇਲਾਕੇ ਵਿੱਚ ਕਿਸੇ ਨੂੰ ਵੀ ਕਾਨੂੰਨ ਭੰਗ ਨਹੀ ਕਰਨ ਦੇਣਗੇ ਤੇ ਨਸ਼ਾ ਤਸਕਰਾਂ ਨਾਲ ਸਖ਼ਤੀ ਨਾਲ ਪੇਸ਼ ਆਉਣਗੇ ਅਤੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਸ਼ੇ ਦੇ ਖਾਤਮੇ ਲਈ ਪੁਲਿਸ ਦਾ ਸਹਿਯੋਗ ਦੇਣ।



## ਸਾਹਨੇਵਾਲ ਟੈਂਪੂ ਅਤੇ ਮਿੰਨੀ ਟਰੱਕ ਯੂਨੀਅਨ ਵੱਲੋਂ ਸਾਲਾਨਾ ਸਮਾਗਮ ਕਰਵਾਇਆ



**ਲੁਧਿਆਣਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਹਨੇਵਾਲ ਟੈਂਪੂ ਐਂਡ ਮਿੰਨੀ ਟਰੱਕ ਓਪਰੇਟਰਜ਼ ਵੈੱਲਫੇਅਰ ਸੁਸਾਇਟੀ (ਰਜਿ.) ਸਾਹਨੇਵਾਲ ਵੱਲੋਂ ਸਰਬੱਤ ਦੇ ਭਲੇ ਲਈ ਅਤੇ ਡਰਾਈਵਰ ਵੀਰਾਂ ਦੀ ਤੰਦਰੁਸਤੀ ਲਈ ਬੀਤੇ ਦਿਨੀਂ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ ਅਤੇ ਜਿਨ੍ਹਾਂ ਦੇ ਐਤਵਾਰ ਨੂੰ ਸਵੇਰੇ 9 ਵਜੇ ਗ੍ਰੰਥੀ ਸਿੰਘ ਵੱਲੋਂ ਸਰਬੱਤ ਦੇ ਭਲੇ ਅਤੇ ਡਰਾਈਵਰ ਵੀਰਾਂ ਦੀ ਤੰਦਰੁਸਤੀ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ 'ਚ ਅਰਦਾਸ ਕਰਨ ਉਪਰੰਤ ਭੋਗ ਪਾਏ ਗਏ ਅਤੇ ਰਾਗੀ ਸਿੰਘ ਵੱਲੋਂ ਗੁਰੂ ਜੀ ਦੀ ਬਾਣੀ ਦਾ ਉਚਾਰਨ ਕਰਕੇ ਹਾਜ਼ਰ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ।ਇਸ ਸਮਾਗਮ ਵਿੱਚ ਹਲਕਾ ਸਾਹਨੇਵਾਲ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਅਤੇ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਆਪ ਪਾਰਟੀ ਦੇ ਸੀਨੀਅਰ ਆਗੂ ਹਰਿੰਦਰ ਸਿੰਘ ਰਾਏ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਜਸਪ੍ਰੀਤ ਸਿੰਘ ਰਾਈਆਂ, ਗੁਰਦੀਪ ਸਿੰਘ ਕੌਲ ਸੇਵਾਮੁਕਤ ਈਟੀਓ, ਆੜ੍ਹਤੀਆਂ ਐਸੋਸੀਏਸ਼ਨ ਜ਼ਿਲ੍ਹਾ ਪ੍ਰਧਾਨ ਅਜਮੇਰ ਸਿੰਘ ਧਾਲੀਵਾਲ, ਕੀਰਤਨ ਸਿੰਘ ਬੱਬੂ, ਜ਼ਿਲ੍ਹਾ ਦਿਹਾਤੀ ਐੱਸਸੀ ਵਿੰਗ ਦੇ ਪ੍ਰਧਾਨ ਬਲਵੰਤ ਸਿੰਘ ਨੰਦਪੁਰ, ਬਲਾਕ ਪ੍ਰਧਾਨ ਕੁਲਦੀਪ ਐਰੀ, ਸੁਖਦੇਵ ਸਿੰਘ ਗਰਚਾ, ਪ੍ਰਧਾਨ ਅੰਮ੍ਰਿਤਪਾਲ ਸਿੰਘ ਕਨੇਚ ਆਦਿ ਹੋਰ ਨਾਮਵਰ ਸ਼ਖ਼ਸੀਅਤਾਂ ਵੱਲੋਂ ਸਮਾਗਮ ਵਿੱਚ ਹਾਜ਼ਰੀ ਲਗਵਾਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਯੂਨੀਅਨ ਦੇ ਪ੍ਰਧਾਨ ਮਨਧੀਰ ਸਿੰਘ ਧੀਰਾ ਸਮੇਤ ਹੋਰ ਮੈਂਬਰਾਂ ਵੱਲੋਂ ਇਸ ਸਮਾਗਮ ਵਿੱਚ ਪਹੁੰਚਣ ਤੇ ਸਾਰੇ ਹੀ ਨਾਮਵਰ ਸ਼ਖ਼ਸੀਅਤਾਂ ਅਤੇ ਹੋਰ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ। ਸਮਾਗਮ ਦੌਰਾਨ ਸੇਵਾ ਕਰਨ ਮੌਕੇ ਜਤਿੰਦਰਪਾਲ ਸਿੰਘ, ਹਰਵੀਰ ਸਿੰਘ, ਜਗਦੀਪ ਸਿੰਘ ਗਿੱਲ, ਕੁਲਵੀਰ ਸਿੰਘ (ਸਾਰੇ ਕੈਸ਼ੀਅਰ), ਕਰਮਜੀਤ ਸਿੰਘ, ਮੁਕੇਸ਼ ਕੁਮਾਰ ਬੰਟੀ (ਦੋਨੋਂ ਸੈਕਟਰੀ), ਮੀਤ ਪ੍ਰਧਾਨ ਗੁਰਜੰਟ ਸਿੰਘ, ਜਨਰਲ ਸੈਕਟਰੀ ਗੁਰਮੀਤ ਸਿੰਘ ਪੱਪੂ ਤਲਵਾੜਾ ਤੋਂ ਇਲਾਵਾ ਬੇਅੰਤ ਸਿੰਘ, ਲਖਵੀਰ ਸਿੰਘ, ਮਨਹੋਰ ਸਿੰਘ, ਓਂਕਾਰ ਸਿੰਘ, ਜਗਦੇਵ ਸਿੰਘ, ਜਸਵਿੰਦਰਪਾਲ ਸਿੰਘ, ਰਿੰਪੀ ਪਾਂਗਲੀ, ਗੁਰਦੀਪ ਸਿੰਘ, ਜਗਜੀਤ ਸਿੰਘ ਆਦਿ ਹੋਰ ਸਮੂਹ ਮੈਂਬਰ ਹਾਜ਼ਰ ਰਹੇ। ਇਨ੍ਹਾਂ ਤੋਂ ਇਲਾਵਾ ਹੈਰੀ, ਹਰਮਨ, ਤਰਵਨ ਖਾਕਟ ਆਦਿ ਟਰੱਕ ਯੂਨੀਅਨ ਸਾਹਨੇਵਾਲ, ਟਰੱਕ ਐਂਡ ਟੈਂਪੂ ਯੂਨੀਅਨ ਦੋਰਾਹਾ, ਟੈਕਸੀ ਯੂਨੀਅਨ ਸਾਹਨੇਵਾਲ, ਆਟੋ ਯੂਨੀਅਨ ਸਾਹਨੇਵਾਲ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਸਾਹਿਬਾਨਾਂ ਤੋਂ ਇਲਾਵਾ ਇਲਾਕੇ ਭਰ ਦੀਆਂ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



ਤੇਜਸਵਰ ਵਿਰਦੀ ਅਤੇ ਜਸਨੂਰ ਵਿਰਦੀ ਪਿਤਾ ਅਮਨਦੀਪ ਸਿੰਘ ਵਿਰਦੀ ਮਾਤਾ ਅਧਿਆਪਕਾ ਰਵਿੰਦਰ ਕੁਮਾਰੀ ਵਾਸੀ ਚੱਕਲੀ ਮੰਗਾ ਨੂੰ ਮਾਲਵਾ ਬਾਣੀ ਦੀ ਸਮੁੱਚੀ ਟੀਮ ਵਲੋਂ ਜਨਮ ਦਿਨ ਦੀਆਂ ਬਹੁਤ ਸਾਰੀਆਂ ਮੁਬਾਰਕਾਂ।

## ਸਰਕਾਰੀ ਕਾਲਜ ਮਾਛੀਵਾੜਾ ਸਾਹਿਬ ਵਿਖੇ ਕਰਵਾਈਆਂ ਗਈਆਂ ਖੇਡਾਂ

**ਮਾਛੀਵਾੜਾ ਸਾਹਿਬ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਕਾਰੀ ਕਾਲਜ ਮਾਛੀਵਾੜਾ ਵਿਖੇ ਪ੍ਰਿੰਸੀਪਲ ਡਾ. ਪਰਮਿੰਦਰ ਗਿੱਲ ਦੀ ਅਗਵਾਈ ਤੇ ਸਹਾਇਕ ਪ੍ਰੋ. ਅਮਰੀਸ਼ ਖੁੱਲਰ ਤੇ ਰਿਸੋਰਸ ਪਰਸਨ ਅਮਰਦੀਪ ਸਿੰਘ ਦੇ ਦਿਸ਼ਾ ਨਿਰਦੇਸ਼ ਵਿੱਚ ਸਲਾਨਾ ਖੇਡ ਸਮਾਰੋਹ ਕਰਵਾਇਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆ ਮੀਡੀਆ ਇੰਚਾਰਜ ਡਾ. ਕਮਲਜੀਤ ਕੌਰ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਸ੍ਰੀ ਮੋਹਿਤ ਕੁੰਦਰਾ ਆਪ ਆਗੂ , ਸੁਖਵਿੰਦਰ ਸਿੰਘ ਗਿੱਲ ਪੀ.ਏ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਇੰਦਰਜੀਤ ਸਿੰਘ ਚੱਕੀ, ਬਲਵਿੰਦਰ ਮਾਨ, ਜਗਮੀਤ ਸਿੰਘ ਮੱਕੜ, ਜਸਵੀਰ ਸਿੰਘ ਗਿੱਲ ਤੇ ਉਹਨਾ ਦੀ ਟੀਮ ਤੇ ਡਾ. ਬਲਜੀਤ ਸਿੰਘ ਤੇ ਸ੍ਰੀਮਤੀ ਰਵਿੰਦਰ ਕੌਰ ਨੇ ਵਿਸ਼ੇਸ ਤੌਰ ਤੇ ਸ਼ਿਰਕਤ ਕੀਤੀ।

ਸਮਾਗਮ ਦਾ ਆਰੰਭ ਸ਼ਬਦ ਉਪਰੰਤ ਕਰਨ ਤੋ ਬਾਅਦ ਡਾ. ਪਰਮਿੰਦਰ ਗਿੱਲ ਨੇ ਆਏ ਮਹਿਮਾਨਾਂ ਦਾ ਰਸਮੀ ਸਵਾਗਤ ਕਰਦੇ ਹੋਏ ਖੇਡਾਂ ਦੇ ਮਹੱਤਵ ਬਾਰੇ ਦੱਸਿਆ। ਵਿਦਿਆਰਥੀਆ ਨੇ ਇਸ ਖੇਡ ਸਮਾਗਮ ਵਿੱਚ ਵੱਧ ਚੜ ਕੇ ਹਿੱਸਾ ਲਿਆ ਤੇ 100,200ਮੀਟਰ ਦੌੜਾ, ਸ਼ਾਟ ਪੁੱਟ, ਡਿਸਕਸ ਥਰੋਅ, ਲੌਂਗ ਜੰਪ, ਆਦਿ ਮੁਕਾਬਲਿਆ ਤੋਂ। ਇਲਾਵਾ ਬੈਕ ਰੇਸ, ਲੈਮਨ ਤੇ ਸਪੂਨ ਰੇਸ ਮੁਕਾਬਲੇ ਵੀ ਕਰਵਾਏ ਗਏ। ਬੀ.ਏ ਭਾਗ ਪਹਿਲਾ ਦੀ ਵਿਦਿਆਰਥਣ ਜੀਆ ਤੇ ਬੀ.ਏ ਭਾਗ ਦੂਜਾ ਦਾ ਵਿਦਿਆਰਥੀ ਸੋਨੂ ਮਾਨ ਬੈਸਟ ਅਥਲੀਟ ਚੁਣੇ ਗਏ। ਸਮੂਹ ਵਿਦਿਆਰਥੀਆ ਤੇ ਸਟਾਫ ਦੇ ਸਹਿਯੋਗ ਨਾਲ ਇਹ ਸਲਾਨਾ ਖੇਡ ਮੇਲਾ ਸਫਲ ਹੋ ਨਿਬੜਿਆ। ਇਸ ਸਮਾਗਮ ਦਾ ਮੰਚ ਸੰਚਾਲਨ ਡਾ ਕਮਲਜੀਤ ਕੌਰ ਬਾਂਗਾ ਨੇ ਬਾਖ਼ੂਬੀ ਕਰਦੇ ਹੋਏ ਮੈਡਮ ਸੰਤੋਸ਼ ਦੀਆ ਸਵੇਵਾ ਲਈ ਵਿਸ਼ੇਸ ਧੰਨਵਾਦ ਕੀਤਾ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਨੂੰ ਦਿੱਤਾ 14345 ਕਰੋੜ ਰੁਪਏ ਦਾ ਤੋਹਫਾ-ਖੋਜੇਵਾਲ

**ਕਪੂਰਥਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਜ਼ਿਲਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਪੂਰੇ ਦੇਸ਼ ਵਿਚ ਸਰਬਪੱਖੀ ਵਿਕਾਸ ਕੀਤਾ ਜਾ ਰਿਹਾ ਹੈ।ਜਿਸ ਦੇ ਤਹਿਤ ਪੰਜਾਬ ਦੇ ਕਈ ਸ਼ਹਿਰਾਂ ਨੂੰ ਸਮਾਰਟ ਸਿਟੀ ਦੇ ਰੂਪ ਵਿੱਚ ਵਿਕਸਿਤ ਕੀਤਾ ਜਾ ਰਿਹਾ ਹੈ।ਇਸਦੇ ਨਾਲ ਨਾਲ ਹੀ ਪੰਜਾਬ ਚ ਨਵੇਂ ਹਾਈਵੇਅ,ਗ੍ਰੀਨ ਫੀਲਡ ਹਾਈਵੇਅ ਅਤੇ ਰੇਲਵੇ ਓਵਰਪਾਸ ਬਣਾਏ ਜਾ ਰਹੇ ਹਨ।ਖੋਜੇਵਾਲ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਪੰਜਾਬ ਨੂੰ 200,000 ਕਰੋੜ ਰੁਪਏ ਦੇ ਪ੍ਰਾਜੈਕਟ ਦਿੱਤੇ ਹਨ।ਉਨ੍ਹਾਂ ਕਿਹਾ ਕਿ ਸੋਮਵਾਰ ਨੂੰ ਸਮਰਾਲਾ ਚੌਕ ਤੋਂ ਲੁਧਿਆਣਾ ਨਿਗਮ ਦੀ ਹੱਦ ਤੱਕ 13 ਕਿਲੋਮੀਟਰ ਲੰਬੀ ਐਲੀਵੇਟਿਡ ਹਾਈਵੇਅ ਦਾ ਉਦਘਾਟਨ ਕੀਤਾ ਜਾਵੇਗਾ।939 ਕਰੋੜ ਰੁਪਏ ਦੀ ਲਾਗਤ ਨਾਲ ਮਲੋਟ ਤੋਂ ਅਬੋਹਰ ਸਾਧੂਵਾਲੀ ਸੈਕਸ਼ਨ ਹਾਈਵੇਅ ਨੰਬਰ 62 ਅਤੇ 7 ਜਿਸਦੀ ਦੀ ਲੰਬਾਈ 65 ਕਿਲੋਮੀਟਰ ਦਾ ਉਦਘਾਟਨ ਕੀਤਾ ਜਾਵੇਗਾ,22.5 ਕਿਲੋਮੀਟਰ ਲੰਬੇ ਮਲੋਟ-ਮੰਡੀ ਡੱਬਵਾਲੀ ਨੈਸ਼ਨਲ ਹਾਈਵੇ ਨੰਬਰ 9 ਦਾ ਹੋਵੇਗਾ ਉਦਘਾਟਨ, 22.5 ਕਿਲੋਮੀਟਰ ਲੰਬੇ ਮਲੋਟ-ਮੰਡੀ ਡੱਬਵਾਲੀ ਨੈਸ਼ਨਲ ਹਾਈਵੇ ਨੰਬਰ 9 ਦਾ ਉਦਘਾਟਨ ਕੀਤਾ ਜਾਵੇਗਾ,367 ਕਰੋੜ ਦੀ ਲਾਗਤ ਨਾਲ ਬਣੇ ਮੰਡੀ ਡੱਬਵਾਲੀ ਨੈਸ਼ਨਲ ਹਾਈਵੇ ਨੰ 9 ਦਾ ਉਦਘਾਟਨ ਕੀਤਾ ਜਾਵੇਗਾ।

ਸਤਲੁਜ ਦਰਿਆ ਤੇ ਨੰਗਲ ਨੇੜੇ 124 ਕਰੋੜ ਰੁਪਏ ਦੀ ਲਾਗਤ ਨਾਲ ਬਣੇ 4 ਮਾਰਗੀ ਰੇਲਵੇ ਓਵਰਬ੍ਰਿਜ ਦਾ ਉਦਘਾਟਨ ਕੀਤਾ ਜਾਵੇਗਾ।

ਐਨਐਚ-730 ਬੀ ਦੇ 75.167 ਕਿਲੋਮੀਟਰ ਲੰਬੇ ਆਰਓਬੀ ਪ੍ਰੋਜੈਕਟ,ਈਪੀਸੀ ਮੋੜ ਤੇ 327 ਕਰੋੜ ਦੀ ਲਾਗਤ ਨਾਲ ਬਾਣੀ ਪਰਿਯੋਜਨਾ ਦਾ ਉਦਘਾਟਨ ਕੀਤਾ ਜਾਵੇਗਾ,ਜਿਸ ਵਿੱਚ ਮੋਗਾ ਤੋਂ ਮੱਖੂ ਅਤੇ ਹਰੀਕੇ ਤੋਂ ਖਲਾਡਾ ਤੱਕ 2 ਲੇਨਾਂ ਦਾ ਪੁਨਰਵਾਸ ਅਤੇ ਨਵੀਨੀਕਰਨ ਸ਼ਾਮਲ ਹੈ, ਦਾ ਉਦਘਾਟਨ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਪ੍ਰੋਜੈਕਟਾਂ ਦੀ ਲਾਗਤ 2675 ਕਰੋੜ ਰੁਪਏ ਹੈ।ਖੋਜੇਵਾਲ ਨੇ ਦੱਸਿਆ ਕਿ ਸੀਵਰ ਨੂੰ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ 11,670 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਿਆ ਜਾਵੇਗਾ।

ਇਸ ਵਿੱਚ ਸਾਪੁਰ ਤੋਂ ਲਾਲੜੂ ਤੱਕ 31 ਕਿਲੋਮੀਟਰ ਲੰਬਾ ਅੰਬਾਲਾ ਚੰਡੀਗੜ੍ਹ ਗ੍ਰੀਨਫੀਲਡ,31 ਕਿਲੋਮੀਟਰ ਲੰਬਾ ਬਿਆਸ-ਮਹਿਤਾ-ਬਟਾਲਾ ਤੋਂ ਡੇਰਾ ਬਾਬਾ ਨਾਨਕ,43 ਕਿਲੋਮੀਟਰ ਲੰਬਾ ਮੋਗਾ-ਬਾਘਾ ਪੁਰਾਣਾ ਤੋਂ ਬਾਜਾਖਾਨਾ,47 ਕਿਲੋਮੀਟਰ ਲੰਬਾ 6-ਮਾਰਗੀ ਜਲੰਧਰ ਬਾਈਪਾਸ ਗ੍ਰੀਨਫੀਲਡ, ਸ਼ਾਮਲ ਹੈ।54 ਕਿਲੋਮੀਟਰ ਅੰਮ੍ਰਿਤਸਰ ਤੋਂ ਬਠਿੰਡਾ, 62 ਕਿਲੋਮੀਟਰ ਲੰਬਾ ਅੰਮ੍ਰਿਤਸਰ-ਬਠਿੰਡਾ ਗ੍ਰੀਨਫੀਲਡ ਸੈਕਸ਼ਨ,30 ਕਿਲੋਮੀਟਰ ਲੰਬਾ ਲੁਧਿਆਣਾ-ਬਠਿੰਡਾ ਗ੍ਰੀਨਫੀਲਡ ਹਾਈਵੇਅ ਅਤੇ ਦਿੱਲੀ-ਅੰਮ੍ਰਿਤਸਰ-ਕਟੜਾ ਐਕਸਪ੍ਰੈਸਵੇਅ ਆਦਿ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਪੰਜਾਬ ਦੇ ਵਿਕਾਸ ਲਈ ਵਚਨਬੱਧ ਅਤੇ ਸਮਰਪਿਤ ਹੈ।

## ਖੇਤ ਮਜ਼ਦੂਰ ਅਤੇ ਮਜ਼ਦੂਰ ਸੰਘ ਦੀ ਇਕ ਅਹਿਮ ਮੀਟਿੰਗ ਹੋਈ

### ਜਗਤਾਰ ਸਿੰਘ ਰੁਪਾਣਾ ਨੂੰ ਖੇਤ ਮਜ਼ਦੂਰ ਅਤੇ ਮਜਦੂਰ ਸੰਘ ਪੰਜਾਬ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ



**ਕਪੂਰਥਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤ ਮਜ਼ਦੂਰ ਅਤੇ ਮਜ਼ਦੂਰ ਸੰਘ ਦੀ ਇਕ ਅਹਿਮ ਮੀਟਿੰਗ ਦਫ਼ਤਰ ਖੇਤ ਮਜ਼ਦੂਰ ਅਤੇ ਮਜਦੂਰ ਸੰਘ ਵਿੱਚ ਹੋਈ ਜਿਸ ਵਿੱਚ ਖੇਤ ਮਜ਼ਦੂਰਾਂ ਦੀਆਂ ਸੱਮਸਿਆਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਇਸ ਮੌਕੇ ਜਗਤਾਰ ਸਿੰਘ ਰੁਪਾਣਾ ਨੂੰ ਖੇਤ ਮਜ਼ਦੂਰ ਅਤੇ ਮਜਦੂਰ ਸੰਘ ਪੰਜਾਬ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਇਸ ਮੌਕੇ ਖੇਤ ਮਜ਼ਦੂਰ ਅਤੇ ਮਜਦੂਰ ਸੰਘ ਪੰਜਾਬ ਦੇ ਪ੍ਰਧਾਨ ਬਿਕਰਮ ਜੀਤ ਸਿੰਘ ਸੱਭਰਵਾਲ, ਮਹਾਂਮੰਤਰੀ ਸੰਗਠਨ ਪੰਜਾਬ ਖੇਤ ਮਜ਼ਦੂਰ ਅਤੇ ਮਜ਼ਦੂਰ ਸੰਘ ਮਾਨਵ ਕੌਸ਼ਲ ਜੀ,ਮੁੱਖ ਬੁਲਾਰਾ ਖੇਤ ਮਜ਼ਦੂਰ ਅਤੇ ਮਜ਼ਦੂਰ ਸੰਘ ਮੋਹਿੰਦਰ ਸਿੰਘ ਬਲੇਰ ਜੀ, ਸੀਨੀਅਰ ਮੀਤ ਪ੍ਰਧਾਨ ਪਰਦੀਪ ਠਾਕੁਰ ਜੀ ,ਡਾ ਜਸਵਿੰਦਰ ਸਿੰਘ ਅਡਣਾਵਾਲੀ ਜਿਲਾ ਪ੍ਰਧਾਨ ਖੇਤ ਮਜ਼ਦੂਰ ਸੰਘ ਕਪੂਰਥਲਾ, ਠਾਕੁਰ ਸਵਰਨ ਸਿੰਘ ਜਿਲ੍ਹਾ ਪ੍ਰਧਾਨ ਖੇਤ ਮਜ਼ਦੂਰ ਅਤੇ ਮਜ਼ਦੂਰ ਸੰਘ ਜਿਲਾ ਹੁਸ਼ਿਆਰਪੁਰ, ਸੂਰਜ ਕੁਮਾਰ ਜਿਲਾ ਪ੍ਰਧਾਨ ਖੇਤ ਮਜ਼ਦੂਰ ਅਤੇ ਮਜ਼ਦੂਰ ਸੰਘ ਜਿਲਾ ਲੁਧਿਆਣਾ ਗੁਰਪ੍ਰੀਤ ਸਿੰਘ ਰੰਧਾਵਾ ਜਿਲਾ ਜਰਨਲ ਸਕੱਤਰ ਖੇਤ ਮਜ਼ਦੂਰ ਤੇ ਮਜ਼ਦੂਰ ਸੰਘ ਜਿਲਾ ਕਪੂਰਥਲਾ ਅਜੇ ਕੁਮਾਰ ਜ਼ਿਲ੍ਹਾ ਸਕੱਤਰ ਕਪੂਰਥਲਾ,ਹੇਨਤ ਪਥਰੀਆਂ ਜਿਲਾ ਮੀਤ ਪ੍ਰਧਾਨ ਖੇਤ ਮਜ਼ਦੂਰ ਤੇ ਮਜ਼ਦੂਰ ਸੰਘ,ਐਡਵੋਕੇਟ ਅਮਨ ਪੁਰੀ ਲੀਗਲ ਅਡਵਾਈਜ਼ਰ ਖੇਤ ਮਜ਼ਦੂਰ ਤੇ ਮਜ਼ਦੂਰ ਸੰਘ, ਲੱਕੀ ਸਰਪੰਚ, ਬਲਜਿੰਦਰ ਸਿੰਘ ਸ਼ਾਮਿਲ ਸਨ।

## ਕਿਸਾਨਾਂ ਨੇ ਪੰਜਾਬ ਤੇ ਹਰਿਆਣਾ ਵਿਚ ਚਾਰ ਘੰਟੇ ਤੱਕ ਰੇਲਗੱਡੀਆਂ ਰੋਕੀਆਂ



ਕਿਸਾਨ ਪਟਿਆਲਾ ਰੇਲਵੇ ਸਟੇਸ਼ਨ 'ਤੇ ਰੇਲ ਪੱਟੜੀ 'ਤੇ ਧਰਨਾ ਦਿੰਦੇ ਹੋਏ। ਫ਼ੋਟੋ : ਪ੍ਰੈਸ ਕੀ ਤਾਕਤ

**ਚੰਡੀਗੜ੍ਹ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਨੇ 'ਰੇਲ ਰੋਕੋ' ਪ੍ਰਦਰਸ਼ਨ ਤਹਿਤ ਅੱਜ ਪੰਜਾਬ ਤੇ ਹਰਿਆਣਾ ਵਿਚ ਕਈ ਥਾਵਾਂ 'ਤੇ ਰੇਲਗੱਡੀਆਂ ਰੋਕੀਆਂ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦੁਪਹਿਰ 12 ਵਜੇ ਤੋਂ ਸ਼ਾਮੀਂ 4 ਵਜੇ ਤੱਕ ਲਈ ਦਿੱਤੇ 'ਰੇਲ ਰੋਕੋ' ਦੇ ਸੱਦੇ ਦੌਰਾਨ ਕਿਸਾਨਾਂ ਨੇ ਪੰਜਾਬ ਤੇ ਹਰਿਆਣਾ ਵਿਚ 60 ਥਾਵਾਂ 'ਤੇ ਰੇਲਗੱਡੀਆਂ ਰੋਕੀਆਂ। ਲੁਧਿਆਣਾ ਰੇਲਵੇ ਸਟੇਸ਼ਨ ਵਿਚ ਖੱਜਲ ਖੁਆਰ ਹੁੰਦੇ ਯਾਤਰੀਆਂ ਕੋਲ ਜਦੋਂ ਕੋਈ ਬਦਲ ਨਹੀਂ ਬਚਿਆ ਤਾਂ ਉਹ ਰੇਲਵੇ ਸਟੇਸ਼ਨ ਤੋਂ ਚਲੇ ਗਏ। ਬਹੁਤੇ ਯਾਤਰੀ ਆਵਾਜਾਈ ਦੇ ਹੋਰਨਾਂ ਸਾਧਨਾਂ ਰਾਹੀਂ ਆਪਣੀ ਮੰਜ਼ਿਲਾਂ ਵੱਲ ਰਵਾਨਾ ਹੋ ਗਏ। ਕਿਸਾਨਾਂ ਨੇ ਪਟਿਆਲਾ ਰੇਲਵੇ ਸਟੇਸ਼ਨ 'ਤੇ ਵੀ ਰੋਸ ਪ੍ਰਦਰਸ਼ਨ ਕੀਤਾ।

## ਫਿਰੋਜਪੁਰ ਲੋਕ ਸਭਾ ਤੋਂ ਡਾਕਟਰ ਹਰਜੀਤ ਸਿੰਘ ਸਾਹਰੀ ਨੇ ਪੇਸ਼ ਕੀਤੀ ਟਿਕਟ ਲਈ ਦਾਵੇਦਾਰੀ

**ਫਾਜ਼ਿਲਕਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਤੋਂ ਆਮ ਆਦਮੀ ਪਾਰਟੀ ਐਸਸੀ ਵਿੰਗ ਜ਼ਿਲਾ ਪ੍ਰਧਾਨ ਡਾਕਟਰ ਹਰਜੀਤ ਸਿੰਘ ਸ਼ਾਹਰੀ ਨੇ ਫਿਰੋਜਪੁਰ ਲੋਕ ਸਭਾ ਲਈ ਟਿਕਟ ਦੀ ਦਾਵੇਦਾਰੀ ਪੇਸ਼ ਕੀਤੀ ਹੈ । ਡਾਕਟਰ ਹਰਜੀਤ ਸਿੰਘ ਲਗਾਤਾਰ ਬੈਠਕਾਂ ਕਰ ਰਹੇ ਹਨ ਅਤੇ ਲੋਕਾਂ ਨੂੰ ਆਪਣੇ ਨਾਲ ਜੋੜ ਕੇ ਆਮ ਆਦਮੀ ਪਾਰਟੀ ਨੂੰ ਹੋਰ ਮਜ਼ਬੂਤ ਕਰ ਰਹੇ ਹਨ । ਡਾਕਟਰ ਹਰਜੀਤ ਸਿੰਘ ਸ਼ਾਹਰੀ ਨੂੰ ਪੰਜਾਬ ਨੰਬਰਦਾਰ ਯੂਨੀਅਨ ਅਤੇ ਡਿਪੂ ਹੋਲਡਰ ਯੂਨੀਅਨ ਦਾ ਵੀ ਪੂਰਾ ਸਹਿਯੋਗ ਮਿਲ ਰਿਹਾ ਹੈ। ਡਾਕਟਰ ਹਰਜੀਤ ਸਿੰਘ ਸ਼ਾਹਰੀ ਨੇ ਕਿਹਾ ਕਿ ਜੇਕਰ ਹਾਈ ਕਮਾਨ ਫਿਰੋਜ਼ਪੁਰ ਲੋਕ ਸਭਾ ਲਈ ਉਹਨਾਂ ਨੂੰ ਟਿਕਟ ਦਿੰਦੀ ਹੈ ਤਾਂ ਓਹ ਟਿਕਟ ਜਿੱਤ ਕੇ ਪਾਰਟੀ ਦੀ ਝੋਲੀ ਪਾਉਣਗੇ ।

## ਐਸ.ਐਸ.ਪੀ. ਹਰਕਮਲਪ੍ਰੀਤ ਖੱਖ ਅਤੇ ਡੀ.ਐਸ.ਪੀ. ਗੁਰਦੇਵ ਸਿੰਘ ਨੂੰ ਵਧੀਆ ਪੁਲਸ ਸੇਵਾਵਾਂ ਬਦਲੇ ਮਾਲੇਰਕੋਟਲਾ ਜ਼ਿਲ੍ਹਾ ਪ੍ਰੈਸ ਕਲੱਬ ਨੇ ਕੀਤਾ ਸਨਮਾਨਿ

**ਮਲੇਰਕੋਟਲਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੁਲਿਸ ਤੇ ਪ੍ਰੈਸ ਦਾ ਆਪਸ 'ਚ ਰਿਸ਼ਤਾ ਇਕ ਪਰਿਵਾਰ ਵਾਂਗ ਨਹੁੰ-ਮਾਸ ਵਾਲਾ ਹੁੰਦਾ ਹੈ।ਜ਼ਿਲ੍ਹੇ ਅੰਦਰ ਅਮਨ-ਸ਼ਾਂਤੀ ਬਣਾਈ ਰੱਖਣ ਅਤੇ ਜਨਤਾ ਦੀ ਸੇਵਾ ਲਈ ਪੁਲਸ ਨੂੰ ਪ੍ਰੈਸ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਪੁਲਸ ਅਤੇ ਪ੍ਰੈਸ ਦਰਿਆਮਨ ਆਪਸੀ ਰਿਸ਼ਤੇ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਲਈ ਭਵਿੱਖ 'ਚ ਜਿਥੇ ਉਪਰਾਲੇ ਕੀਤੇ ਜਾਣਗੇ ਉਥੇ ਇਕ ਚੰਗੇ ਸਮਾਜ ਦੀ ਸਿਰਜਣਾ ਲਈ ਮੀਡੀਆ ਨੂੰ ਨਾਲ ਲੈ ਕੇ ਚੱਲਿਆ ਜਾਵੇਗਾ।ਇਹ ਪ੍ਰਗਟਾਵਾ ਮਾਲੇਰਕੋਟਲਾ ਜ਼ਿਲ੍ਹਾ ਪ੍ਰੈਸ ਕਲੱਬ ਵੱਲੋਂ ਜ਼ਿਲ੍ਹਾ ਪ੍ਰਧਾਨ ਸ਼ਹਾਬੂਦੀਨ ਦੀ ਅਗਵਾਈ ਹੇਠ ਸਥਾਨਕ ਮਾਲੇਰਕੋਟਲਾ ਕਲੱਬ ਵਿਖੇ ਆਯੋਜਿਤ ਮੀਟਿੰਗ ਕਮ ਸਮਾਗਮ 'ਚ ਮੁੱਖ ਮਹਿਮਾਨ ਵੱਜੋਂ ਪੁੱਜੇ ਮਾਲੇਰਕੋਟਲਾ ਦੇ ਐਸ.ਐਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਜ਼ਿਲ੍ਹੇ ਭਰ ਤੋਂ ਪਹੁੰਚੇ ਚਾਰ ਦਰਜਣ ਤੋਂ ਵੱਧ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਇਸ ਦੌਰਾਨ ਵੱਖ-ਵੱਖ ਪੱਤਰਕਾਰਾਂ ਵੱਲੋਂ ਰੱਖੀਆਂ ਗਈਆਂ ਦਰਪੇਸ਼ ਸਮੱਸਿਆਵਾਂ ਅਤੇ ਮੰਗਾਂ ਨੂੰ ਐਸ.ਐਸ.ਪੀ. ਖੱਖ ਨੇ ਤੁਰੰਤ ਪੂਰਾ ਕਰਨ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਪੁਲਸ ਅਧਿਕਾਰੀਆਂ ਦੇ ਦਫਤਰਾਂ ਅਤੇ ਥਾਣਿਆਂ 'ਚ ਪੱਤਰਕਾਰਾਂ ਨੂੰ ਜਿਥੇ ਪਹਿਲ ਦੇ ਅਧਾਰ 'ਤੇ ਬਣਦਾ ਪੂਰਾ ਮਨ-ਸਨਮਾਨ ਦਿੱਤਾ ਜਾਵੇਗਾ ਉਥੇ ਉਹ ਆਪਣੇ ਸਾਰੇ ਥਾਣਾ ਮੁਖੀਆਂ ਅਤੇ ਡੀ.ਐਸ.ਪੀ. ਸਾਹਿਬਾਨਾਂ ਨੂੰ ਵੀ ਕਹਿਣਗੇ ਕਿ ਉਹ ਆਪੋ-ਆਪਣੇ ਖੇਤਰਾਂ ਦੇ ਪੱਤਰਕਾਰਾਂ ਨੂੰ ਬੁਲਾ ਕੇ ਉਨ੍ਹਾਂ ਨਾਲ ਮੀਟਿੰਗ ਕਰਨ ਅਤੇ ਪੱਤਰਕਾਰਾਂ ਨੂੰ ਲੋੜੀਂਦਾ ਸਹਿਯੋਗ ਤੇ ਮਾਣ-ਸਨਮਾਨ ਦਿੱਤਾ ਜਾਵੇ।

ਜ਼ਿਲ੍ਹਾ ਪੁਲਸ ਮੁਖੀ ਸ.ਖੱਖ ਨੇ ਕਿਹਾ ਕਿ ਪੁਲਸ ਅਤੇ ਮੀਡੀਆ ਵਿਚਕਾਰ ਵਧੀਆ ਦੋਸਤਾਨਾਂ ਸਬੰਧ ਬਣੇ ਰਹਿਣ ਇਸ ਲਈ ਉਹ ਸਮੇਂ-ਸਮੇਂ 'ਤੇ ਆਪਣੀ ਟੀਮ ਦੇ ਹੋਰਨਾਂ ਪੁਲਸ ਅਧਿਕਾਰੀਆਂ ਨੂੰ ਨਾਲ ਲੈ ਕੇ ਪੱਤਰਕਾਰਾਂ ਨਾਲ ਮੀਟਿੰਗਾਂ ਵੀ ਕਰਨਗੇ।ਜ਼ਿਲ੍ਹੇ ਅੰਦਰ ਟ੍ਰੈਫਿਕ ਵਿਵਸਥਾ ਨੂੰ ਸੁਧਾਰਨ ਅਤੇ ਅਪਰਾਧੀਆਂ ਨੂੰ ਨੱਥ ਪਾਉਣ ਦੇ ਨਾਲ-ਨਾਲ ਜ਼ਿਲ੍ਹਾ ਵਾਸੀਆਂ ਨੂੰ ਵਧੀਆ ਪੁਲਸ ਸੇਵਾਵਾਂ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਪੁਲਸ ਵੱਲੋਂ ਕੀਤੇ ਜਾ ਰਹੇ ਇਤਿਹਾਸਕ ਉਪਰਾਲਿਆਂ ਦਾ ਵਿਸਥਾਰ 'ਚ ਜ਼ਿਕਰ ਕਰਦਿਆਂ ਸ.ਖੱਖ ਨੇ ਕਿਹਾ ਕਿ ਇਨ੍ਹਾਂ ਕਾਰਜ਼ਾਂ ਨੂੰ ਹੋਰ ਵੀ ਜੰਗੀ ਪੱਧਰ 'ਤੇ ਜਾਰੀ ਰੱਖਣ ਲਈ ਜਿਥੇ ਪੁਲਸ ਨੂੰ ਪ੍ਰੈਸ ਦਾ ਸਹਿਯੋਗ ਜ਼ਰੂਰੀ ਹੈ ਉਥੇ ਜਨਤਾ ਵੀ ਆਪਣੀ ਬਣਦੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਪੁਲਸ ਨੂੰ ਸਹਿਯੋਗ ਦੇਵੇ।

ਇਸ ਮੌਕੇ ਮਾਲੇਰਕੋਟਲਾ ਜ਼ਿਲ੍ਹਾ ਪ੍ਰੈਸ ਕਲੱਬ ਵੱਲੋਂ ਨਸ਼ਿਆਂ ਤੇ ਗੁੰਡਾ ਅਨਸਰਾਂ ਨੂੰ ਨੱਥ ਪਾਉਣ ਲਈ ਅਤੇ ਟ੍ਰੈਫਿਕ ਵਿਵਸਥਾ ਸੁਧਾਰਨ ਲਈ ਐਸ.ਐਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਵੱਲੋਂ ਕੀਤੇ ਜਾ ਰਹੇ ਇਤਿਹਾਸਕ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਸ਼ਾਲ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਓਧਰ ਡੀ.ਐਸ.ਪੀ. ਗੁਰਦੇਵ ਸਿੰਘ ਵੱਲੋਂ ਐਸ.ਐਸ.ਪੀ. ਸ.ਖੱਖ ਦੀ ਅਗਵਾਈ ਹੇਠ ਬਜ਼ੁਰਗਾਂ ਨੂੰ ਘਰ ਬੈਠਿਆਂ ਹੀ ਪੁਲਸ ਸੇਵਾਵਾਂ ਮੁਹੱਈਆ ਕਰਵਾਉਣ ਦੀ ਸ਼ੁਰੂ ਕੀਤੀ ਵਿਸ਼ੇਸ ਮੁਹਿੰਮ ਦੇ ਨਾਲ-ਨਾਲ ਮਾਲੇਰਕੋਟਲਾ ਅੰਦਰ ਅਮਨ-ਸ਼ਾਤੀ ਬਣਾਈ ਰੱਖਣ ਲਈ ਕੀਤੇ ਜਾ ਰਹੇ ਕਾਰਜ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਪ੍ਰੈਸ ਕਲੱਬ ਵੱਲੋਂ ਡੀ.ਐਸ.ਪੀ. ਗੁਰਦੇਵ ਸਿੰਘ ਜੀ ਦਾ ਵੀ ਵਿਸ਼ੇਸ ਸਨਮਾਨ ਕੀਤਾ ਗਿਆ।

ਸਨਮਾਨ ਸਮਾਗਮ ਤੋਂ ਬਾਅਦ ਮਾਲੇਰਕੋਟਲਾ ਜ਼ਿਲ੍ਹਾ ਪ੍ਰੈਸ ਕਲੱਬ ਦੇ ਪ੍ਰਧਾਨ ਸ਼ਹਾਬੂਦੀਨ ਦੀ ਪ੍ਰਧਾਨਗੀ 'ਚ ਹੋਈ ਮਹੀਨਾਂਵਾਰ ਮੀਟਿੰਗ ਦੌਰਾਨ ਕਲੱਬ ਦੀਆਂ ਗਤੀਵਿਧੀਆਂ ਅਤੇ ਹੋਰ ਭਵਿੱਖ ਦੇ ਕਾਰਜਾਂ ਸਬੰਧੀ ਚਰਚਾ ਕਰਦੇ ਹੋਏ ਰੂਪ ਰੇਖਾ ਉਲੀਕੀ ਗਈ।ਇਸ ਤੋਂ ਪਹਿਲਾਂ ਪੇਸ਼ ਕੀਤੇ ਗਏ ਇਕ ਸੋਗ ਮਤੇ 'ਚ ਅਹਿਮਦਗੜ੍ਹ ਤੋਂ ਸੀਨੀਅਰ ਪੱਤਰਕਾਰ ਸੁਰਿੰਦਰ ਤਾਇਲ ਦੇ ਪਿਛਲੇ ਦਿਨੀ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਉਨ੍ਹਾਂ ਦੇ ਸੋਗ 'ਚ ਦੋ ਮਿੰਟ ਦਾ ਮੌਨ ਵਰਤ ਰੱਖ ਕੇ ਸਵ:ਤਾਇਲ ਨੂੰ ਸਰਧਾਂਜਲੀ ਭੇਂਟ ਕੀਤੀ ਗਈ।ਇਸ ਮੌਕੇ ਮੀਟਿੰਗ 'ਚ ਜ਼ਿਲ੍ਹੇ ਭਰ ਤੋਂ ਬਹੁਤ ਸਾਰੇ ਪੱਤਰਕਾਰਾਂ ਨੇ ਸ਼ਿਰਕਤ ਕੀਤੀ।

## ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪਿਆ ਦਿਲ ਦਾ ਦੌਰਾ

**ਬਠਿੰਡਾ, 14 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਦਿਲ ਦਾ ਦੌਰਾ ਪੈਣ ਦੀ ਖ਼ਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਕ ਮਨਪ੍ਰੀਤ ਸਿੰਘ ਬਾਦਲ ਨੂੰ ਬਠਿੰਡਾ ਵਿਖੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਡਾਕਟਕਾਂ ਵੱਲੋਂ ਹਾਲਤ ਸਥਿਰ ਦੱਸੀ ਜਾ ਰਹੀ ਹੈ।

ਦੱਸਿਆ ਜਾ ਰਿਹਾ ਹੈ ਕਿ ਕੱਲ੍ਹ ਸ਼ਾਮ ਨੂੰ ਉਨ੍ਹਾਂ ਨੂੰ ਛਾਤੀ ਵਿਚ ਥੋੜ੍ਹੀ ਜਿਹੀ ਦਰਦ ਹੋਈ ਸੀ ਅਤੇ ਬਾਅਦ ਵਿਚ ਉਨ੍ਹਾਂ ਹਸਪਤਾਲ ਲਿਜਾਇਆ ਗਿਆ। ਹਸਪਤਾਲ ਵਿਚ ਡਾਕਟਰਾਂ ਵੱਲੋਂ ਚੈੱਕਅਪ ਕਰਨ ਦੌਰਾਨ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਡਾਕਟਰਾਂ ਵੱਲੋਂ ਮਨਪ੍ਰੀਤ ਸਿੰਘ ਬਾਦਲ ਦੇ ਦੋ ਸਟੰਟ ਪਾਏ ਗਏ ਹਨ। ਉਥੇ ਇਹ ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਬਰਸੀ ਸਮਾਗਮ ਵਿਚ ਵੀ ਸ਼ਿਰਕਤ ਕਰਨ ਨਹੀਂ ਪਹੁੰਚੇ ਸਨ। ਸੁਖਬੀਰ ਸਿੰਘ ਬਾਦਲ ਵੱਲੋਂ ਵੀ ਹਸਪਤਾਲ ਵਿਚ ਪਹੁੰਚੇ ਕੇ ਮਨਪ੍ਰੀਤ ਸਿੰਘ ਬਾਦਲ ਦਾ ਹਾਲ ਜਾਨਿਆ ਗਿਆ।

## ਕਿਸਾਨ ਜਥੇਬੰਦੀਆਂ ਇਕਜੁੱਟ ਹੋ ਕੇ ਸੰਘਰਸ਼ ਕਰਨ ਤਾਂ ਜਿੱਤ ਯਕੀਨੀ ਹੋਵੇਗੀ : ਐਡਵੋਕੇਟ ਧਾਮੀ

ਬਾਬਾ ਬਕਾਲਾ ਸਾਹਿਬ 14 ਮਾਰਚ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੀਤੇ ਦਿਨ ਇਥੇ ਸਮੂਹ ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਕਜੁੱਟ ਹੋ ਕੇ ਸੰਘਰਸ਼ ਕਰਨ ਤਾਂ ਹੀ ਕੋਈ ਕਾਮਯਾਬੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਕਈ ਜਥੇਬੰਦੀਆਂ ਵੱਖਰੇ ਤੌਰ 'ਤੇ ਕੰਮ ਕਰ ਰਹੀਆਂ ਹਨ, ਜਿਸ ਕਾਰਨ ਕਿਸਾਨੀ ਅੰਦੋਲਨ



ਕਾਮਯਾਬ ਨਹੀਂ ਹੁੰਦਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਦੀ ਡਿਬਰੂਗੜ੍ਹ ਜੇਲ੍ਹ 'ਚੋਂ ਤਬਦੀਲੀ ਨੂੰ ਲੈ ਕੇ ਅੰਮ੍ਰਿਤਪਾਲ ਦੇ ਪਰਿਵਾਰ ਤੇ ਹੋਰ ਸਾਥੀਆਂ ਵੱਲੋਂ ਭੁੱਖ ਹੜਤਾਲ ਦਾ ਸਿਲਸਿਲਾ ਸ਼ੁਰੂ ਕੀਤਾ ਜਾ ਚੁੱਕਾ ਹੈ, ਦੇ ਸਬੰਧ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਜੇਕਰ ਕਿਸੇ ਕੈਦੀ ਦੀ ਸਿਹਤ ਖਰਾਬ ਹੁੰਦੀ ਹੈ ਤਾਂ ਸਰਕਾਰਾਂ ਅਤੇ ਪ੍ਰਸ਼ਾਸਨ ਉਸਦੀ ਦੇਖਭਾਲ ਕਰਦਾ ਹੈ ਅਤੇ ਉਚਿਤ ਕਦਮ ਵੀ ਚੁੱਕਣਾ ਪੈਦਾ ਹੈ, ਪਰ ਜੇਕਰ ਪਰਿਵਾਰ ਵੱਲੋਂ ਭੁੱਖ ਹੜਤਾਲ ਕੀਤੀ ਜਾ ਰਹੀ ਹੈ, ਤਾਂ ਇਹ ਸਿੱਖ ਸਿਧਾਤਾਂ 'ਚ ਨਹੀਂ ਆਉਂਦਾ।

## ਔਰਤ ਦੀਆਂ ਵਾਲੀਆਂ ਖੋਹਣ ਵਾਲੇ ਲੁਟੇਰੇ ਪਿੰਡ ਵਾਲਿਆਂ ਦੇ ਆਏ ਅੜਿੱਕੇ, ਹੋਈ ਰੱਜ ਕੇ ਛਿੱਤਰ ਪਰੇਡ

ਤਰਨਤਾਰਨ 14 ਮਾਰਚ। ਜ਼ਿਲ੍ਹੇ ਦੇ ਪਿੰਡ ਨੰਦਪੁਰ ਵਿਖੇ ਸੋਮਵਾਰ ਇੱਕ ਔਰਤ ਦੀਆਂ ਵਾਲੀਆਂ ਖੋਹ ਕੇ ਭੱਜਣ ਵਾਲੇ ਤਿੰਨ ਲੁਟੇਰੇ ਪਿੰਡ ਵਾਸੀਆਂ ਦੇ ਹੱਥੀ ਚੜ੍ਹ ਗਏ, ਜਿਸ ਤੋਂ ਬਾਅਦ ਪਿੰਡ ਵਾਸੀਆਂ ਵੱਲੋਂ ਤਿੰਨਾਂ ਲੁਟੇਰਿਆਂ ਦੀ ਰੱਜ ਕੇ ਛਿੱਤਰ ਪਰੇਡ ਕੀਤੀ ਗਈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਬੜੀ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਨੰਦਪੁਰ ਵਿਖੇ ਕਿਸੇ ਕੰਮ ਲਈ ਘਰੋਂ ਜਾ ਰਹੀ ਔਰਤ ਨੂੰ ਮੋਟਰਸਾਈਕਲ ਸਵਾਰ 3 ਲੁਟੇਰਿਆਂ ਨੇ ਆਪਣਾ ਨਿਸ਼ਾਨਾ ਬਣਾਉਂਦੇ ਹੋਏ ਉਸ ਦੀਆਂ ਸੋਨੇ ਦੀਆਂ ਵਾਲੀਆਂ ਖੋਹ ਲਈਆਂ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਜਦੋਂ ਲੁਟੇਰੇ ਬੜੀ ਤੇਜ਼ੀ ਨਾਲ ਫਰਾਰ ਹੋਣ ਲੱਗੇ ਤਾਂ ਔਰਤ ਵੱਲੋਂ ਪਾਏ ਗਏ ਰੌਲੇ ਦੌਰਾਨ ਆਸ-ਪਾਸ ਦੇ ਕੁਝ ਲੋਕਾਂ ਵੱਲੋਂ ਹਿੰਮਤ ਵਿਖਾਉਂਦੇ ਹੋਏ ਲੁਟੇਰਿਆਂ ਨੂੰ ਕਾਬੂ ਕਰ ਲਿਆ ਗਿਆ। ਕਾਬੂ ਕਰਨ ਤੋਂ ਬਾਅਦ ਪਿੰਡ ਵਾਲਿਆਂ ਵੱਲੋਂ ਲੁਟੇਰਿਆਂ ਦੀ ਰੱਜ ਕੇ ਛਿੱਤਰ ਪਰੇਡ ਕੀਤੀ ਗਈ, ਜਿਸ ਤੋਂ ਬਾਅਦ ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਅੱਗ ਵਾਂਗ ਵਾਇਰਲ ਹੋ ਗਈ। ਵੀਡੀਓ ਵਿੱਚ ਲੁਟੇਰੇ ਪਿੰਡ ਵਾਸੀਆਂ ਪਾਸੋਂ ਮੁਆਫੀ ਮੰਗਦੇ ਸਾਫ ਨਜ਼ਰ ਆ ਰਹੇ ਹਨ ਪਰੰਤੂ ਪਿੰਡ ਦੇ ਕੁਝ ਲੋਕ ਬੇਰਹਿਮੀ ਨਾਲ ਤਿੰਨਾਂ ਦੀ ਮਾਰਕੁੱਟ ਕਰਨੀ ਜਾਰੀ ਰੱਖਦੇ ਹਨ। ਇਸ ਵਾਰਦਾਤ ਤੋਂ ਬਾਅਦ ਪਿੰਡ ਵਾਸੀਆਂ ਵੱਲੋਂ ਤਿੰਨਾਂ ਨੂੰ ਥਾਣਾ ਸਰਹਾਲੀ ਦੀ ਪੁਲਸ ਹਵਾਲੇ ਕਰ ਦਿੱਤਾ ਗਿਆ।

# ਰਸੋਈ ਗੈਸ ਸਿਲੰਡਰ ਸਸਤਾ ਹੋਣ 'ਤੇ ਔਰਤਾਂ ਨੇ ਵਿੰਨ੍ਹੇ ਨਿਸ਼ਾਨੇ, ਭਾਜਪਾ ਕਰ ਰਹੀ ਹੈ ਸਿਆਸੀ ਸਟੰਟ

**ਕਿਸ਼ਨ ਪਾਲ**

ਅੰਮ੍ਰਿਤਸਰ 14 ਮਾਰਚ। ਕੇਂਦਰ ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਹੀ ਰਸੋਈਆਂ ਵਿਚ ਵਰਤੇ ਜਾਣ ਵਾਲੇ ਐੱਲ. ਪੀ. ਜੀ. ਸਿਲੰਡਰ ਨੂੰ 100 ਰੁਪਏ ਸਸਤਾ ਕਰਨ ਨਾਲ ਲੋਕਾਂ ਨੂੰ ਜਿੱਥੇ ਕੁਝ ਰਾਹਤ ਮਿਲੇਗੀ, ਉਥੇ ਜ਼ਿਆਦਾਤਰ ਘਰੇਲੂ ਔਰਤਾਂ ਨੇ ਇਸ ਫੈਸਲੇ ਨੂੰ ਬਹੁਤ ਦੇਰੀ ਨਾਲ ਕੀਤਾ ਫੈਸਲਾ ਦੱਸਦੇ ਹੋਏ ਇਸ 'ਤੇ ਕਈ ਵਿਅੰਗ ਕੀਤੇ ਗਏ ਹਨ। ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਨਵੇਂ ਉਜਵਲਾ ਕੁਨੈਕਸਨ ਦੇਣ ਦਾ ਐਲਾਨ ਵੀ ਪੂਰੀ ਤਰ੍ਹਾਂ ਸਿਆਸਤ ਤੋਂ ਪ੍ਰੇਰਿਤ ਫੈਸਲਾ ਹੈ। 'ਚੰਗੇ ਦਿਨ ਆਉਣ ਵਾਲੇ ਹਨ' ਦੇ ਨਾਅਰੇ ਨਾਲ ਦੇਸ ਦੀ ਸੱਤਾ ਵਿਚ ਆਈ ਭਾਜਪਾ ਨੇ ਲੋਕਾਂ ਨਾਲ ਕਈ ਵਾਅਦੇ ਕੀਤੇ ਸਨ ਪਰ ਆਪਣੇ ਦੋ ਕਾਰਜਕਾਲ ਦੌਰਾਨ ਭਾਜਪਾ ਦੇ ਆਗੂ ਆਮ ਲੋਕਾਂ ਲਈ ਉਹ ਕੁਝ ਨਹੀਂ ਕਰ ਸਕੇ, ਜਿਸ ਦਾ ਉਨ੍ਹਾਂ ਨੇ ਵਾਅਦਾ ਕੀਤਾ ਸੀ। ਹਾਲਾਂਕਿ, ਮੀਡੀਆ ਵਿਚ ਇਕ ਇੰਟਰਵਿਊ ਦੌਰਾਨ ਭਾਜਪਾ ਦੇ ਇਕ ਸੀਨੀਅਰ ਨੇਤਾ ਨੇ 'ਅੱਛੇ ਦਿਨ ਆਉਣ ਵਾਲੇ ਹਨ' ਦੇ ਨਾਅਰੇ ਨੂੰ ਸਿਰਫ ਇਕ ਜੁਮਲਾ ਕਰਾਰ ਦਿੱਤਾ। ਇਸ ਸਬੰਧੀ ਜਗ ਬਾਣੀ ਨੇ ਕਈ ਔਰਤਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੇ ਆਪਣੇ ਕਈ ਅੰਸ਼ ਪੇਸ਼ ਕੀਤੇ। ਨੌਵਾ ਕੈਂਪਸ ਦੀ ਡਾਇਰੈਕਟਰ ਮੈਡਮ ਕੁਲਜਿੰਦਰ ਕੌਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੁਣ ਆਪਣੀਆਂ ਭੈਣਾਂ ਯਾਦ ਆ ਗਈਆਂ ਹਨ। ਹੁਣ ਜਦੋਂ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਇਹ ਸਾਰੇ ਐਲਾਨ ਸਿਆਸੀ ਸਟੰਟ ਤੋਂ ਸਿਵਾਏ ਕੁਝ ਨਹੀਂ ਹਨ। ਉਨ੍ਹਾਂ ਕਿਹਾ ਕਿ ਕੋਰੋਨਾ ਦੌਰਾਨ ਹਰ ਦੇਸ ਵਾਸੀ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ, ਜਿਸ ਦੌਰਾਨ ਮੋਦੀ ਸਰਕਾਰ ਨੇ ਮਹਿੰਗਾਈ ਘਟਾਉਣ ਲਈ ਕੋਈ ਰਾਹਤ ਯੋਜਨਾ ਜਾਂ ਐਲਾਨ ਨਹੀਂ ਕੀਤਾ। ਹੁਣ ਜਦੋਂ ਲੋਕ ਸਭਾ ਚੋਣਾਂ ਨੇੜੇ ਹਨ ਅਤੇ ਹੁਣ ਇਸ ਫੈਸਲੇ ਨੂੰ ਲਾਗੂ ਕਰਨਾ ਕਈ ਸਵਾਲ ਖੜ੍ਹੇ ਕਰ ਰਿਹਾ ਹੈ? ਰੋਟੀ, ਕੱਪੜਾ ਅਤੇ ਮਕਾਨ ਆਮ ਆਦਮੀ ਦੀਆਂ ਲੋੜਾਂ ਹਨ, ਪਰ ਕੇਂਦਰ



ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਲੋਕਾਂ ਦੀਆਂ ਇਨ੍ਹਾਂ ਤਿੰਨਾਂ ਲੋੜਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਆਮ ਅਤੇ ਮੱਧ ਵਰਗ ਦੇ ਲੋਕਾਂ ਨੂੰ ਉਨ੍ਹਾਂ ਦੇ ਹੀ ਹਾਲਾਤਾਂ ਵਿਚ ਛੱਡ ਦਿੱਤਾ ਹੈ। ਜੇਕਰ ਪਹਿਲਾਂ ਗੱਲ ਕਰੀਏ ਤਾਂ ਘਰ ਦਾ ਇੱਕ ਵਿਅਕਤੀ ਪੂਰੇ ਘਰ ਦੇ ਪੰਜ-ਛੇ ਮੈਂਬਰ ਦੀ ਰੋਜੀ ਰੋਟੀ ਦੇਖਦਾ ਸੀ ਅਤੇ ਉਨ੍ਹਾਂ ਦਾ ਪਾਲਣ ਪੋਸਣ ਕਰਦਾ ਸੀ ਪਰ ਹੁਣ ਸਰਕਾਰਾਂ ਦੀ ਬੇਰੁਖੀ ਕਾਰਨ ਘਰ ਦਾ ਹਰ ਮੈਂਬਰ ਕਮਾਉਂਦਾ ਹੈ ਤਾਂ ਵੀ ਘਰ ਦਾ ਗੁਜਾਰਾ ਬਹੁਤ ਔਖਾ ਹੁੰਦਾ ਹੈ। ਮਹਿੰਗਾਈ ਨੂੰ ਘੱਟ ਕਰਨ ਲਈ ਸਰਕਾਰ ਨੂੰ ਸਖਤ ਕਦਮ ਚੁੱਕਣ ਦੀ ਲੋੜ ਸੀ ਪਰ ਭਾਜਪਾ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਸਿਰਫ ਕਾਗਜੀ ਕਾਰਵਾਈ ਕਰ ਕੇ ਅਤੇ ਇਸਤਿਹਾਰ ਲਗਾ ਕੇ ਆਪਣੀ ਵਾਹੋਵਾਹੀ ਖੱਟੀ। ਸਮਾਜ ਸੇਵੀ ਰਮਨਦੀਪ ਕੌਰ ਦਾ ਕਹਿਣਾ ਹੈ ਕਿ ਭਾਜਪਾ ਇਹ ਡਰਾਮਾ ਸਿਰਫ ਲੋਕਾਂ ਨੂੰ ਖੁਸ ਕਰਨ ਲਈ ਕਰ ਰਹੀ ਹੈ। ਸਿਲੰਡਰ ਵਿਚ ਰਾਹਤ ਦੇਣ ਦਾ ਫੈਸਲਾ ਬਹੁਤ ਦੇਰ ਨਾਲ ਲਿਆ ਗਿਆ ਫੈਸਲਾ ਹੈ। ਉਨ੍ਹਾਂ ਕਿਹਾ ਕਿ ਜਦੋਂ ਅੰਤਰਰਾਸਟਰੀ ਪੱਧਰ 'ਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਭਾਰੀ ਗਿਰਾਵਟ ਆਈ ਹੈ ਤਾਂ ਵੀ ਮੋਦੀ ਨੇ ਗੈਸ ਸਿਲੰਡਰ ਅਤੇ ਪੈਟਰੋਲ ਦੀਆਂ ਕੀਮਤਾਂ ਵਿਚ ਕੋਈ ਕਟੌਤੀ ਨਹੀਂ ਕੀਤੀ, ਜੋ ਦੇਸ ਵਾਸੀਆਂ ਲਈ ਹਰ ਘਰ ਦੀ ਸਭ ਤੋਂ ਜਰੂਰੀ ਜਰੂਰਤ ਬਣ ਚੁੱਕੇ ਹਨ। ਉਸ ਸਮੇਂ ਦੌਰਾਨ ਹਰ ਦੇਸ ਵਾਸੀ ਅਜਿਹੇ ਐਲਾਨਾਂ ਦੀ ਉਡੀਕ ਕਰ ਰਿਹਾ ਸੀ। ਉਸ ਸਮੇਂ ਦੌਰਾਨ ਜੇਕਰ ਗੈਸ ਅਤੇ ਪੈਟਰੋਲ-ਡੀਜਲ ਦੀਆਂ ਕੀਮਤਾਂ ਕੌਮਾਂਤਰੀ ਬਾਜਾਰ ਦੇ ਹਿਸਾਬ ਨਾਲ ਘਟਾਈਆਂ ਜਾਂਦੀਆਂ ਤਾਂ ਮਹਿੰਗਾਈ ਨੂੰ ਕਾਫੀ ਹੱਦ ਤੱਕ ਕਾਬੂ ਕੀਤਾ ਜਾ ਸਕਦਾ ਸੀ। ਸਮਾਜ ਸੇਵੀ ਅਤੇ ਸੇਵਾਮੁਕਤ ਅਧਿਆਪਕਾ ਰਖਵਿੰਦਰ ਕੌਰ ਦਾ ਕਹਿਣਾ ਹੈ ਕਿ ਹਰ ਸਿਆਸਤਦਾਨ ਨੂੰ ਲੋਕ ਚੋਣਾਂ ਵੇਲੇ ਹੀ ਯਾਦ ਕਰਦੇ ਹਨ। ਕੋਰੋਨਾ ਦੇ ਦੌਰ ਵਿਚ ਹਰ ਵਰਗ ਮਹਿੰਗਾਈ 'ਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਵੱਲ ਦੇਖ ਰਿਹਾ ਸੀ, ਜਿਸ ਦੌਰਾਨ ਮੋਦੀ ਨੇ ਮਹਿੰਗਾਈ ਨੂੰ ਹੋਰ ਵਧਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਬਣਨ ਤੋਂ ਪਹਿਲਾਂ ਭਾਜਪਾ ਦੀ ਮਹਿਲਾ ਆਗੂ ਸਮ੍ਰਿਤੀ ਇਰਾਨੀ ਹੱਥਾਂ ਵਿਚ ਗੈਸ ਸਿਲੰਡਰ ਫੜ ਕੇ ਵਿਸਾਲ ਪ੍ਰਦਰਸਨ ਕਰ ਕੇ ਕਾਂਗਰਸ ਸਰਕਾਰ ਨੂੰ ਆੜੇ ਹੱਥੀਂ ਲੈਂਦੀ ਸੀ, ਜਦਕਿ ਉਸ ਸਮੇਂ ਗੈਸ ਸਿਲੰਡਰ ਹੁਣ ਦੀ ਅੱਧੀ ਤੋਂ ਵੀ ਘੱਟ ਕੀਮਤ 'ਤੇ ਸੀ ਪਰ ਭਾਜਪਾ ਨੇ ਸੱਤਾ ਵਿੱਚ ਆਉਂਦੇ ਹੀ ਇਸ ਵੱਲ ਧਿਆਨ ਨਹੀਂ ਦਿੱਤਾ। ਹਾਲਾਂਕਿ ਉਨ੍ਹਾਂ ਇਸ ਐਲਾਨ ਨੂੰ ਸਿਆਸੀ ਸਟੰਟ ਵੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਰਸੋਈ ਦਾ ਬਜਟ ਪਹਿਲਾਂ ਹੀ ਕਾਫੀ ਤੰਗ ਹੈ। ਜੇਕਰ ਸਬਜੀਆਂ ਅਤੇ ਦਾਲਾਂ ਦੀ ਗੱਲ ਕਰੀਏ ਤਾਂ ਭਾਜਪਾ ਦੇ ਕਾਰਜਕਾਲ ਦੌਰਾਨ ਇਨ੍ਹਾਂ ਦੀਆਂ ਕੀਮਤਾਂ ਦੁੱਗਣੇ ਤੋਂ ਵੀ ਵੱਧ ਹੋ ਗਈਆਂ ਹਨ। ਜੇਕਰ ਸਰ੍ਹੋਂ ਦੇ ਤੇਲ ਦੀ ਗੱਲ ਕਰੀਏ ਤਾਂ ਇਸ ਦੇ ਰੇਟ ਵੀ ਦੋ ਤੋਂ ਤਿੰਨ ਗੁਣਾ ਵਧ ਗਏ ਹਨ। ਭਾਜਪਾ ਨੇ ਗੈਸ ਸਿਲੰਡਰਾਂ 'ਤੇ ਉਪਲਬਧ ਸਾਰੀਆਂ ਸਬਸਿਡੀਆ ਨੂੰ ਵੀ ਹੌਲੀ-ਹੌਲੀ ਖਤਮ ਕਰ ਦਿੱਤਾ ਹੈ। ਮਹਿੰਗਾਈ ਅਸਮਾਨ ਨੂੰ ਛੂਹ ਰਹੀ ਸੀ ਅਤੇ ਪ੍ਰਧਾਨਮੰਤਰੀ ਦੇਸ-ਵਿਦੇਸ ਦੇ ਦੌਰੇ ਕਰ ਕੇ ਮੌਜ-ਮਸਤੀ ਕਰ ਰਹੇ ਸਨ। ਇਉਂ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਦਾ ਆਮ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਹੁਣ ਜਿਵੇਂ ਹੀ ਚੋਣਾਂ ਨੇੜੇ ਆ ਰਹੀਆਂ ਹਨ, ਕੇਂਦਰ ਸਰਕਾਰ ਅਜਿਹੇ ਐਲਾਨ ਕਰ ਕੇ ਲੋਕਾਂ ਨੂੰ ਭਰਮਾਉਂਦੀ ਹੈ, ਪਰ ਹੁਣ ਲੋਕ ਪੜ੍ਹੇ-ਲਿਖੇ ਹਨ ਅਤੇ ਸਾਰੀ ਸਥਿਤੀ ਤੋਂ ਚੰਗੀ ਤਰ੍ਹਾਂ ਜਾਣੂ ਹਨ। ਇਹ ਬਿਲਕੁਲ ਤੈਅ ਹੈ ਕਿ ਚੋਣਾਂ ਦੌਰਾਨ ਕੇਂਦਰ ਸਰਕਾਰ ਲੋਕਾਂ ਨੂੰ ਲੁਭਾਉਣ ਲਈ ਹੋਰ ਵੀ ਕਈ ਐਲਾਨ ਕਰੇਗੀ।

## ਪਿਆਜ ਦੀਆਂ ਵਧਦੀਆਂ ਕੀਮਤਾਂ 'ਤੇ ਕੰਟਰੋਲ ਕਰਨ ਲਈ ਸਰਕਾਰ ਨੇ ਬਣਾਈ ਯੋਜਨਾ!

ਬਿਜਨੈੱਸ ਡੈਸਕ 14 ਮਾਰਚ। ਸਰਕਾਰ ਇਸ ਸਾਲ ਆਪਣੇ ਬਫਰ ਸਟਾਕ ਲਈ ਪੰਜ ਲੱਖ ਟਨ ਪਿਆਜ ਖਰੀਦਣ ਦੀ ਯੋਜਨਾ ਬਣਾ ਰਹੀ ਹੈ। ਇਸਦੀ ਵਰਤੋਂ ਕੀਮਤਾਂ ਵੱਧਣ ਦੀ ਸਥਿਤੀ ਵਿਚ ਉਸ ਨੂੰ ਕੰਟਰੋਲ ਕਰਨ ਲਈ ਕੀਤੀ ਜਾ ਸਕਦੀ ਹੈ। ਸੂਤਰਾਂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸਰਕਾਰ ਵਲੋਂ (ਨੈਸਨਲ ਕੋਆਪਰੇਟਿਵ ਕੰਜ਼ਿਊਮਰਸ



ਫੈਡਰੇਸਨ ਆਫ ਇੰਡੀਆ ਲਿਮਟਿਡ) ਅਤੇ (ਨੈਸਨਲ ਐਗਰੀਕਲਚਰਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸਨ ਆਫ ਇੰਡੀਆ ਲਿਮਟਿਡ) ਵਰਗੀਆਂ ਏਜੰਸੀਆਂ ਪਿਆਜ ਦੀ ਖਰੀਦ ਕਰਨਗੀਆਂ। ਖੁਰਾਕ ਅਤੇ ਖਪਤਕਾਰ ਮਾਮਲਿਆਂ ਦੇ ਮੰਤਰਾਲੇ ਨੇ ਪਿਛਲੇ ਸਾਲ ਪੰਜ ਲੱਖ ਟਨ ਦਾ ਬਫਰ ਸਟਾਕ ਬਣਾਇਆ ਸੀ। ਇਸ ਵਿੱਚੋਂ ਇੱਕ ਲੱਖ ਟਨ ਅਜੇ ਵੀ ਉਪਲਬਧ ਹੈ। ਸੂਤਰਾਂ ਨੇ ਕਿਹਾ ਕਿ ਸਰਕਾਰ ਦੇ ਆਪਣੇ 'ਬਫਰ ਸਟਾਕ' ਤੋਂ ਰਿਆਇਤੀ ਦਰਾਂ 'ਤੇ ਪਿਆਜ ਵੇਚਣ ਦੇ ਫੈਸਲੇ ਨੇ ਕੀਮਤਾਂ ਨੂੰ ਕੰਟਰੋਲ ਕਰਨ 'ਚ ਮਦਦ ਕੀਤੀ ਹੈ। ਸਰਕਾਰ ਇਸ ਮਹੀਨੇ ਦੇ ਅੰਤ 'ਚ ਪਿਆਜ ਦੀ ਬਰਾਮਦ 'ਤੇ ਪਾਬੰਦੀ ਹਟਾਉਣ ਬਾਰੇ ਫੈਸਲਾ ਲਵੇਗੀ। ਇਹ ਪਾਬੰਦੀ 31 ਮਾਰਚ ਤੱਕ ਹੈ। ਸਰਕਾਰ ਦੀ ਬਫਰ ਸਟਾਕ ਬਣਾਉਣ ਦੀ ਯੋਜਨਾ 2023-24 ਵਿੱਚ ਪਿਆਜ ਦੇ ਉਤਪਾਦਨ ਵਿੱਚ ਗਿਰਾਵਟ ਦੇ ਅਨੁਮਾਨਾਂ ਵਿਚਕਾਰ ਆਈ ਹੈ। ਵੀਰਵਾਰ ਨੂੰ ਖੇਤੀਬਾੜੀ ਮੰਤਰਾਲੇ ਵੱਲੋਂ ਜਾਰੀ ਬਿਆਨ ਅਨੁਸਾਰ, "ਪਿਆਜ ਦਾ ਉਤਪਾਦਨ 2023-24 ਵਿੱਚ ਲਗਭਗ 254.73 ਲੱਖ ਟਨ ਹੋਣ ਦੀ ਉਮੀਦ ਹੈ, ਜਦੋਂ ਕਿ ਪਿਛਲੇ ਸਾਲ ਇਹ ਲਗਭਗ 302.08 ਲੱਖ ਟਨ ਸੀ। ਮਹਾਰਾਸਟਰ 'ਚ 34.31 ਲੱਖ ਟਨ, ਕਰਨਾਟਕ 'ਚ 9.95 ਲੱਖ ਟਨ, ਆਂਧਰਾ ਪ੍ਰਦੇਸ 'ਚ 3.54 ਲੱਖ ਟਨ ਅਤੇ ਰਾਜਸਥਾਨ 'ਚ 3.12 ਲੱਖ ਟਨ ਝਾੜ ਘਟਣ ਕਾਰਨ ਕੁੱਲ ਉਤਪਾਦਨ 'ਚ ਕਮੀ ਆਉਣ ਦੀ ਸੰਭਾਵਨਾ ਹੈ।" ਅੰਕੜਿਆਂ ਮੁਤਾਬਕ ਵਿੱਤੀ 'ਚ ਸਾਲ 2021-22 ਪਿਆਜ ਦਾ ਉਤਪਾਦਨ 316.87 ਲੱਖ ਟਨ ਸੀ।

# ਸੋਲਰ ਪੰਪਾਂ ਲਈ ਮਿਲੇਗੀ 60 ਫੀਸਦੀ ਸਬਸਿਡੀ

**ਏਜੰਸੀਆਂ**

ਚੰਡੀਗੜ੍ਹ 14 ਮਾਰਚ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ ਸੋਚ ਅਨੁਸਾਰ ਸੂਰਜੀ ਊਰਜਾ ਦੀ ਸਰਵੋਤਮ ਵਰਤੋਂ ਨੂੰ ਯਕੀਨੀ ਬਣਾਉਣ ਅਤੇ ਖੇਤੀਬਾੜੀ ਸੈਕਟਰ ਨੂੰ ਕਾਰਬਨ-ਰਹਿਤ ਕਰਨ ਲਈ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਸੂਬੇ ਦੇ ਕਿਸਾਨਾਂ ਨੂੰ ਖੇਤੀਬਾੜੀ ਵਾਸਤੇ 90,000 ਨਵੇਂ ਸੌਰ ਊਰਜਾ ਪੰਪ ਮੁਹੱਈਆ ਕਰਵਾਏ ਜਾਣਗੇ। ਇਹ ਜਾਣਕਾਰੀ ਅੱਜ ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਪੰਜਾਬ ਵਿਧਾਨ ਸਭਾ 'ਚ ਦਿੱਤੀ। ਉਹ ਸੁਤਰਾਣਾ ਤੋਂ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਵੱਲੋਂ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਅਮਨ ਅਰੋੜਾ ਨੇ ਦੱਸਿਆ ਕਿ ਪਹਿਲੇ ਪੜਾਅ ਅਧੀਨ 20,000 ਖੇਤੀ ਸੋਲਰ ਪੰਪ-ਸੈੱਟ ਮੁਹੱਈਆ ਕਰਵਾਏ ਜਾਣਗੇ ਅਤੇ ਬਾਕੀ 70,000 ਸੋਲਰ ਪੰਪ ਦੂਜੇ ਪੜਾਅ 'ਚ ਦਿੱਤੇ ਜਾਣਗੇ। ਉਨ੍ਹਾਂ ਇਹ ਵੀ ਸਪੱਸਟ ਕੀਤਾ ਕਿ ਡਾਰਕ ਜੋਨਜ (ਧਰਤੀ ਹੇਠਲੇ ਪਾਣੀ ਦੀ ਕਿੱਲਤ ਵਾਲੇ ਖੇਤਰ) ਵਿੱਚ ਇਹ ਸੋਲਰ ਪੰਪ ਉਨ੍ਹਾਂ ਕਿਸਾਨਾਂ ਨੂੰ ਅਲਾਟ ਕੀਤੇ ਜਾਣਗੇ, ਜੋ ਆਪਣੇ ਖੇਤਾਂ ਵਿੱਚ ਫੁਹਾਰਾ ਅਤੇ ਤੁਪਕਾ ਸਿੰਚਾਈ ਪ੍ਰਣਾਲੀ ਦੀ ਵਰਤੋਂ ਕਰ ਰਹੇ ਹਨ। ਹਾਲਾਂਕਿ ਜਿਹੜੇ ਕਿਸਾਨਾਂ ਦੀ ਜਮੀਨ ਡਾਰਕ ਜੋਨ 'ਚ ਨਹੀਂ ਆਉਂਦੀ ਉਨ੍ਹਾਂ ਉੱਤੇ ਫੁਹਾਰਾ ਤੇ ਤੁਪਕਾ ਸਿੰਚਾਈ ਸਿਸਟਮ ਦੀ ਸਰਤ ਲਾਗੂ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸੋਲਰ



ਪੰਪਾਂ ਲਈ 60 ਫੀਸਦੀ ਸਬਸਿਡੀ ਦਿੱਤੀ ਜਾਵੇਗੀ। ਹਲਕਾ ਸਨੌਰ ਦੇ ਸਰਕਾਰੀ ਸਕੂਲਾਂ ਦੀਆਂ ਛੱਤਾਂ 'ਤੇ ਸੋਲਰ ਪੈਨਲ ਲਗਾਉਣ ਸਬੰਧੀ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਵੱਲੋਂ ਪੁੱਛੇ ਸਵਾਲ ਦੇ ਜਵਾਬ 'ਚ ਅਮਨ ਅਰੋੜਾ ਨੇ ਦੱਸਿਆ ਕਿ ਸਨੌਰ ਹਲਕੇ ਦੇ ਸਰਕਾਰੀ ਸਕੂਲਾਂ 'ਚ 75 ਕਿਲੋਵਾਟ ਦੀ ਸਮਰੱਥਾ ਵਾਲੇ 15 ਸੋਲਰ ਰੂਫਟਾਪ ਪੀ. ਵੀ. ਪੈਨਲ ਪਹਿਲਾਂ ਹੀ ਲਗਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਫੰਡਾਂ ਦੀ ਪ੍ਰਵਾਨਗੀ ਤੋਂ ਬਾਅਦ ਹਲਕੇ ਦੇ ਹੋਰ ਸਰਕਾਰੀ ਸਕੂਲਾਂ ਦੀਆਂ ਛੱਤਾਂ 'ਤੇ ਵੀ ਸੋਲਰ ਪੀ. ਵੀ. ਪੈਨਲ ਲਗਾ ਦਿੱਤੇ ਜਾਣਗੇ। ਸਰਕਾਰੀ ਅਤੇ ਅਰਧ-ਸਰਕਾਰੀ ਅਦਾਰਿਆਂ ਨੂੰ ਸੂਰਜੀ ਊਰਜਾ ਅਧੀਨ ਲਿਆਉਣ ਸਬੰਧੀ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਸਵਾਲ ਦੇ ਜਵਾਬ ਵਿੱਚ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਨੇ ਦੱਸਿਆ ਕਿ ਹਸਪਤਾਲਾਂ ਅਤੇ ਸਕੂਲਾਂ ਸਮੇਤ ਸਰਕਾਰੀ ਅਤੇ ਅਰਧ-ਸਰਕਾਰੀ ਸੰਸਥਾਵਾਂ 'ਚ 19.784 ਮੈਗਾਵਾਟ ਦੀ ਸਮਰੱਥਾ ਵਾਲੇ 3355 ਰੂਫਟਾਪ ਸੋਲਰ ਪਾਵਰ ਪਲਾਂਟ ਲਗਾਏ ਗਏ ਹਨ। ਇਸ ਤੋਂ ਇਲਾਵਾ 317 ਸਕੂਲਾਂ 'ਚ 1.8 ਮੈਗਾਵਾਟ ਦੀ ਸਮਰੱਥਾ ਵਾਲੇ ਐਸ. ਪੀ. ਵੀ. ਪਲਾਂਟ ਵੀ ਲਗਾਏ ਜਾ ਰਹੇ ਹਨ। ਇਸ ਦੇ ਨਾਲ ਹੀ ਗਰਿੱਡ ਕੁਨੈਕਟਡ ਰੂਫਟਾਪ ਸੋਲਰ ਪਾਵਰ ਪ੍ਰੋਗਰਾਮ ਦੇ ਦੂਜੇ ਪੜਾਅ ਦਾ ਜ਼ਿੰਮਾ ਪੀ. ਐੱਸ. ਪੀ. ਸੀ. ਐੱਲ. ਨੂੰ ਸੌਂਪਿਆ ਗਿਆ ਹੈ, ਜਿਸ ਵੱਲੋਂ ਸੂਬੇ 'ਚ ਘਰੇਲੂ ਸੈਕਟਰ 'ਚ ਰੂਫਟਾਪ ਸੋਲਰ ਪ੍ਰੋਗਰਾਮ ਲਾਗੂ ਕੀਤਾ ਜਾ ਰਿਹਾ ਹੈ।

## ਹੜ੍ਹ ਰੋਕੂ ਕਮੇਟੀ ਨੇ ਪਾਰਲੀਮੈਂਟ ਮੈਂਬਰਾਂ ਅੱਗੇ ਰੱਖੀ ਸਤਲੁਜ ਦਰਿਆ ਦੀ ਨਿਸ਼ਾਨਦੇਹੀ ਕਰਵਾਉਣ ਦੀ ਮੰਗ

**ਏਜੰਸੀਆਂ**

ਲੋਹੀਆਂ ਖਾਸ 14 ਮਾਰਚ। ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਦੋ ਪਾਰਲੀਮੈਂਟ ਮੈਂਬਰਾਂ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਸ਼ੁਸ਼ੀਲ ਰਿੰਕੂ ਅੱਗੇ ਮੰਗ ਰੱਖੀ ਕਿ ਸਤਲੁਜ ਦਰਿਆ ਦੀ ਨਿਸ਼ਾਨਦੇਹੀ ਕਰਵਾਈ ਜਾਵੇ ਅਤੇ ਧੁੱਸੀ ਬੰਨ੍ਹ ਉਪਰ ਗਿੱਦੜਪਿੰਡੀ ਤੋਂ ਲੈ ਕੇ ਫਿਲੌਰ ਤੱਕ ਪੱਕੀ ਸੜਕ ਬਣਾਈ ਜਾਵੇ। ਇਲਾਕੇ ਦੇ ਲੋਕਾਂ ਨੇ ਇਸ ਮੰਗ ਨੂੰ ਬਾਖੂਬੀ ਉਭਾਰਿਆ ਕਿ ਦਰਿਆ ਅੰਦਰ ਹੋਏ ਨਜ਼ਾਇਜ਼ ਕਬਜ਼ਿਆਂ ਨੂੰ ਉਸੇ ਤਰਜ਼ 'ਤੇ ਹਟਾਇਆ ਜਾਵੇ ਜਿਵੇਂ ਪੰਚਾਇਤੀ ਵਿਭਾਗ ਨਜ਼ਾਇਜ਼ ਕਬਜ਼ਿਆਂ ਨੂੰ ਹਟਾ ਰਿਹਾ ਹੈ। ਲੋਕਾਂ ਨੇ ਇਕਜੁਟਤਾ ਨਾਲ ਕਿਹਾ ਕਿ ਨਜ਼ਾਇਜ਼ ਕਬਜ਼ੇ ਹੀ ਹੜ੍ਹ ਆਉਣ ਦਾ ਮੁੱਖ ਕਾਰਨ ਬਣਦੇ ਆ ਰਹੇ ਹਨ। ਗੱਟਾ ਮੁੰਡੀ ਕਾਸੂ ਧੁੱਸੀ ਬੰਨ੍ਹ 'ਤੇ ਚੱਲ ਰਹੀ ਸ੍ਰੀ ਆਖੰਡ ਪਾਠ ਸਾਹਿਬਾਂ ਦੀ ਲੜੀ ਅਕਾਲ ਪੁਰਖ ਦੇ ਸ਼ੁਕਰਾਨੇ ਨਾਲ ਸਮਾਪਤ ਹੋ ਗਈ ਹੈ। ਇਸ ਲੜੀ ਤਹਿਤ 8 ਪਾਠਾਂ ਦੇ ਭੋਗ ਪਾਏ ਗਏ। ਇਸੇ ਦੌਰਾਨ ਹੜ੍ਹਾਂ ਵਿੱਚ ਮਦਦ ਕਰਨ ਵਾਲੇ 550 ਦੇ ਕਰੀਬ ਲੋਕਾਂ ਨੂੰ ਸਨਮਾਨਿਤ ਕੀਤਾ ਗਿਆ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਲੋਕ ਸਭਾ ਮੈਂਬਰ ਸ਼ੁਸ਼ੀਲ ਕੁਮਾਰ ਰਿੰਕੂ ਨੇ ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਇਹ ਬੜੀਆਂ ਹੀ ਸਪੱਸ਼ਟ ਹਿਦਾਇਤਾਂ ਹਨ ਕਿ



ਦਰਿਆਵਾਂ ਦੇ ਅੰਦਰ ਅਤੇ ਧੁੱਸੀ ਬੰਨ੍ਹ 'ਤੇ ਕਿਸੇ ਵੀ ਤਰ੍ਹਾਂ ਦੇ ਨਜ਼ਾਇਜ਼ ਕਬਜ਼ਿਆਂ ਦਾ ਸਹਿਣ ਨਹੀ ਕੀਤਾ ਜਾਵੇਗਾ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਗਿੱਦੜਪਿੰਡੀ ਤੋਂ ਫਿਲੌਰ ਤੱਕ ਧੁੱਸੀ ਬੰਨ੍ਹ ਲਗਭਗ 80 ਕਿਲੋਮੀਟਰ ਦੇ ਕਰੀਬ ਹੈ। ਇੱਥੇ ਪੱਕੀ ਸੜਕ ਬਣਾਉਣ ਲਈ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਕਈ ਵਾਰ ਪੱਤਰ ਲਿਖਿਆ ਸੀ। ਮੁੱਖ ਮੰਤਰੀ ਪੰਜਾਬ ਵੱਲੋਂ ਪਿਛਲੇ ਸਾਲ 12 ਜੂਨ ਨੂੰ ਪੰਜਾਬ ਭਵਨ ਵਿੱਚ ਮੰਤਰੀ ਪੱਧਰ ਦੀ ਮੀਟਿੰਗ ਕਰਵਾਈ ਗਈ ਸੀ, ਜਿਸ ਵਿੱਚ ਇਹ ਸੜਕ ਬਣਾਉਣ ਲਈ ਕਰੀਬ 118 ਕੋਰੜ ਰੁਪਏ ਖਰਚ ਆਉਣ ਦਾ ਅਨੁਮਾਨ ਲਗਾਇਆ ਗਿਆ ਸੀ। ਸੰਤ ਸੀਚੇਵਾਲ ਨੇ ਕਿਹਾ ਕਿ ਉਹ ਇਹ ਸੜਕ ਬਣਾਉਣ ਲਈ ਸੰਜੀਦੀਗੀ ਨਾਲ ਲੱਗੇ ਹੋਏ ਹਨ। ਜਲੰਧਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਸ਼ੁਸ਼ੀਲ ਰਿੰਕੂ ਨੇ ਕਿਹਾ ਕਿ ਦਰਿਆ ਦੇ ਅੰਦਰਲੇ ਨਜ਼ਾਇਜ਼ ਕਬਜ਼ਿਆਂ ਨੂੰ ਕਿਸੇ ਵੀ ਹੱਦ ਤੱਕ ਸਹਿਣ ਨਹੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਨਜ਼ਾਇਜ਼ ਕਬਜ਼ਾ ਧਾਰੀ ਹਨ ਉਨ੍ਹਾਂ ਦੇ ਕਾਰਨ ਦਰਿਆ ਦੇ ਬਾਹਰ ਬੈਠੇ ਹਜ਼ਾਰਾਂ ਕਿਸਾਨਾਂ ਦੀਆਂ ਜਿੱਥੇ ਫਸਲਾਂ ਬਰਬਾਦ ਹੁੰਦੀਆਂ ਹਨ ਉੱਥੇ ਹੀ ਉਨ੍ਹਾਂ ਦੀ ਜਾਨ ਵੀ ਖਤਰੇ ਵਿੱਚ ਪੈ ਜਾਂਦੀ ਹੈ। ਉਨ੍ਹਾਂ ਸਮਾਗਮ ਵਿੱਚ ਹਾਜ਼ਰ ਸ਼ਾਹਕੋਟ ਡਿਵੀਜ਼ਨ ਦੇ ਐੱਸ.ਡੀ.ਐੱਮ. ਰਿਸ਼ਭ ਬਾਂਸਲ ਨੂੰ ਹਿਦਾਇਤਾਂ ਕੀਤੀਆਂ ਕਿ ਉਹ ਨਜ਼ਾਇਜ਼ ਕਬਜ਼ਿਆਂ ਹਟਾਉਣ ਨੂੰ ਤਰਜੀਹ ਦੇਣ।

## ਭਾਜਪਾ ਨੇ ਜਨਤਾ ਦੀ ਨਬਜ਼ ਟੋਹਣ ਲਈ 13 ਲੋਕ ਸਭਾ ਹਲਕਿਆਂ 'ਚ ਉਤਾਰੀਆਂ ਵੈਨਾਂ : ਸੁਨੀਲ ਜਾਖੜ

**ਏਜੰਸੀਆਂ**

ਚੰਡੀਗੜ੍ਹ 14 ਮਾਰਚ। ਪੰਜਾਬ ਭਾਜਪਾ ਨੇ ਲੋਕ ਸਭਾ ਚੋਣਾਂ ਦੀਆਂ ਵੱਡੇ ਪੱਧਰ 'ਤੇ ਤਿਆਰੀਆਂ ਆਰੰਭ ਦਿੱਤੀਆਂ ਹਨ। ਇਸ ਲੜੀ 'ਚ ਪੰਜਾਬ ਭਾਜਪਾ ਦੇ ਮੁੱਖ ਦਫਤਰ ਤੋਂ ਸਾਰੇ 13 ਲੋਕ ਸਭਾ ਹਲਕਿਆਂ 'ਚ ਪ੍ਰਤੀ ਸੀਟ 2 ਵੈਨਾਂ ਭੇਜੀਆਂ ਗਈਆਂ ਹਨ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਸ ਪ੍ਰਕਿਰਿਆ ਰਾਹੀਂ ਮੋਦੀ ਵੱਲੋਂ ਪੰਜਾਬ ਦੇ ਸਾਰੇ ਸੰਸਦੀ ਹਲਕਿਆਂ ਦੀ ਨਬਜ਼ ਟੋਹ ਕੇ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਸੰਭਾਵਿਤ ਕੰਮ ਕਰਨ ਦੀ ਗਾਰੰਟੀ ਦਿੱਤੀ ਜਾਵੇਗੀ। ਇੰਚਾਰਜ ਸਟੇਟ ਸੈੱਲ ਭਾਜਪਾ ਰੰਜਮ ਕਾਮਰਾ ਨੇ ਦੱਸਿਆ ਕਿ ਹਰ ਵੈਨ 'ਚ ਇਕ ਸੁਝਾਅ ਬਾਕਸ ਹੋਵੇਗਾ। ਇਸ ਦੇ ਨਾਲ ਹੀ ਮਿਸਡ ਕਾਲ ਲਈ ਇਕ ਨੰਬਰ ਹੋਵੇਗਾ, ਜਿਸ 'ਚ ਜਨਤਾ ਦੇ ਸੁਝਾਅ ਰਿਕਾਰਡ ਕੀਤੇ ਜਾਣਗੇ। ਇਸ ਤੋਂ ਇਲਾਵਾ ਵ੍ਹਟਸਐਪ ਨੰਬਰ ਵੀ ਹੋਵੇਗਾ। ਵੈਨ 'ਚ ਪਾਰਟੀ ਦੀਆਂ ਵੱਖ-ਵੱਖ ਯੂਨਿਟਾਂ ਦੇ 2-2 ਨੁਮਾਇੰਦੇ ਵੀ ਹੋਣਗੇ ਤਾਂ ਜੋ ਸਮਝਣ



ਦੀ ਦਿੱਕਤ ਮੌਕੇ 'ਤੇ ਹੀ ਦੂਰ ਕੀਤੀ ਜਾ ਸਕੇ। ਕਾਮਰਾ ਨੇ ਕਿਹਾ ਕਿ ਸੁਝਾਵਾਂ ਨੂੰ ਪੜ੍ਹ ਕੇ ਵਿਸ਼ਲੇਸ਼ਣ ਕੀਤਾ ਜਾਵੇਗਾ। ਸਮੁੱਚੀ ਪ੍ਰਕਿਰਿਆ ਦਾ ਮਕਸਦ ਪੰਜਾਬ ਦੇ ਸਮੂਹ ਨਾਗਰਿਕਾਂ ਦੇ ਮਨਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਸੋਚ ਨੂੰ ਪ੍ਰਮਾਣਿਤ ਕਰਨਾ ਹੈ ਤਾਂ ਜੋ ਭਾਜਪਾ ਦੇ ਚੋਣ ਪ੍ਰਬੰਧਾਂ ਤੇ ਸਰਕਾਰ ਦੇ ਕੰਮਕਾਜ 'ਚ ਮਿਲੇ ਸੁਝਾਵਾਂ ਨੂੰ ਜੋੜ ਕੇ ਵਿਵਹਾਰਕ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਜਾਖੜ ਨੇ ਕਿਹਾ ਕਿ ਜਿਸ ਤਰ੍ਹਾਂ ਵਿਧਾਨ ਸਭਾ 'ਚ ਤਾਲਾਬੰਦੀ ਤੇ ਰੌਲੇ-ਰੱਪੇ ਦਾ ਮਾਹੌਲ ਬਣਿਆ ਹੈ ਅਤੇ 'ਆਪ' ਅਤੇ ਕਾਂਗਰਸ ਦਾ ਜੋ ਸਾਂਝਾ ਡਰਾਮਾ ਜਨਤਾ ਨੇ ਦੇਖਿਆ ਹੈ, ਇਸ ਨਾਲ ਅਸੈਂਬਲੀ ਵਰਗੀ ਜਮਹੂਰੀਅਤ ਦੇ ਮੰਦਰ ਦੀ ਮਰਿਆਦਾ ਨੂੰ ਢਾਹ ਲੱਗੀ ਹੈ। ਇਸ ਮੌਕੇ ਸਾਬਕਾ ਪ੍ਰਦੇਸ਼ ਪ੍ਰਧਾਨ ਸ਼ਵੇਤ ਮਾਲਿਕ, ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ, ਪ੍ਰਦੇਸ਼ ਜਨਰਲ ਸਕੱਤਰ ਪਰਮਿੰਦਰ ਬਰਾੜ, ਸੂਬਾ ਮੀਤ ਪ੍ਰਧਾਨ ਜੈਸਮੀਨ ਸੰਧਾਵਾਲੀਆ ਤੇ ਸਟੇਟ ਮੀਡੀਆ ਇੰਚਾਰਜ ਵਿਨੀਤ ਜੋਸ਼ੀ ਹਾਜ਼ਰ ਸਨ।

# ਕੋਡ ਆਫ ਕੰਡਕਟ ਦੀ ਉਲੰਘਣਾ ਮਾਮਲੇ 'ਚ ਅਚੀਵਰਸ ਗਰੁੱਪ ਦੇ ਸਾਰੇ 12 ਉਮੀਦਵਾਰਾਂ ਨੂੰ ਨੋਟਿਸ ਜਾਰੀ

**ਸਰਦੂਲ ਸਿੰਘ**

ਜਲੰਧਰ 14 ਮਾਰਚ। ਜਲੰਧਰ ਜਿਮਖਾਨਾ ਕਲੱਬ ਦੀਆਂ ਚੋਣਾਂ ਨੂੰ ਲੈ ਕੇ ਕਈ ਸਾਲ ਪਹਿਲਾਂ ਕੋਡ ਆਫ ਕੰਡਕਟ ਤਿਆਰ ਕੀਤਾ ਗਿਆ ਸੀ ਅਤੇ ਉਸ ਨੂੰ ਕਲੱਬ ਦੀ ਏ. ਜੀ. ਐੱਮ. ਵਿਚ ਪਾਸ ਵੀ ਕਰਵਾਇਆ ਗਿਆ ਸੀ। 14 ਮਾਰਚ ਨੂੰ ਹੋਣ ਜਾ ਰਹੀਆਂ ਕਲੱਬ ਚੋਣਾਂ ਲਈ ਵੀ ਕੋਡ ਆਫ ਕੰਡਕਟ ਤਹਿਤ ਹੀ ਸਭ ਕੁਝ ਚੱਲ ਰਿਹਾ ਸੀ। ਕੋਡ ਆਫ ਕੰਡਕਟ ਵਿਚ ਨਿਯਮ ਹੈ ਕਿ ਵੋਟਾਂ ਸ਼ੁਰੂ ਹੋਣ ਤੋਂ 24 ਘੰਟੇ ਪਹਿਲਾਂ ਚੋਣ ਪ੍ਰਚਾਰ ਦਾ ਸਿਲਸਿਲਾ ਬੰਦ ਹੋ ਜਾਵੇਗਾ। ਇਸ ਕੋਡ ਆਫ ਕੰਡਕਟ (ਆਦਰਸ਼ ਚੋਣ ਜਾਬਤਾ) ਦੇ ਉਲੰਘਣ ਦੇ ਮੱਦੇਨਜਰ ਅੱਜ ਸਹਾਇਕ ਰਿਟਰਨਿੰਗ ਅਧਿਕਾਰੀ ਪੁਨੀਤ ਸ਼ਰਮਾ ਨੇ ਅਚੀਵਰਸ ਗਰੁੱਪ ਦੇ ਸਾਰੇ 12 ਉਮੀਦਵਾਰਾਂ ਨੂੰ ਨੋਟਿਸ ਜਾਰੀ ਕੀਤੇ। ਜਾਰੀ ਨੋਟਿਸ ਅਨੁਸਾਰ ਵੱਖ-ਵੱਖ ਅਹੁਦਿਆਂ ਲਈ ਉਮੀਦਵਾਰ ਅਮਿਤ ਕੁਕਰੇਜਾ, ਤਰੁਣ ਸਿੱਕਾ, ਸੌਰਭ ਖੁੱਲਰ, ਸੁਮਿਤ ਸ਼ਰਮਾ, ਸ਼ਾਲਿਨੀ ਕਾਲੜਾ, ਵਿੰਨੀ ਸ਼ਰਮਾ ਧਵਨ, ਮੁਕੇਸ਼ ਮੋਨੂੰ ਪੁਰੀ, ਅਤੁਲ ਤਲਵਾੜ, ਨਿਤਿਨ ਬਹਿਲ, ਹਰਪ੍ਰੀਤ ਸਿੰਘ ਗੋਲਡੀ, ਐੱਮ. ਬੀ. ਬਾਲੀ ਅਤੇ ਕਰਣ ਅਗਰਵਾਲ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਸਹਾਇਕ ਰਿਟਰਨਿੰਗ ਅਧਿਕਾਰੀ ਵੱਲੋਂ ਜਾਰੀ ਨੋਟਿਸ ਮੁਤਾਬਕ ਇਨ੍ਹਾਂ ਉਮੀਦਵਾਰਾਂ ਖ਼ਿਲਾਫ ਸ਼ਿਕਾਇਤ ਮਿਲੀ ਸੀ ਕਿ ਉਨ੍ਹਾਂ ਵੋਟਿੰਗ ਤੋਂ 24 ਘੰਟੇ ਪਹਿਲਾਂ ਚੋਣ ਪ੍ਰਚਾਰ 'ਤੇ ਲੱਗੀ ਪਾਬੰਦੀ ਦੀ ਉਲੰਘਣਾ ਕੀਤੀ ਹੈ। ਨੋਟਿਸ ਮੁਤਾਬਕ ਵੋਟਿੰਗ 14 ਮਾਰਚ ਨੂੰ ਸਵੇਰੇ 8 ਵਜੇ ਸ਼ੁਰੂ ਹੋਣੀ ਸੀ, ਜਿਸ ਦੇ ਮੁਤਾਬਕ 9 ਮਾਰਚ ਨੂੰ ਸਵੇਰੇ 8 ਵਜੇ ਪ੍ਰਚਾਰ ਬੰਦ ਕਰ ਦਿੱਤਾ ਗਿਆ ਸੀ। ਜਾਰੀ ਨੋਟਿਸ ਅਨੁਸਾਰ ਇਨ੍ਹਾਂ ਉਮੀਦਵਾਰਾਂ ਨੇ ਚੋਣ ਜਾਬਤੇ ਦਾ ਉਲੰਘਣ ਕਰਦੇ ਹੋਏ ਆਪਣੀ ਚੋਣ ਮੁਹਿੰਮ ਜਾਰੀ ਰੱਖੀ ਅਤੇ ਵੋਟਰਾਂ ਨੂੰ ਖਾਣੇ ਦਾ ਸੱਦਾ ਦੇਣ ਸਬੰਧੀ ਸੱਦਾ-ਪੱਤਰ ਵੰਡੇ ਗਏ, ਜੋ ਚੋਣ ਜਾਬਤੇ ਦਾ ਉਲੰਘਣ ਹੈ। ਜਾਰੀ ਨੋਟਿਸ ਅਨੁਸਾਰ ਸਬੰਧਤ ਧਿਰਾਂ ਨੂੰ ਇਸ ਸਬੰਧ ਵਿਚ ਜਵਾਬ ਦਾਖਲ ਕਰਨ ਦਾ ਹੁਕਮ ਦਿੱਤਾ ਗਿਆ ਹੈ। ਸਹਾਇਕ ਰਿਟਰਨਿੰਗ ਅਫਸਰ ਨੇ ਕਿਹਾ ਕਿ ਚੋਣ ਜਾਬਤੇ ਦਾ ਉਲੰਘਣ ਕਰਨ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਆਦਰਸ਼ ਚੋਣ ਜਾਬਤੇ ਦਾ ਉਲੰਘਣ ਕਰਕੇ ਆਯੋਜਿਤ ਪ੍ਰੋਗਰਾਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਤਾਂ ਕਿ ਚੋਣ ਪ੍ਰਕਿਰਿਆ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਪੂਰੀ ਕੀਤੀ ਜਾ ਸਕੇ। ਜ਼ਿਕਰਯੋਗ ਹੈ ਕਿ ਅੱਜ ਸਵੇਰ ਤੋਂ ਹੀ ਵ੍ਹਟਸਐਪ ਗਰੁੱਪਾਂ ਵਿਚ ਇਕ ਇਨਵੀਟੇਸ਼ਨ ਕਾਰਡ ਪਾਇਆ ਜਾਣ ਲੱਗਾ, ਜਿਸ ਵਿਚ ਸਾਫ ਲਿਖਿਆ ਸੀ ਕਿ ਅਚੀਵਰਸ ਗਰੁੱਪ ਦੇ ਸਮਰਥਨ ਵਿਚ ਕਲੱਬ ਕਬਾਨਾ ਵਿਚ ਸ਼ਨੀਵਾਰ ਰਾਤੀਂ ਇਕ ਪਾਰਟੀ ਆਯੋਜਿਤ ਕੀਤੀ ਜਾਵੇਗੀ। ਇਸ ਇਨਵੀਟੇਸ਼ਨ ਕਾਰਡ ਦੇ ਖ਼ਿਲਾਫ ਪ੍ਰੋਗਰੈਸਿਵ ਗਰੁੱਪ ਦੀ ਟੀਮ ਨੇ ਚੋਣ ਪ੍ਰਕਿਰਿਆ ਨਾਲ ਜੁੜੇ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਦਿੱਤੀ, ਜਿਸ ਤੋਂ ਬਾਅਦ ਇਹ ਕਾਰਵਾਈ ਹੋਈ। ਸ਼ਿਕਾਇਤ ਵਿਚ ਸਬੂਤ ਦਿੱਤੇ ਗਏ ਕਿ ਅਚੀਵਰਸ ਦੇ ਵਧੇਰੇ ਉਮੀਦਵਾਰਾਂ ਨੇ ਆਪਣੇ-ਆਪਣੇ ਸਮਰਥਕਾਂ ਨੂੰ ਇਹੀ ਇਨਵੀਟੇਸ਼ਨ ਕਾਰਡ ਫਾਰਵਰਡ ਕੀਤੇ ਅਤੇ ਇਨ੍ਹਾਂ ਨੂੰ ਗਰੁੱਪਾਂ ਵਿਚ ਵੀ ਪਾਇਆ ਗਿਆ। ਕਈ ਉਮੀਦਵਾਰ ਤਾਂ ਇਹ ਦਲੀਲ ਦਿੰਦੇ ਦਿਸੇ ਕਿ ਪਾਰਟੀ ਜਲੰਧਰ ਤੋਂ ਬਾਅਦ ਯਾਨੀ ਕਪੂਰਥਲਾ ਇਲਾਕੇ ਵਿਚ ਹੋ ਰਹੀ ਹੈ, ਇਸ ਲਈ



ਉਥੇ ਕੋਡ ਆਫ ਕੰਡਕਟ ਲਾਗੂ ਨਹੀਂ ਹੁੰਦਾ। ਦੂਜੇ ਗਰੁੱਪ ਦਾ ਇਤਰਾਜ ਸੀ ਕਿ ਕਪੂਰਥਲਾ, ਫਗਵਾੜਾ ਅਤੇ ਹੋਰਨਾਂ ਸ਼ਹਿਰਾਂ ਵਿਚ ਵੀ ਜਿਮਖਾਨਾ ਦੇ ਮੈਂਬਰ ਹਨ, ਇਸ ਲਈ ਵੋਟਿੰਗ ਤੋਂ ਇਕ ਰਾਤ ਪਹਿਲਾਂ ਕੋਈ ਪਾਰਟੀ ਆਯੋਜਿਤ ਨਹੀਂ ਕੀਤੀ ਜਾ ਸਕਦੀ। ਪਤਾ ਲੱਗਾ ਹੈ ਕਿ ਸ਼ਨੀਵਾਰ ਸ਼ਾਮੀਂ ਅਚੀਵਰਸ ਗਰੁੱਪ ਦੇ ਉਮੀਦਵਾਰ ਨੇ ਆਪਣੇ-ਆਪਣੇ ਜਵਾਬ ਰਿਟਰਨਿੰਗ ਅਫਸਰ ਸਾਹਮਣੇ ਦਾਇਰ ਵੀ ਕਰ ਦਿੱਤੇ, ਜਿਨ੍ਹਾਂ ਵਿਚ ਕਿਹਾ ਗਿਆ ਕਿ ਕਲੱਬ ਕਬਾਨਾ ਵਿਚ ਹੋ ਰਹੀ ਪਾਰਟੀ ਦਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ ਅਤੇ ਨਾ ਹੀ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਹੈ। ਦੇਰ ਸ਼ਾਮ ਇਸ ਮਾਮਲੇ ਵਿਚ ਇਕ ਹੋਰ ਨਾਟਕੀ ਘਟਨਾਕ੍ਰਮ ਜੁੜਿਆ, ਜਦੋਂ ਇਸ ਪਾਰਟੀ ਦੇ ਪ੍ਰਬੰਧਕ ਤਰਵਿੰਦਰ ਰਾਜੂ, ਨਿਤਿਨ, ਪ੍ਰਵੀਨ ਕੁਮਾਰ ਆਦਿ ਨੇ ਇਹ ਪ੍ਰਚਾਰ ਕਰ ਦਿੱਤਾ ਕਿ ਕਲੱਬ ਕਬਾਨਾ ਵਿਚ ਹੋ ਰਹੀ ਪਾਰਟੀ ਉਨ੍ਹਾਂ ਦੀ ਨਿੱਜੀ ਪਾਰਟੀ ਹੈ, ਅਚੀਵਰਸ ਗਰੁੱਪ ਦੀ ਨਹੀਂ ਹੈ। ਪ੍ਰੋਗਰੈਸਿਵ ਗਰੁੱਪ ਵੱਲੋਂ ਐਗਜੀਕਿਊਟਿਵ ਪੋਸਟ ਦੇ ਉਮੀਦਵਾਰ ਸੁਮਿਤ ਰਲਹਨ ਦੀ ਪ੍ਰਚਾਰ ਮੁਹਿੰਮ ਨੂੰ ਉਸ ਸਮੇਂ ਭਾਰੀ ਸਮਰਥਨ ਮਿਲਿਆ, ਜਦੋਂ ਅਗਰਵਾਲ ਸਮਾਜ ਨਾਲ ਜੁੜੀ ਅਗਰਵਾਲ ਸਭਾ ਦੇ ਅਹੁਦੇਦਾਰਾਂ ਨੇ ਸੁਮਿਤ ਰਲਹਨ ਨੂੰ ਆਪਣਾ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ। ਜ਼ਿਕਰਯੋਗ ਹੈ ਕਿ ਅਗਰਵਾਲ ਸਮਾਜ ਦੇ ਕਾਫੀ ਮੈਂਬਰ ਜਿਮਖਾਨਾ ਕਲੱਬ ਦੇ ਮੈਂਬਰ ਅਤੇ ਵੋਟਰ ਹਨ। ਇਸ ਸਬੰਧ ਵਿਚ ਹੋਈ ਮੀਟਿੰਗ ਦੌਰਾਨ ਅਗਰਵਾਲ ਸਭਾ ਦੇ ਪ੍ਰਧਾਨ ਸੁਭਾਸ਼ ਅਗਰਵਾਲ, ਚੇਅਰਮੈਨ ਐਡਵੋਕੇਟ ਕੇ. ਸੀ. ਗੁਪਤਾ, ਜਨਰਲ ਸੈਕਟਰੀ ਅਮਿਤ ਗੁਪਤਾ, ਰਾਜੀਵ ਗੁਪਤਾ, ਸੀ. ਏ. ਸਲਿਲ ਗੁਪਤਾ ਆਦਿ ਮੌਜੂਦ ਰਹੇ। ਇਸੇ ਵਿਚਕਾਰ ਹਿੰਦੀ ਮਿਲਾਪ ਦੇ ਮੁੱਖ ਸੰਪਾਦਕ ਵਿਸ਼ਾਲ ਸੂਰੀ ਨੇ ਕਿਹਾ ਕਿ ਸੁਮਿਤ ਰਲਹਨ ਨੂੰ ਸਮਾਜ ਦੇ ਵੱਖ-ਵੱਖ ਵਰਗਾਂ ਦਾ ਸਮਰਥਨ ਪ੍ਰਾਪਤ ਹੋ ਰਿਹਾ ਹੈ, ਇਸ ਲਈ ਉਨ੍ਹਾਂ ਦੀ ਜਿੱਤ ਯਕੀਨੀ ਲੱਗ ਰਹੀ ਹੈ। ਵਿਸ਼ਾਲ ਸੂਰੀ ਨੇ ਦੱਸਿਆ ਕਿ ਸੁਮਿਤ ਫੂਡ ਅਤੇ ਬ੍ਰੇਵਰੀਜ ਇੰਡਸਟਰੀ ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਹਨ ਅਤੇ ਉਨ੍ਹਾਂ ਦਾ ਤਜਰਬਾ ਕਲੱਬ ਨੂੰ ਚਲਾਉਣ ਵਿਚ ਕੰਮ ਆਵੇਗਾ। ਜਲੰਧਰ ਦੀ ਵਿਸ਼ਵ ਪ੍ਰਸਿੱਧ ਸਪੋਰਟਸ ਇੰਡਸਟਰੀ ਨੇ ਅਚੀਵਰਸ ਗਰੁੱਪ ਵੱਲੋਂ ਜੁਆਇੰਟ ਸੈਕਟਰੀ ਪੋਸਟ ਦੇ ਉਮੀਦਵਾਰ ਸੁਮਿਤ ਸ਼ਰਮਾ ਨੂੰ ਆਪਣਾ ਪੂਰਾ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਸਪੋਰਟਸ ਇੰਡਸਟਰੀ ਨਾਲ ਜੁੜੇ ਸੀਨੀਅਰ ਮੈਂਬਰ ਪ੍ਰਾਣ ਨਾਥ ਚੱਢਾ ਨੇ ਦੱਸਿਆ ਕਿ ਸੁਮਿਤ ਸ਼ਰਮਾ ਸਪੋਰਟਸ ਇੰਡਸਟਰੀ ਦਾ ਬੇਟਾ ਹੈ ਅਤੇ ਸਾਰੀ ਸਪੋਰਟਸ ਇੰਡਸਟਰੀ ਉਸਦੇ ਨਾਲ ਹੈ। ਜ਼ਿਕਰਯੋਗ ਹੈ ਕਿ ਸੁਮਿਤ ਸ਼ਰਮਾ ਨੇ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਸਪੋਰਟਸ ਇੰਡਸਟਰੀ ਨਾਲ ਜੁੜੇ ਕੱਦਾਵਰ ਆਗੂਆਂ ਅਜੈ ਮਹਾਜਨ, ਰਾਕੇਸ਼ ਕੁਮਾਰ, ਨਿਤਿਨ, ਅਨੁਰਾਗ ਚੱਢਾ, ਪ੍ਰਾਣ ਚੱਢਾ, ਸੰਜੇ ਕੋਹਲੀ, ਆਸ਼ੀਸ਼ ਆਨੰਦ, ਅਖਿਲ ਆਨੰਦ, ਨਿਖਿਲ ਮਹਾਜਨ, ਵਿਸ਼ਾਲ ਮਹਾਜਨ, ਗੌਰਵ ਸਿੰਗਲਾ, ਮਹੇਸ਼ ਚੱਢਾ, ਮਨੀਸ਼ ਕੋਹਲੀ, ਅਲਕੇਸ਼ ਕੋਹਲੀ, ਰਾਜਨ ਕੋਹਲੀ ਆਦਿ ਨੂੰ ਨਾਲ ਲੈ ਕੇ ਵੋਟਰਾਂ ਨਾਲ ਡੋਰ-ਟੂ-ਡੋਰ ਸੰਪਰਕ ਵੀ ਕੀਤਾ। ਸਪੋਰਟਸ ਇੰਡਸਟਰੀ ਨਾਲ ਜੁੜੇ ਇਨ੍ਹਾਂ ਉਦਯੋਗਪਤੀਆਂ ਅਤੇ ਬਰਾਮਦਕਾਰਾਂ ਨੇ ਕਿਹਾ ਕਿ ਸੁਮਿਤ ਸ਼ਰਮਾ ਨੇ ਛੋਟੀ ਉਮਰ ਵਿਚ ਹੀ ਬਿਜਨੈੱਸ ਮੈਨੇਜਮੈਂਟ ਵਿਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਹੈ। ਇਸੇ ਵਿਚਕਾਰ ਸੀ. ਟੀ. ਗਰੁੱਪ ਦੇ ਮਨਬੀਰ ਚੰਨੀ ਅਤੇ ਹਰਪ੍ਰੀਤ ਸਿੰਘ, ਭਾਜਪਾ ਆਗੂ ਅਮਿਤ ਤਨੇਜਾ ਅਤੇ ਵ੍ਹੀਲਕੇਅਰ ਤੋਂ ਗਗਨ ਧਵਨ ਨੇ ਵੀ ਸੁਮਿਤ ਸ਼ਰਮਾ ਦੇ ਖੁੱਲ੍ਹੇ ਸਮਰਥਨ ਦਾ ਐਲਾਨ ਕੀਤਾ।